AMAN TRAVEL
SPECIAL FARES TO DELHI & AMRITSAR | LAST MINUTE DEALS AVAILABLE

ਅਮਨ ਟਰੈਵਲ
Gaurav Gupta
905.796.3535
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ

TICO # 50022741
or Visit us at:
218 Kingknoll Dr.,
Brampton,
ON L6Y 4X4

## ਟੋਰਾਂਟੋ ਸਿਟੀ ਕਾਊਂਸਲ ਨੇ ਮੇਅਰ ਦੀਆਂ ਐਮਰਜੰਸੀ ਸ਼ਕਤੀਆਂ ਵਿੱਚ ਕੀਤਾ ਵਾਧਾ



ਟੋਰਾਂਟੋ, 30 ਅਪਰੈਲ (ਪੋਸਟ ਬਿਊਰੋ) : ਚੱਲ ਰਹੀ ਕੋਵਿਡ-19 ਮਹਾਮਾਰੀ ਦੌਰਾਨ ਟੋਰਾਂਟੋ ਸਿਟੀ ਕਾਉਂਸਲ ਵੱਲੋਂ ਵੋਟ ਕਰਕੇ ਸਰਬਸੰਮਤੀ ਨਾਲ ਮੇਅਰ ਜੌਹਨ ਟੋਰੀ ਦੀਆਂ ਐਮਰਜੰਸੀ ਸ਼ਕਤੀਆਂ ਵਿੱਚ ਵਾਧਾ ਕੀਤਾ ਗਿਆ।

ਸਿਟੀ ਕਾਉਂਸਲਰਜ਼ ਵੱਲੋਂ ਫਿਜ਼ੀਕਲ ਡਿਸਟੈਂਸਿੰਗ ਨਿਯਮਾਂ ਵਿੱਚ ਵੀ ਵਾਧਾ ਕੀਤਾ ਗਿਆ। ਇਹ ਨਿਯਮ ਇਸ ਸਮੇਂ ਮਿਉਂਸਪਲ ਐਮਰਜੰਸੀ ਵੇਲੇ ਸਿਟੀ ਦੇ ਪਾਰਕਸ ਤੇ ਜਨਤਕ ਥਾਂਵਾਂ ਉੱਤੇ ਲਾਗੂ ਹਨ। ਇਹ ਮਤਾ ਵੀਰਵਾਰ ਨੂੰ ਕਾਉਂਸਲਰਜ਼ ਦੀ ਹੋਈ ਸਪੈਸ਼ਲ ਮੀਟਿੰਗ ਵਿੱਚ ਪਾਸ ਕੀਤਾ ਗਿਆ। ਇਹ ਮੀਟਿੰਗ ਆਨਲਾਈਨ ਵੀਡੀਓ ਕਾਨਫਰੰਸਿੰਗ ਪਲੇਟਫਾਰਮ ਦੀ ਵਰਤੋਂ ਕਰਦਿਆਂ ਕੀਤੀ ਗਈ। ਅਜਿਹਾ ਪਹਿਲੀ ਵਾਰੀ ਹੋਇਆ ਹੈ ਕਿ ਕੈਨੇਡਾ ਦੇ ਸੱਭ ਤੋਂ ਵੱਧ ਆਬਾਦੀ ਵਾਲੇ ਸਿਟੀ ਦੇ ਕਾਉਂਸਲਰਾਂ ਨੇ ਵਰਚੂਅਲੀ ਮੀਟਿੰਗ ਕੀਤੀ ਹੋਵੇ।

ਸਿਟੀ ਵੱਲੋਂ ਜਾਰੀ ਕੀਤੇ ਬਿਆਨ ਵਿੱਚ ਆਖਿਆ ਗਿਆ ਕਿ ਇਸ ਵਾਧੇ ਨਾਲ ਇਹ ਯਕੀਨੀ ਬਣਾਇਆ ਜਾਵੇਗਾ ਕਿ ਕਿਸੇ ਤਰ੍ਹਾਂ ਦੇ ਐਮਰਜੰਸੀ ਵਾਲੇ ਹਾਲਾਤ ਵਿੱਚ ਮਿਉਂਸਪਲ ਸਰਕਾਰ ਤੇਜ਼ੀ ਨਾਲ ਪ੍ਰਤੀਕਿਰਿਆ ਦੇਣਾ ਜਾਰੀ ਰੱਖੇਗੀ। ਇਸ ਦੇ ਨਾਲ ਹੀ ਸਿਟੀ ਤੇ ਹੋਰਨਾਂ ਕੰਮਕਾਜ ਦਾ ਧਿਆਨ ਵੀ ਰੱਖਣ ਤੇ ਰਿਕਵਰੀ ਲਈ ਯੋਜਨਾ ਤਿਆਰ ਕਰਨ ਦੇ ਨਾਲ ਨਾਲ ਸਾਰੇ ਸਥਾਨਕ ਵਾਸੀਆਂ ਦੀ ਸਿਹਤ ਦੀ ਹਿਫਾਜ਼ਤ ਵੀ ਕਰੇਗੀ।

## 407 ਈਟੀਆਰ ਦਾਨ ਕਰੇਗੀ 4 ਮਿਲੀਅਨ ਡਾਲਰ

ਟੋਰਾਂਟੋ, 30 ਅਪਰੈਲ (ਪੋਸਟ ਬਿਊਰੋ) : 407 ਈਟੀਆਰ ਵੱਲੋਂ ਦਰਹਾਮ, ਹਾਲਟਨ, ਹੈਮਿਲਟਨ, ਪੀਲ, ਟੋਰਾਂਟੋ ਤੇ ਯੌਰਕ ਵਿੱਚ ਯੂਨਾਇਟਿਡ ਵੇਅਜ਼ ਨੈੱਟਵਰਕ ਆਫ ਏਜੰਸੀਜ਼ ਲਈ ਅਗਲੇ ਤਿੰਨ ਸਾਲਾਂ ਵਿੱਚ 4 ਮਿਲੀਅਨ ਡਾਲਰ ਡੋਨੇਸ਼ਨ ਵਜੋਂ ਦੇਣ ਦਾ ਤਹੱਈਆ ਪ੍ਰਗਟਾਇਆ ਗਿਆ ਹੈ।

407 ਈਟੀਆਰ ਦਾ ਮੁੱਖ ਟੀਚਾ ਜੀਟੀਐਚਏ ਦੇ ਕਮਜ਼ੋਰ ਲੋਕਾਂ ਤੇ ਪਰਿਵਾਰਾਂ ਦੀ ਮੌਜੂਦਾ ਹਾਲਾਤ ਤੇ ਆਉਣ ਵਾਲੇ ਸਮੇਂ ਵਿੱਚ ਮਦਦ ਕਰਨਾ ਹੈ। 407 ਈਟੀਆਰ ਕਮਿਊਨਿਟੀਜ਼ ਦੀ ਮਦਦ ਕਰਨ ਲਈ ਤੇ ਹਸਪਤਾਲਾਂ ਦੀ ਸਹਾਇਤਾ ਲਈ 5.2 ਮਿਲੀਅਨ ਡਾਲਰ ਡੋਨੇਸ਼ਨ ਵਜੋਂ ਦੇਵੇਗੀ।

407 ਈਟੀਆਰ ਵੱਲੋਂ ਆਪਣੇ ਕਸਟਮਰਜ਼, ਸ਼ੇਅਰਧਾਰਕਾਂ ਤੇ ਇੰਪਲਾਈਜ਼ ਦੇ ਪੱਖ ਉੱਤੇ ਇਸ ਦੀ ਪੁਸ਼ਟੀ ਕੀਤੀ ਗਈ ਕਿ ਉਹ 5.2 ਮਿਲੀਅਨ ਡਾਲਰ ਦੀ ਇਹ ਰਕਮ ਕਮਿਊਨਿਟੀਜ਼ ਤੇ ਹਸਪਤਾਲਾਂ ਦੀ ਮਦਦ ਕਰਨ ਲਈ ਹੀ ਖਰਚੇਗੀ।

ਇੱਥੇ ਦੱਸਣਾ ਬਣਦਾ ਹੈ ਕਿ ਕਈ ਸਾਲਾਂ ਤੱਕ 407 ਈਟੀਆਰ ਕਈ ਹਸਪਤਾਲਾਂ ਦੀ ਵਿੱਤੀ ਮਦਦ ਕਰਦੀ ਰਹੀ ਹੈ। ਮਹਾਮਾਰੀ ਕਾਰਨ ਹੈਲਥ ਕੇਅਰ ਸਿਸਟਮ ਦੀ ਵਧੀ ਹੋਈ ਮੰਗ ਨੂੰ ਦੇਖਦਿਆਂ ਹੋਇਆਂ ਕੰਪਨੀ ਨੇ 1.2 ਮਿਲੀਅਨ ਡਾਲਰ ਹਸਪਤਾਲਾਂ ਨੂੰ ਦੇਣ ਦਾ ਫੈਸਲਾ ਕੀਤਾ ਹੈ। ਇਨ੍ਹਾਂ ਹਸਪਤਾਲਾਂ ਦੀ ਮਦਦ ਕੰਪਨੀ ਵੱਲੋਂ ਪਹਿਲਾਂ ਵੀ ਕੀਤੀ ਜਾ ਚੁੱਕੀ ਹੈ। ਕੰਪਨੀ 24 ਹਸਪਤਾਲਾਂ ਵਿੱਚੋਂ ਹਰੇਕ ਨੂੰ 50,000 ਡਾਲਰ ਦੇਵੇਗੀ ਜਿਸ ਨਾਲ ਉਹ ਪਰਸਨਲ ਪ੍ਰੋਟੈਕਟਿਵ ਇਕਿਉਪਮੈਂਟ, ਪੇਸ਼ੈਂਟ ਕ੍ਰਿਟੀਕਲ ਕੇਅਰ ਇਕਿਉਪਮੈਂਟ ਤੇ ਲੋੜ ਮੁਤਾਬਕ ਹੋਰ ਸਮਾਨ ਖਰੀਦ ਸਕਣਗੇ। ਜਿਨ੍ਹਾਂ ਹਸਪਤਾਲਾਂ ਨੂੰ 50,000 ਡਾਲਰ ਦੀ ਇਹ ਮਦਦ ਮਿਲੇਗੀ ਉਨ੍ਹਾਂ ਵਿੱਚ ਹੇਠ ਲਿਖੇ ਹਸਪਤਾਲ ਸ਼ਾਮਲ ਹਨ :

1. Ajax Pickering Hospital
2. CAMH Hospital
3. McMaster Hospital
4. Humber River Hospital
5. Joseph Brant Hospital
6. Lakeridge Oshawa Hospital
7. Mackenzie Health
8. Markham Stouffville Hospital
9. Michael Garron Hospital
10. Milton District Hospital
11. North York General
12. Oakville Hospital
13. Ontario Shores Mental Health
14. Scarborough General
15. SickKids
16. Southlake Regional Health Centre
17. St. Michael's Hospital
18. St. John's Rehab
19. Sunnybrook Hospital
20. Toronto General
21. Toronto Western
22. Credit Valley Hospital
23. Brampton Civic Hospital
24. Etobicoke General

SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill
(MBA,LL.B.)
Tel: 905-790-3636


2565 Steeles Ave E Unit #20, Brampton, ON L6T 4L6

Emergency Contact:
416.910.5676
www.shergilllawfirm.ca

## ਸੁਪਰੀਮ ਕੋਰਟ ਦਾ ਹੁਕਮ: ਦਾਖਲਿਆਂ ਦਾ ਫੈਸਲਾ ਘੱਟ ਗਿਣਤੀਆਂ ਦੇ ਕਾਲਜਾਂ ਉੱਤੇ ਵੀ ਲਾਗੂ ਹੋਵੇਗਾ

ਨਵੀਂ ਦਿੱਲੀ, 30 ਅਪਰੈਲ, (ਪੋਸਟ ਬਿਊਰੋ)- ਭਾਰਤ ਵਿਚ ਮੈਡੀਕਲ ਅਤੇ ਡੈਂਟਲ ਕੋਰਸ ਵਿਚ ਦਾਖਲੇ ਲਈ ਨੀਟ ਨਾਲ ਹੀ ਦਾਖਲਾ ਟੈੱਸਟ ਹੋਵੇਗਾ। ਇਸ ਬਾਰੇ ਸੁਪਰੀਮ ਕੋਰਟ ਨੇ ਅੱਜ ਆਪਣੇ ਹੁਕਮਾਂ ਵਿਚ ਕਿਹਾ ਕਿ ਐਮ ਬੀ ਬੀ ਐਸ, ਐਮ ਡੀ ਅਤੇ ਡੈਂਟਲ ਕੋਰਸਾਂ ਵਿਚ ਦਾਖਲੇ ਦੇ ਇਸ ਹੁਕਮ ਵਿੱਚ ਘੱਟ ਗਿਣਤੀ ਸੰਸਥਾਵਾਂ ਵੀ ਸ਼ਾਮਲ ਹਨ ਤੇ ਇਸ ਵਿੱਚ ਘੱਟ ਗਿਣਤੀਆਂ ਦੇ ਸੰਵਿਧਾਨਿਕ ਅਧਿਕਾਰਾਂ ਵਿਚ ਦਖਲ ਦਾ ਕੋਈ ਮਾਮਲਾ ਨਹੀਂ ਬਣਦਾ। ਜਸਟਿਸ ਅਰੁਣ ਮਿਸ਼ਰਾ, ਜਸਟਿਸ ਵਿਨੀਤ ਸ਼ਰਣ ਅਤੇ ਜਸਟਿਸ ਐਸ ਆਰ ਸ਼ਾਹ ਦੀ ਬੈਂਚ ਨੇ ਅੱਜ ਇਕ ਕੇਸ ਦੀ ਸੁਣਵਾਈ ਦੌਰਾਨ ਕਿਹਾ ਕਿ ਆਲ ਇੰਡੀਆ ਐਂਟਰੈਂਸ ਟੈੱਸਟ (ਨੀਟ) ਦੇ ਨਾਲ ਹੀ ਮੈਡੀਕਲ ਤੇ ਡੈਂਟਲ ਕੋਰਸਾਂ ਵਿਚ ਦਾਖਲੇ ਦਾ ਜਿਹੜਾ ਫੈਸਲਾ ਲਿਆ ਗਿਆ ਹੈ, ਉਹ ਇਸ ਵਿਚ ਭ੍ਰਿਸ਼ਟਾਚਾਰ ਖਤਮ ਕਰਨ ਲਈ ਹੈ। ਐਡਮਿਸ਼ਨ ਦੀ ਇਹ ਪਰਕਿਰਿਆ ਇਕੋ ਜਿਹੀ ਹੋਵੇਗੀ। ਅਦਾਲਤ ਨੇ ਇਹ ਦਲੀਲ ਰੱਦ ਕਰ ਦਿੱਤੀ ਕਿ ਨੀਟ ਪ੍ਰਾਈਵੇਟ ਸੰਸਥਾਵਾਂ ਦੇ ਵਪਾਰ ਤੇ ਕਾਰੋਬਾਰ ਦੇ ਸੰਵਿਧਾਨਕ ਵਿਚ ਦਖਲ ਦਿੰਦਾ ਹੈ। ਕੋਰਟ ਨੇ ਕਿਹਾ ਕਿ ਵਿਦਿਆਰਥੀ ਦੇ ਹਿੱਤ ਵਿਚ ਇਹੋ ਹੈ ਕਿ ਯੋਗ ਬੱਚਿਆਂ ਨੂੰ ਅੱਗੇ ਲਾਇਆ ਜਾਵੇ ਅਤੇ ਉਨ੍ਹਾਂ ਨੂੰ ਮਾਨਤਾ ਮਿਲੇ। ਇਸ ਲਈ ਇੱਕੋ ਜਿਹੀ ਦਾਖਲਾ ਪ੍ਰੀਖਿਆ ਹੀ ਠੀਕ ਹੋ ਸਕਦੀ ਹੈ ਅਤੇ ਇਸੇ ਲਈ ਮੈਡੀਕਲ ਤੇ ਡੈਂਟਲ ਕੋਰਸ ਵਿਚ ਦਾਖਲੇ ਲਈ ਨੀਟ ਦਾ ਤਰੀਕਾ ਠੀਕ ਹੈ। ਸੁਪਰੀਮ ਕੋਰਟ ਨੇ ਕਿਹਾ ਕਿ ਵਿਦਿਅਕ ਸੰਸਥਾਵਾਂ ਦੇ ਵਪਾਰੀਕਰਨ ਉੱਤੇ ਲਗਾਮ ਲਈ ਯੂਨੀਫਾਰਮ ਐਂਟਰੈਂਸ ਟੈਸਟ, ਨੀਟ ਬਹੁਤ ਜ਼ਰੂਰੀ ਹੈ ਅਤੇ ਇਸ ਵਿਚ ਕੋਈ ਵੀ ਵਿਤਕਰਾ ਨਹੀਂ ਹੋਣਾ ਚਾਹੀਦਾ ਤੇ ਮੈਰਿਟ ਉੱਤੇ ਮੌਕਾ ਮਿਲਣਾ ਚਾਹੀਦਾ ਹੈ।

ASIAN FOOD CENTRE

FRESH & LARGE VARIETY
Bread , Derry & Eggs | Fruits & Vegetables | Sweet & Samosas
Branded Foods | Beverages & Confectionery | Grocery & Staples
VEGETARIAN FOOD
HEALTHY EATING

SERVING FROM 10 LOCATIONS IN ALL THE GTA AREA:
10 Westmore Drive
Etobicoke ON M9V-3Z7
416-740-3262
2120 North park Drive
Brampton ON L6S 0C9
905-793-1338
10510 Torbram Road,
Brampton
905-790-0030
308 Eddystone Ave
North York ON M3N-1H7
416-740-3360
621 Wanless drive, # 122
Brampton ON L7A 0A9
905-495-3336
284 Orenda Road #13
Brampton ON L6T 5S3
905-450-9167
10 Pannahill Dr,
Brampton
905 913-8017
80 Pertosa Drive
Brampton ON L5X-5E9
905-460-0009
1075 Ceremonial Drive
Mississauga ON L5R 2Z4
905-502-1600
21 Lacoste Blvd,
Brampton, ON L6P 2K2
905 794-8109

## ਅੱਜ ਨਾਮਾ

ਲੱਗਦਾ ਜਦੋਂ ਸੀ ਸੰਕਟ ਹੈ ਘਟਣ ਲੱਗਾ,
ਕਰ 'ਤੀ ਸੰਕਟ ਨੇ ਤੇਜ਼ ਰਫਤਾਰ ਬੇਲੀ।
ਸ਼ਰਧਾਲੂ ਆਏ ਨਾਂਦੇੜ ਤੋਂ ਕੱਲ੍ਹ ਜਿਹੜੇ,
ਨਿਕਲੇ ਉਨ੍ਹਾਂ 'ਚੋਂ ਬਹੁਤ ਬਿਮਾਰ ਬੇਲੀ।
ਜ਼ਿਲੇ ਵਾਲੇ ਵੀ ਅਫਸਰ ਸੀ ਰਹੇ ਢਿੱਲੇ,
ਚੌਕਸ ਰਹੀ ਨਹੀਂ ਰਾਜ ਸਰਕਾਰ ਬੇਲੀ।
ਹੋਏ ਪਹਿਲੇ ਹੀ ਕੇਸ ਨਹੀਂ ਠੀਕ ਸੀਗੇ,
ਨਵੇਂ ਕੇਸਾਂ ਦਾ ਪਿਆ ਇਹ ਭਾਰ ਬੇਲੀ।
ਪਹਿਲੀ ਢਿੱਲ ਆ ਡਾਢੀ ਸਰਕਾਰ ਵੱਲੋਂ,
ਦੂਸਰੇ ਲੋਕ ਵੀ ਅਕਲ ਨਾ ਕਰਨ ਬੇਲੀ।
ਬਹੁਤਾ ਮਰਜ਼ ਗੰਭੀਰ ਇਹ ਪਿਆ ਪੱਲੇ,
ਲੋਕੀਂ ਮੌਤ ਤੋਂ ਅਜੇ ਨਹੀਂ ਡਰਨ ਬੇਲੀ।

**ਤੀਸ ਮਾਰ ਖਾਂ**

# ਪੰਜਾਬ ਵਿੱਚ ਕੋਰੋਨਾ ਦਾ ਧਮਾਕਾ ਇੱਕੋ ਦਿਨ ਵਿੱਚ 148 ਨਵੇਂ ਕੇਸ, 122 ਹਜ਼ੂਰ ਸਾਹਿਬ ਤੋਂ ਆਏ ਸ਼ਰਧਾਲੂ ਪਾਜ਼ਿਟਿਵ ਨਿਕਲੇ

### * ਅੰਮ੍ਰਿਤਸਰ ਜ਼ਿਲਾ ਕੇਸਾਂ ਪੱਖੋਂ ਜਲੰਧਰ ਨੂੰ ਵੀ ਟੱਪ ਗਿਆ * ਲੁਧਿਆਣਾ ਵਿੱਚ ਇੱਕੋ ਦਿਨ ਕੋਰੋਨਾ ਦੇ 48 ਨਵੇਂ ਕੇਸ ਪਤਾ ਲੱਗੇ

ਚੰਡੀਗੜ੍ਹ, 30 ਅਪਰੈਲ, (ਪੋਸਟ ਬਿਊਰੋ)- ਪੰਜਾਬ ਵਿੱਚ ਤਖਤ ਸ੍ਰੀ ਹਜ਼ੂਰ ਸਾਹਿਬ ਨਾਂਦੇੜ (ਮਹਾਰਾਸ਼ਟਰ) ਤੋਂ ਵਾਪਸ ਆਏ ਸ਼ਰਧਾਲੂਆਂ ਵਿੱਚੋਂ 122 ਦੇ ਪਾਜ਼ਿਟਿਵ ਨਿਕਲਣ ਨਾਲ ਕੋਰੋਨਾ ਮਹਾਮਾਰੀ ਦਾ ਧਮਾਕਾ ਹੋ ਗਿਆ ਜਾਪਦਾ ਹੈ। ਇਨ੍ਹਾਂ 122 ਕੋਰੋਨਾ ਵਾਲੇ ਸ਼ਰਧਾਲੂਆਂ ਵਿੱਚੋਂ 58 ਅੰਮ੍ਰਿਤਸਰ ਦੇ ਅਤੇ 38 ਲੁਧਿਆਣਾ ਜ਼ਿਲੇ ਦੇ ਹਨ।

ਅੱਜ ਵੀਰਵਾਰ ਨੂੰ ਇੱਕੋ ਦਿਨ ਪੰਜਾਬ ਵਿੱਚ ਕੋਰੋਨਾ ਮਹਾਮਾਰੀ ਦੇ ਸਭ ਤੋਂ ਵੱਧ 148 ਪਾਜ਼ਿਟਿਵ ਕੇਸ ਪਤਾ ਲੱਗੇ ਹਨ। ਇਸ ਤੋਂ ਪਿਛਲੇ ਦਿਨ ਬੁੱਧਵਾਰ ਨੂੰ 54 ਕੇਸ ਪਤਾ ਲੱਗੇ ਸਨ। ਇਸ ਤਰ੍ਹਾਂ ਦੋ ਦਿਨਾਂ ਵਿੱਚ ਹੀ ਕੋਰੋਨਾ ਦੇ 202 ਕੇਸ ਹੋਰ ਵਧ ਗਏ ਹਨ। ਅੱਜ ਤੱਕ ਕੁੱਲ ਮਿਲਾ ਕੇ 180 ਜਣੇ ਹਜ਼ੂਰ ਸਾਹਿਬ ਤੋਂ ਆਏ ਸ਼ਰਧਾਲੂ ਪਾਜ਼ਿਟਿਵ ਪਤਾ ਲੱਗ ਚੁੱਕੇ ਹਨ। ਇਸ ਨਾਲ ਪੰਜਾਬ ਵਿੱਚ ਵਿੱਚ ਕੋਰੋਨਾ ਦੇ ਮਰੀਜ਼ਾਂ ਦੀ ਗਿਣਤੀ 548 ਹੋ ਗਈ ਹੈ। ਪੰਜਾਬ ਵਿੱਚ ਪਿਛਲੇ 54 ਦਿਨਾਂ ਵਿੱਚ ਕੁੱਲ 345 ਪਾਜ਼ਿਟਿਵ ਕੇਸ ਪਤਾ ਲੱਗੇ ਸਨ ਤੇ ਅੱਜ ਇੱਕੋ ਦਿਨ 148 ਕੇਸ ਪਤਾ ਲੱਗਣ ਨੇ ਸਰਕਾਰ ਨੂੰ ਚਿੰਤਾ ਲਾ ਦਿੱਤੀ ਹੈ। ਲੁਧਿਆਣਾ ਵਿੱਚ ਅੱਜ 48 ਕੇਸ ਮਿਲੇ ਹਨ। ਮੋਹਾਲੀ ਵਿੱਚ 11 ਕੇਸ ਪਤਾ ਲੱਗੇ ਹਨ, ਜਿਨ੍ਹਾਂ ਵਿੱਚੋਂ ਦਸ ਹਜ਼ੂਰ ਸਾਹਿਬ ਤੋਂ ਆਏ ਸ਼ਰਧਾਲੂ ਹਨ। ਤਰਨ ਤਾਰਨ ਵਿੱਚ ਸੱਤ ਤੇ ਕਪੂਰਥਲਾ ਅਤੇ ਮੁਕਤਸਰ ਵਿੱਚ ਹਜ਼ੂਰ ਸਾਹਿਬ ਤੋਂ ਮੁੜੇ ਤਿੰਨ-ਤਿੰਨ ਜਣੇ ਪਾਜ਼ਿਟਿਵ ਸਾਬਤ ਹੋਏ ਹਨ। ਸੰਗਰੂਰ ਅਤੇ ਰੂਪਨਗਰ ਵਿੱਚ ਦੋ-ਦੋ, ਨਵਾਂਸ਼ਹਿਰ, ਪਟਿਆਲਾ, ਮੋਗਾ ਤੇ ਫਿਰੋਜ਼ਪੁਰ ਵਿੱਚ ਹਜ਼ੂਰ ਸਾਹਿਬ ਤੋਂ ਆਏ ਇਕ-ਇਕ ਸ਼ਰਧਾਲੂ ਦੀ ਰਿਪੋਰਟ ਪਾਜ਼ਿਟਿਵ ਆਈ ਹੈ।



ਇਨ੍ਹਾ ਤੋਂ ਬਿਨਾ ਹੋਰਾਂ ਕੇਸਾਂ ਵਿੱਚ ਕਪੂਰਥਲਾ ਵਿੱਚ ਚਾਰ, ਜਲੰਧਰ ਵਿੱਚ ਤਿੰਨ ਤੇ ਫਤਹਿਗੜ੍ਹ ਸਾਹਿਬ ਵਿੱਚ ਇਕ ਕੇਸ ਅੱਜ ਨਵਾਂ ਲੱਭਾ ਹੈ। ਵਰਨਣ ਯੋਗ ਹੈ ਕਿ ਪੰਜਾਬ ਵਿੱਚ ਪਹਿਲਾ ਪਾਜ਼ਿਟਿਵ ਕੇਸ ਸੱਤ ਮਾਰਚ ਨੂੰ ਆਇਆ ਸੀ। ਇਸ ਦੇ ਬਾਅਦ ਸੌ ਕੇਸ ਹੋਣ ਨੂੰ 31 ਦਿਨ ਲੱਗੇ ਸਨ। ਫਿਰ ਸਿਰਫ ਨੌਂ ਦਿਨਾਂ ਵਿੱਚ ਦੋ ਸੌ ਦੀ ਗਿਣਤੀ ਹੋ ਗਈ ਅਤੇ ਅਗਲੇ ਅੱਠਾਂ ਦਿਨਾਂ ਵਿੱਚ ਗਿਣਤੀ ਤਿੰਨ ਸੌ ਟੱਪ ਗਈ। ਕੱਲ੍ਹ 29 ਅਪ੍ਰੈਲ ਨੂੰ ਪੰਜਾਬ ਵਿੱਚ ਕੋਰਨਾ ਦੇ 399 ਕੇਸ ਸਨ ਅਤੇ ਇਸ ਤਰ੍ਹਾਂ ਪੰਜਾਬ ਵਿੱਚ ਕੋਰੋਨਾ ਦੇ ਪੀੜਤਾਂ ਦੀ ਗਿਣਤੀ ਲਗਾਤਾਰ ਵਧਦੀ ਜਾ ਰਹੀ। ਅੱਜ ਪੰਜਾਬ ਵਿੱਚ ਕੋਰੋਨਾ ਦੇ ਪਾਜ਼ਿਟਿਵ ਕੇਸਾਂ ਦੀ ਕੁੱਲ ਗਿਣਤੀ 480 ਹੋ ਗਈ ਅਤੇ ਅੱਜ ਤੱਕ 20 ਮੌਤਾਂ ਹੋ ਚੁੱਕੀਆਂ ਹਨ।

ਪੰਜਾਬ ਵਿੱਚ ਵੀਰਵਾਰ ਰਾਤ ਪੈਣ ਤੱਕ ਅੰਮ੍ਰਿਤਸਰ ਵਿੱਚ 104 ਕੇਸ ਤੇ 2 ਮੌਤਾਂ ਹੋ ਚੁੱਕੀਆਂ ਹਨ। ਜਲੰਧਰ 89 ਕੇਸ 4 ਮੌਤਾਂ, ਮੋਹਾਲੀ 86 ਕੇਸ 2 ਮੌਤਾਂ, ਲੁਧਿਆਣਾ 78 ਕੇਸ 4 ਮੌਤਾਂ, ਪਟਿਆਲਾ 64 ਕੇਸ 1 ਮੌਤ, ਪਠਾਨਕੋਟ 25 ਕੇਸ 1 ਮੌਤ, ਨਵਾਂਸ਼ਹਿਰ 23 ਕੇਸ 1 ਮੌਤ, ਕਪੂਰਥਲਾ 12 ਕੇਸ 1 ਮੌਤ, ਹੁਸ਼ਿਆਰਪੁਰ 11 ਕੇਸ 1 ਮੌਤ, ਗੁਰਦਾਸਪੁਰ 7 ਕੇਸ 1 ਮੌਤ, ਰੂਪਨਗਰ 5 ਕੇਸ 1 ਮੌਤ, ਬਰਨਾਲਾ 2 ਕੇਸ 1 ਮੌਤ ਦੀ ਖਬਰ ਹੈ। ਇਸ ਤੋਂ ਇਲਾਵਾ ਤਰਨ ਤਾਰਨ 15 ਕੇਸ, ਪਰ ਮੌਤ ਕੋਈ ਨਹੀਂ, ਮਾਨਸਾ 13 ਕੇਸ, ਫਰੀਦਕੋਟ ਅਤੇ ਸੰਗਰੂਰ 6-6 ਕੇਸ, ਮੋਗਾ 5 ਕੇਸ, ਮੁਕਤਸਰ 4 ਕੇਸ, ਫਤਹਿਗੜ੍ਹ ਸਾਹਿਬ 3 ਕੇਸ, ਬਠਿੰਡਾ ਅਤੇ ਫਿਰੋਜ਼ਪੁਰ 2-2 ਕੇਸ, ਪਰ ਮੌਤਾਂ ਤੋਂ ਅਜੇ ਤੱਕ ਬਚਾਅ ਹੈ।

# ਪੰਜਾਬ ਵਿੱਚ ਹੋਰ ਰਾਜਾਂ ਤੋਂ ਆਉਣ ਵਾਲਿਆਂ ਦੇ ਪਿੰਡ ਪੱਧਰ ਉੱਤੇ ਇਕਾਂਤਵਾਸ ਦੇ ਹੁਕਮ

ਚੰਡੀਗੜ੍ਹ, 30 ਅਪਰੈਲ, (ਪੋਸਟ ਬਿਊਰੋ)- ਪੰਜਾਬ ਦੇ ਵੱਖ-ਵੱਖ ਡਿਪਟੀ ਕਮਿਸ਼ਨਰਾਂ ਵਲੋਂ ਬੀਤੇ ਦਿਨੀਂ ਦੂਸਰੇ ਰਾਜਾਂ ਤੋਂ ਆ ਰਹੇ ਕੋਰੋਨਾ ਵਾਇਰਸ ਦੇ ਮਰੀਜ਼ਾਂ ਬਾਰੇ ਚਿੰਤਾ ਵਿਖਾਉਣ ਪਿੱਛੋਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਅੱਜ ਹਦਾਇਤ ਕੀਤੀ ਹੈ ਕਿ ਦੂਸਰੇ ਰਾਜਾਂ ਤੋਂ ਆ ਰਹੇ ਸਾਰੇ ਲੋਕਾਂ ਨੂੰ ਪਿੰਡ ਪੱਧਰ ਉੱਤੇ ਇਕਾਂਤਵਾਸ ਵਜੋਂ ਐਲਾਨ ਕੀਤੀਆਂ ਇਮਾਰਤਾਂ ਵਿੱਚ ਰੱਖਿਆ ਜਾਵੇ। ਉਨ੍ਹਾਂ ਕਿਹਾ ਕਿ ਕੋਈ ਪਾਜ਼ਿਟਿਵ ਕੇਸ ਹੋਵੇ ਜਾਂ ਨਹੀਂ, ਸਭ ਨੂੰ ਇਕਾਂਤਵਾਸ ਵਾਲੀਆਂ ਇਮਾਰਤਾਂ ਵਿੱਚ ਰੱਖਣ ਦੇ ਹੁਕਮਾਂ ਦੀ ਪਾਲਣਾ ਸਖਤੀ ਨਾਲ ਕੀਤੀ ਜਾਵੇ।

ਅੱਜ ਸਾਰੇ ਰਾਜਾਂ ਦੇ ਜ਼ਿਲ੍ਹਿਆਂ ਦੇ ਡਿਪਟੀ ਕਮਿਸ਼ਨਰਾਂ, ਐੱਸ ਐੱਸ ਪੀਜ਼ ਤੇ ਪੁਲਸ ਕਮਿਸ਼ਨਰਾਂ ਨਾਲ ਲੰਮਾ ਸਮਾਂ ਚੱਲੀ ਵੀਡੀਓ ਕਾਨਫਰੰਸ ਵਿੱਚ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸਾਫ ਕਿਹਾ ਕਿ ਬਾਹਰੋਂ ਆਏ ਹਰ ਵਿਅਕਤੀ ਨੂੰ 21 ਦਿਨਾਂ ਦਾ ਇਕਾਂਤਵਾਸ ਪੂਰਾ ਹੋਣ ਤੋਂ ਬਾਅਦ ਹੀ ਘਰ ਜਾਣ ਦੀ ਆਗਿਆ




ਦਿੱਤੀ ਜਾਵੇ, ਕਿਉਂਕਿ ਆਮ ਤੌਰ ਉੱਤੇ ਇਸ ਮਹਾਮਾਰੀ ਦੇ ਲੱਛਣ ਥੋੜ੍ਹੇ ਦਿਨ ਪਿੱਛੋਂ ਜ਼ਾਹਰ ਹੁੰਦੇ ਹਨ। ਉਨ੍ਹਾਂ ਨੇ ਅਧਿਕਾਰੀਆਂ ਨੂੰ ਸਰਪੰਚਾਂ ਨਾਲ ਮਿਲ ਕੇ ਪਿੰਡਾਂ ਵਿੱਚ ਇਕਾਂਤਵਾਸ ਲਈ ਸਕੂਲਾਂ ਤੇ ਹੋਰ ਇਮਾਰਤਾਂ ਚੁਣਨ ਦੇ ਹੁਕਮ ਦਿੱਤੇ ਹਨ। ਮਹਾਮਾਰੀ ਫੈਲਣ ਤੋਂ ਰੋਕਣ ਲਈ ਮੁੱਖ ਮੰਤਰੀ ਨੇ ਸਰਪੰਚਾਂ ਤੇ ਪੰਚਾਇਤਾਂ ਨੂੰ ਪਿੰਡ ਪੱਧਰ ਉੱਤੇ ਚੌਕਸੀ ਵਧਾਉਣ ਦੀ ਅਪੀਲ ਵੀ ਕੀਤੀ ਹੈ।

ਸਾਰੇ ਰਾਜ ਦੇ ਅਧਿਕਾਰੀਆਂ ਨਾਲ ਮੀਟਿੰਗ ਵਿੱਚ ਪਤਾ ਲੱਗਾ ਕਿ ਬੀਤੇ ਚਾਰ ਦਿਨਾਂ ਵਿੱਚ ਹਜ਼ੂਰ ਸਾਹਿਬ, ਨਾਂਦੇੜ (ਮਹਾਰਾਸ਼ਟਰ) ਤੋਂ 3525 ਸ਼ਰਧਾਲੂ ਅਤੇ ਕੋਟਾ (ਰਾਜਸਥਾਨ) ਤੋਂ 153 ਵਿਦਿਆਰਥੀ ਆਉਣ ਤੋਂ ਇਲਾਵਾ ਫਾਜ਼ਿਲਕਾ-ਵੱਲੋਂ 3085 ਮਜ਼ਦੂਰ ਵੀ ਆਏ ਹਨ। ਨਾਂਦੇੜ ਸਾਹਿਬ ਤੋਂ ਆਏ ਲੋਕਾਂ ਵਿੱਚੋਂ 577 ਵਿਅਕਤੀਆਂ ਦੀ ਟੈਸਟ ਰਿਪੋਰਟ ਆ ਗਈ ਹੈ, ਜਿਨ੍ਹਾਂ ਵਿੱਚੋਂ 20 ਫੀਸਦੀ ਪਾਜ਼ਿਟਿਵ ਨਿਕਲੇ ਹਨ। ਅੱਜ ਵੀਰਵਾਰ ਨੂੰ 105 ਤਾਜ਼ਾ ਪਤਾ ਲੱਗੇ ਪਾਜ਼ਿਟਿਵ ਕੇਸਾਂ ਵਿੱਚੋਂ 98 ਮਰੀਜ਼ ਹੋਰ ਰਾਜਾਂ ਤੋਂ ਆਏ ਲੋਕ ਹਨ।

ਇਸ ਦੌਰਾਨ ਪ੍ਰਵਾਸੀ ਮਜ਼ਦੂਰਾਂ ਤੇ ਹੋਰਨਾਂ ਤੋਂ ਬਿਨਾ ਸੂਬੇ ਵਿੱਚ ਲਾਕਡਾਊਨ ਵਿਚਾਲੇ ਛੋਟਾਂ ਤੇ ਕਣਕ ਦੇ ਖਰੀਦ ਪ੍ਰਬੰਧਾਂ ਦਾ ਮੁੱਦਾ ਵੀ ਵਿਚਾਰਿਆ ਗਿਆ। ਮੁੱਖ ਮੰਤਰੀ ਨੇ ਗਵਾਂਢੀ ਰਾਜਾਂ ਨਾਲ ਸਰਹੱਦਾਂ ਉੱਤੇ ਕੋਈ ਢਿੱਲ ਦੇਣ ਨੂੰ ਰੱਦ ਕਰ ਦਿੱਤਾ ਤੇ ਕਿਹਾ ਕਿ ਇਹ ਹੱਦਾਂ ਸਖਤੀ ਨਾਲ ਸੀਲ ਰਹਿਣਗੀਆਂ। ਮੁੱਖ ਮੰਤਰੀ ਨੇ ਡਿਪਟੀ ਕਮਿਸ਼ਨਰਾਂ ਨੂੰ ਉਦਯੋਗਾਂ ਦੀ ਮਦਦ ਲਈ ਸਾਰੀਆਂ ਸੰਭਾਵਨਾਵਾਂ ਸੋਚਣ ਲਈ ਵੀ ਆਖਿਆ।

# ਮਹਾਰਾਸ਼ਟਰ ਵਿੱਚ ਕੋਰੋਨਾ ਦੇ ਕੇਸਾਂ ਦਾ ਗਿਣਤੀ 10 ਹਜ਼ਾਰ ਟੱਪੀ

### * ਭਾਰਤ ਵਿੱਚ ਮੌਤਾਂ ਦੀ ਗਿਣਤੀ 1137 ਹੋਈ * ਸੀ ਆਰ ਪੀ ਦੇ 52 ਜਵਾਨ ਵੀ ਕੋਰੋਨਾ ਤੋਂ ਪੀੜਤ

ਨਵੀਂ ਦਿੱਲੀ, 30 ਅਪਰੈਲ, (ਪੋਸਟ ਬਿਊਰੋ)- ਭਾਰਤ ਵਿੱਚ ਕੋਰੋਨਾ ਦਾ ਕਹਿਰ ਅਜੇ ਵੀ ਵਧੀ ਜਾਂਦਾ ਹੈ। ਸਭ ਤੋਂ ਵੱਧ ਪ੍ਰਭਾਵਿਤ ਰਾਜ ਮਹਾਰਾਸ਼ਟਰ ਵਿੱਚ ਪੀੜਤਾਂ ਤੇ ਕੋਰੋਨਾ ਨਾਲ ਮੌਤਾਂ ਦੀ ਗਿਣਤੀ ਲਗਾਤਾਰ ਵਧੀ ਜਾਂਦੀ ਹੈ। ਇਸ ਦੌਰਾਨ ਸਾਰੇ ਭਾਰਤ ਵਿੱਚ ਕੋਰੋਨਾ ਦੇ ਕੁਲ ਮਰੀਜ਼ਾਂ ਦੀ ਗਿਣਤੀ 34,863 ਅਤੇ ਮੌਤਾਂ ਗਿਣਤੀ 1,154 ਹੋ ਚੁੱਕੀ ਹੈ।

ਅੱਜ ਵੀਰਵਾਰ ਨੂੰ ਮਹਾਰਾਸ਼ਟਰ ਵਿੱਚ 583 ਨਵੇਂ ਕੇਸ ਪਤਾ ਲੱਗਣ ਨਾਲ ਪੀੜਤਾਂ ਦੀ ਕੁੱਲ ਗਿਣਤੀ 10,498 ਹੋ ਗਈ ਹੈ ਅਤੇ ਇਸ ਰਾਜ ਵਿੱਚ ਮੌਤਾਂ ਦੀ ਗਿਣਤੀ 459 ਤੱਕ ਪਹੁੰਚ ਗਈ ਹੈ। ਇਹ ਸਾਰੇ ਦੇਸ਼ ਵਿੱਚ ਹੋਈਆਂ ਮੌਤਾਂ ਦੇ ਅੱਧ ਦੇ ਨੇੜੇ ਪਹੁੰਚ ਜਾਂਦੀ ਹੈ ਅਤੇ ਇਸ ਰਾਜ ਵਿੱਚ ਇਕੱਲੇ ਮੁੰਬਈ ਵਿਚ 7,061 ਕੇਸ ਮਿਲ ਚੁੱਕੇ ਹਨ ਤੇ 290 ਲੋਕਾਂ ਦੀ ਮੌਤ ਹੋ ਚੁੱਕੀ ਹੈ। ਮੁੰਬਈ ਅਤੇ ਪੁਣੇ ਦੇ ਬਾਅਦ ਮਾਲੇਗਾਉਂ ਇਸ ਬਿਮਾਰੀ ਦਾ ਨਵਾਂ ਕੇਂਦਰ ਬਣਦਾ ਜਾ ਰਿਹਾ ਹੈ।

ਗੁਜਰਾਤ ਵਿੱਚ ਸਥਿਤੀ ਲਗਾਤਾਰ ਵਿਗੜ ਰਹੀ ਹੈ। ਏਥੇ 4082 ਕੇਸ ਅਤੇ 197 ਮੌਤਾਂ ਹੋ ਚੁੱਕੀਆਂ ਹਨ। ਇਸ ਰਾਜ ਦਾ ਅਹਿਮਦਾਬਾਦ ਸ਼ਹਿਰ ਇਸ ਬਿਮਾਰੀ ਦਾ ਗੜ੍ਹ ਹੋ ਗਿਆ ਹੈ। ਮੱਧ ਪ੍ਰਦੇਸ਼ ਤੋਂ ਕੁੱਲ ਕੇਸਾਂ ਦੀ ਗਿਣਤੀ 2,560 ਹੋ ਗਈ ਹੈ। ਤਾਮਿਲ ਨਾਡੂ ਵਿੱਚ ਰਿਕਾਰਡ 161 ਨਵੇਂ ਕੇਸਾਂ ਨਾਲ ਪੀੜਤਾਂ ਦੀ ਗਿਣਤੀ 2,660 ਅਤੇ ਮੌਤਾਂ ਦੀ ਗਿਣਤੀ 130 ਹੋ ਗਈ ਹੈ। ਦਿੱਲੀ ਵਿੱਚ ਕੁੱਲ 3439 ਕੇਸ ਅਤੇ 56 ਮੌਤਾਂ ਦੀ ਖਬਰ ਹੈ। ਇਸ ਤੋਂ ਬਾਅਦ ਰਾਜਸਥਾਨ ਵਿੱਚ ਕੁਲ 2,556 ਕੇਸ ਅਤੇ 31 ਮੌਤਾਂ ਹੋ ਚੁੱਕੀਆਂ ਹਨ।

ਅੱਜ ਕੇਂਦਰੀ ਰਿਜ਼ਰਵ ਪੁਲਿਸ ਬਲ (ਸੀ ਆਰ ਪੀ ਐੱਫ) ਉੱਤੇ ਵੀ ਕੋਰੋਨਾ ਦਾ ਪ੍ਰਭਾਵ ਪੈ ਗਿਆ ਹੈ। ਦਿੱਲੀ ਵਿੱਚ ਮਿਊਰ ਬਿਹਾਰ ਵਿਚਲੀ 31 ਬਟਾਲੀਅਨ ਦੇ 52 ਜਵਾਨ ਕੋਰੋਨਾ ਤੋਂ ਪੀੜਤ ਨਿਕਲੇ ਹਨ। ਇਨ੍ਹਾਂ ਨੂੰ ਮੰਡੋਲੀ ਜੇਲ੍ਹ ਵਿੱਚ ਕੁਆਰੰਟਾਈਨ ਕਰ ਕਰ ਕੇ ਬਾਕੀ ਜਵਾਨਾਂ ਨੂੰ ਮਿਊਰ ਬਿਹਾਰ ਦੇ ਕੈਂਪ ਵਿੱਚ ਹੀ ਕੁਆਰੰਟਾਈਨ ਕੀਤਾ ਗਿਆ ਹੈ। ਪਹਿਲਾਂ ਇਸੇ ਬਟਾਲੀਅਨ ਦੇ ਇਕ ਸਬ ਇੰਸਪੈਕਟਰ ਦੀ ਮੰਗਲਵਾਰ ਨੂੰ ਕੋਰੋਨਾ ਨਾਲ ਮੌਤ ਹੋ ਗਈ ਸੀ।

# ਟਰੰਪ ਦਾ ਨਵਾਂ ਸ਼ੋਸ਼ਾ: ਚੀਨ ਮੈਨੂੰ ਦੁਬਾਰਾ ਰਾਸ਼ਟਰਪਤੀ ਬਣਨ ਤੋਂ ਰੋਕਣਾ ਚਾਹੁੰਦੈ



ਵਾਸ਼ਿੰਗਟਨ, 30 ਅਪਰੈਲ, (ਪੋਸਟ ਬਿਊਰੋ)- ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਹੈ ਕਿ ਚੀਨ ਉਨ੍ਹਾਂ ਨੂੰ ਦੂਸਰੀ ਵਾਰ ਰਾਸ਼ਟਰਪਤੀ ਬਣਨ ਤੋਂ ਰੋਕਣਾ ਚਾਹੁੰਦਾ ਹੈ। ਨਿਊਜ਼ ਏਜੰਸੀ ਨੂੰ ਦਿੱਤੇ ਇੰਟਰਵਿਊ ਵਿਚ ਉਨ੍ਹਾਂ ਨੇ ਕਿਹਾ ਕਿ ਚੀਨ ਨਹੀਂ ਚਾਹੁੰਦਾ ਕਿ ਮੈਂ ਨਵੰਬਰ ਵਿਚ ਫਿਰ ਅਮਰੀਕਾ ਦਾ ਰਾਸ਼ਟਰਪਤੀ ਬਣ ਸਕਾਂ, ਉਹ ਮੈਨੂੰ ਰੋਕਣ ਲਈ ਕੁਝ ਵੀ ਕਰੇਗਾ ਅਤੇ ਚੀਨ ਦਾ ਕੋਰੋਨਾ ਨਾਲ ਨਜਿੱਠਣ ਦਾ ਤਰੀਕਾ ਇਸ ਗੱਲ ਦਾ ਸਬੂਤ ਹੈ।


ਇਸ ਸੰਬੰਧ ਵਿੱਚ ਡੋਨਾਲਡ ਟਰੰਪ ਨੇ ਕਿਹਾ ਕਿ ਚੀਨ ਚਾਹੁੰਦਾ ਹੈ ਕਿ ਇਸ ਵਾਰੀ ਡੈਮੋਕ੍ਰੇਟਿਕ ਉਮੀਦਵਾਰ ਜੋਅ ਬਿਡੇਨ ਰਾਸ਼ਟਰਪਤੀ ਚੋਣ ਜਿੱਤਣ ਤੇ ਇਸ ਨਾਲ ਅਮਰੀਕਾ ਵੱਲੋਂ ਚੀਨ ਦੇ ਵਪਾਰ ਉੱਤੇ ਜੋ ਦਬਾਅ ਬਣੇ ਹਨ, ਉਹ ਘੱਟ ਹੋਣਗੇ। ਵਰਨਣ ਯੋਗ ਹੈ ਕਿ ਡੋਨਾਲਡ ਟਰੰਪ ਹਮੇਸ਼ਾ ਮਹਾਮਾਰੀ ਲਈ ਚੀਨ ਉੱਤੇ ਦੋਸ਼ ਲਾਉਂਦੇ ਰਹੇ ਹਨ। ਉਨ੍ਹਾਂ ਦੀ ਰਾਏ ਹੈ ਕਿ ਮਹਾਮਾਰੀ ਬਾਰੇ ਚੀਨ ਨੂੰ ਦੁਨੀਆ ਨੂੰ ਪਹਿਲਾਂ ਦੱਸਣਾ ਚਾਹੀਦਾ ਸੀ। ਜਦੋਂ ਟਰੰਪ ਤੋਂ ਪੁੱਛਿਆ ਗਿਆ ਕਿ ਉਹ ਚੀਨ ਦੇ ਕਰਜ਼ਾ ਮੁਆਫੀ ਤੇ ਟੈਰਿਫ ਵਿਚ ਛੋਟ ਵਾਪਸ ਲੈਣ ਬਾਰੇ ਸੋਚ ਰਹੇ ਹਨ ਤਾਂ ਉਨ੍ਹਾ ਨੇ ਕਿਹਾ ਕਿ ਅਜਿਹੀਆਂ ਕਈ ਗੱਲਾਂ ਮੈਂ ਕਰ ਸਕਦਾ ਹਾਂ। ਅਸੀਂ ਦੇਖ ਰਹੇ ਹਾਂ ਕਿ ਕੀ ਹੋਇਆ ਹੈ? ਚੀਨੀ ਅਧਿਕਾਰੀ ਇਹ ਦਿਖਾਉਣ ਦੀ ਕੋਸ਼ਿਸ਼ ਕਰਦੇ ਹਨ ਕਿ ਉਨ੍ਹਾਂ ਦਾ ਦੇਸ਼ ਨਿਰਦੋਸ਼ ਹੈ। ਉਹ ਇਸ ਲਈ ਲਗਾਤਾਰ ਪ੍ਰਚਾਰ ਤੰਤਰ ਦੀ ਵਰਤੋਂ ਕਰ ਰਹੇ ਹਨ।

ਡੋਨਾਲਡ ਟਰੰਪ ਇਸ ਤੋਂ ਪਹਿਲਾਂ ਵੀ ਚੀਨ ਉੱਤੇ ਨਾਰਾਜ਼ਗੀ ਪ੍ਰਗਟ ਕਰ ਚੁੱਕੇ ਹਨ। ਬੀਤੀ 21 ਅਪ੍ਰੈਲ ਨੂੰ ਵ੍ਹਾਈਟ ਹਾਊਸ ਦੀ ਪ੍ਰੈੱਸ ਕਾਨਫਰੰਸ ਵਿਚ ਉਨ੍ਹਾਂ ਕਿਹਾ ਸੀ, 'ਅਸੀਂ ਚੀਨ ਨਾਲ ਕਾਫੀ ਸਮਾਂ ਪਹਿਲਾਂ ਗੱਲ ਕੀਤੀ ਸੀ। ਅਸੀਂ ਓਥੇ ਜਾਣਾ ਤੇ ਦੇਖਣਾ ਚਾਹੁੰਦੇ ਸੀ ਕਿ ਕੀ ਹੋ ਰਿਹਾ ਹੈ। ਮੈਂ ਚੀਨ ਨਾਲ ਹੋਏ ਕਾਰੋਬਾਰੀ ਸਮਝੌਤੇ ਤੋਂ ਕਾਫੀ ਖੁਸ਼ ਸੀ, ਫਿਰ ਸਾਨੂੰ ਵਾਇਰਸ ਦਾ ਪਤਾ ਲੱਗਾ ਅਤੇ ਓਦੋਂ ਤੋਂ ਮੈਂ ਖੁਸ਼ ਨਹੀਂ ਹਾਂ।









# ਕਾਮਿਆਂ ਦੇ ਕਰੋਨਾ ਪਾਜ਼ੀਟਿਵ ਆਉਣ ਤੋਂ ਬਾਅਦ ਨਿਊਟੇਲਾ ਬਣਾਉਣ ਵਾਲਾ ਬ੍ਰੈਂਟਫੋਰਡ ਦਾ ਪਲਾਂਟ ਬੰਦ

ਬ੍ਰੈਂਟਫੋਰਡ, 30 ਅਪਰੈਲ (ਪੋਸਟ ਬਿਊਰੋ) : ਨਿਊਟੇਲਾ ਤਿਆਰ ਕਰਨ ਵਾਲੇ ਫਰੇਰੋ ਰੋਸ਼ਰ ਤੇ ਕਿੰਡਰ ਪ੍ਰੋਡਕਟਸ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਬ੍ਰੈਂਟਫੋਰਡ ਸਥਿਤ ਆਪਣਾ ਪਲਾਂਟ ਉੱਥੋਂ ਦੇ ਕਰਮਚਾਰੀਆਂ ਦੇ ਕੋਵਿਡ-19 ਪਾਜ਼ੀਟਿਵ ਪਾਏ ਜਾਣ ਤੋਂ ਬਾਅਦ ਬੰਦ ਕਰਨਾ ਪਿਆ।




ਫਰੇਰੋ ਕੈਨੇਡਾ ਲਿਮਟਿਡ ਨੇ ਦੱਸਿਆ ਕਿ ਇਸ ਪਲਾਂਟ ਨੂੰ ਮੰਗਲਵਾਰ ਦੁਪਹਿਰੇ ਉਸ ਸਮੇਂ ਬੰਦ ਕਰ ਦਿੱਤਾ ਗਿਆ ਜਦੋਂ ਇੱਥੋਂ ਦੇ ਸੱਤ ਵਰਕਰਜ਼ ਦੇ ਕਰੋਨਾਵਾਇਰਸ ਦੀ ਚਪੇਟ ਵਿੱਚ ਆਉਣ ਦੀ ਪੁਸ਼ਟੀ ਹੋਈ। ਫਰੇਰੋ ਦੀ ਤਰਜ਼ਮਾਨ ਸਟੇਫਨੀ ਕੈਸ ਨੇ ਇੱਕ ਈਮੇਲ ਵਿੱਚ ਦੱਸਿਆ ਕਿ ਇਹ ਕਰਮਚਾਰੀ ਇਸ ਇਲਾਕੇ ਵਿੱਚ ਹੀ ਕੰਮ ਕਰ ਰਹੇ ਸਨ ਤੇ ਇਹ ਸਾਰੇ ਲੱਗਭਗ ਦੋ ਹਫਤੇ ਤੋਂ ਹੀ ਪਲਾਂਟ ਵਿੱਚ ਨਹੀਂ ਸਨ ਕਿਉਂਕਿ ਇਹ ਆਪਣੇ ਕੋਵਿਡ-19 ਟੈਸਟ ਦੇ ਨਤੀਜਿਆਂ ਦੀ ਉਡੀਕ ਕਰ ਰਹੇ ਸਨ। ਉਨ੍ਹਾਂ ਇਹ ਵੀ ਆਖਿਆ ਕਿ ਪਲਾਂਟ ਨੂੰ ਅਹਿਤਿਆਤ ਵਜੋਂ ਹੀ ਬੰਦ ਕੀਤਾ ਗਿਆ ਹੈ ਤੇ ਇਸ ਨੂੰ ਉਦੋਂ ਤੱਕ ਸ਼ੁਰੂ ਨਹੀਂ ਕੀਤਾ ਜਾਵੇਗਾ ਜਦੋਂ ਤੱਕ ਅਜਿਹਾ ਕਰਨਾ ਢੁਕਵਾਂ ਨਹੀਂ ਹੁੰਦਾ। ਕੈਸ ਨੇ ਆਖਿਆ ਕਿ ਫੈਸਿਲਿਟੀ ਨੂੰ ਹੁਣ ਅਸੈਸਮੈਂਟ ਰਾਹੀਂ ਗੁਜ਼ਰਨਾ ਹੋਵੇਗਾ ਤੇ ਇੱਥੋਂ ਦੀ ਡੀਪ ਕਲੀਨਿੰਗ ਕਰਵਾਈ ਜਾਵੇਗੀ। ਉਨ੍ਹਾਂ ਆਖਿਆ ਕਿ ਇਸ ਤੋਂ ਇਲਾਵਾ ਆਪਣੇ ਕੰਮ ਤੋਂ ਦੂਰ ਰਹਿਣ ਵਾਲੇ ਵਰਕਰਜ਼ ਨੂੰ ਮੁਆਵਜ਼ਾ ਵੀ ਦਿੱਤਾ ਜਾਵੇਗਾ। ਪਰ ਉਨ੍ਹਾਂ ਇਹ ਨਹੀਂ ਦੱਸਿਆ ਕਿ ਇਸ ਤਰ੍ਹਾਂ ਪਲਾਂਟ ਬੰਦ ਹੋਣ ਨਾਲ ਫਰੇਰੋ ਉਤਪਾਦਾਂ ਵਿੱਚ ਕਮੀ ਤਾਂ ਨਹੀਂ ਆ ਜਾਵੇਗੀ।

# ਓਨਟਾਰੀਓ ਸਰਕਾਰ ਨੇ 37 ਹੋਰ ਚਾਈਲਡ ਕੇਅਰ ਸੈਂਟਰ ਖੋਲ੍ਹੇ ਜਾਣ ਦਾ ਕੀਤਾ ਐਲਾਨ



ਓਨਟਾਰੀਓ, 30 ਅਪਰੈਲ (ਪੋਸਟ ਬਿਊਰੋ) : ਓਨਟਾਰੀਓ ਵੱਲੋਂ ਐਮਰਜੰਸੀ ਚਾਈਲਡ ਕੇਅਰ ਦਾ ਹੋਰਨਾਂ ਲੋਕਾਂ ਲਈ ਪਸਾਰ ਕੀਤਾ ਜਾ ਰਿਹਾ ਹੈ। ਇਨ੍ਹਾਂ ਵਿੱਚ ਰਿਟਾਇਰਮੈਂਟ ਹੋਮਜ਼, ਗਰੌਸਰੀ ਸਟੋਰਜ਼ ਤੇ ਫਾਰਮੇਸੀਜ਼ ਵਿੱਚ ਕੰਮ ਕਰਨ ਵਾਲੇ ਲੋਕ ਵੀ ਸ਼ਾਮਲ ਹਨ।

ਪ੍ਰੋਵਿੰਸ ਵੱਲੋਂ ਕੋਵਿਡ-19 ਸਬੰਧੀ ਕਈ ਤਰ੍ਹਾਂ ਦੇ ਐਮਰਜੰਸੀ ਆਰਡਰਜ਼ ਤਹਿਤ ਮਾਰਚ ਵਿੱਚ ਚਾਈਲਡ ਕੇਅਰ ਸੈਂਟਰਜ਼ ਬੰਦ ਕਰਨ ਦਾ ਵੀ ਹੁਕਮ ਦਿੱਤਾ ਗਿਆ ਸੀ। ਪਰ ਇਨ੍ਹਾਂ ਵਿੱਚੋਂ ਕੁੱਝ ਨੂੰ ਫਰੰਟ ਲਾਈਨ ਹੈਲਥ ਕੇਅਰ ਤੇ ਐਮਰਜੰਸੀ ਸਰਵਿਸਿਜ਼ ਕਰਮਚਾਰੀਆਂ ਦੇ ਬੱਚਿਆਂ ਦੀ ਸਾਂਭ ਸੰਭਾਲ ਲਈ ਮੁੜ ਖੋਲ੍ਹਣ ਦੀ ਇਜਾਜ਼ਤ ਦੇ ਦਿੱਤੀ ਗਈ ਸੀ। ਅੱਜ ਵਾਲੇ ਐਲਾਨ ਨਾਲ ਐਮਰਜੰਸੀ ਚਾਈਲਡ ਕੇਅਰ ਵਿੱਚ ਦੂਜੀ ਵਾਰੀ ਪਸਾਰ ਕੀਤਾ ਗਿਆ ਹੈ। ਪਹਿਲਾਂ ਤੋਂ ਹੀ ਕੰਮ ਕਰ ਰਹੇ ਲੱਗਭਗ 100 ਸੈਂਟਰਜ਼ ਦੇ ਨਾਲ ਨਾਲ ਹੁਣ 37 ਸੈਂਟਰਾਂ ਨੂੰ ਹੋਰ ਖੋਲ੍ਹਣ ਦੀ ਇਜਾਜ਼ਤ ਦਿੱਤੀ ਜਾਵੇਗੀ। ਸਿੱਖਿਆ ਮੰਤਰੀ ਸਟੀਫਨ ਲਿਚੇ ਨੇ ਸਾਰੇ ਚਾਈਲਡ ਕੇਅਰ ਸੈਂਟਰਜ਼ ਨੂੰ ਮੁੜ ਖੋਲ੍ਹੇ ਜਾਣ ਲਈ ਕੋਈ ਨਿਰਧਾਰਤ ਸਮਾਂ ਸੀਮਾਂ ਐਲਾਨੇ ਜਾਣ ਦਾ ਵਾਅਦਾ ਨਹੀਂ ਕੀਤਾ। ਇਹ ਚਾਈਲਡ ਕੇਅਰ ਸੈਂਟਰ 6 ਮਈ ਤੱਕ ਬੰਦ ਹਨ।

# ਓਸਲਰ ਫਾਊਂਡੇਸ਼ਨ ਨੇ ਕੋਵਿਡ-19 ਖਿਲਾਫ 2.5 ਮਿਲੀਅਨ ਡਾਲਰ ਇੱਕਠੇ ਕਰਨ ਦਾ ਮਿਥਿਆ ਟੀਚਾ

ਬਰੈਂਪਟਨ, 30 ਅਪਰੈਲ (ਪੋਸਟ ਬਿਊਰੋ) : ਆਪਣੇ 1800 ਡੋਨਰਜ਼ ਦੀ ਮਦਦ ਨਾਲ ਵਿਲੀਅਮ ਓਸਲਰ ਹੈਲਥ ਸਿਸਟਮ ਫਾਊਂਡੇਸ਼ਨ ਕੋਵਿਡ-19 ਖਿਲਾਫ ਆਪਣੀ ਲੜਾਈ ਲਈ ਇੱਕ ਮਿਲੀਅਨ ਡਾਲਰ ਦਾ ਫੰਡ ਇੱਕਠਾ ਕਰਨ ਵਿੱਚ ਕਾਮਯਾਬ ਹੋ ਗਈ ਹੈ।

ਜਿਵੇਂ ਕਿ ਹਾਲ ਦੀ ਘੜੀ ਮਹਾਮਾਰੀ ਖਤਮ ਹੋਣ ਦਾ ਨਾਂ ਹੀ ਨਹੀਂ ਲੈ ਰਹੀ ਤੇ ਇਸ ਦੌਰਾਨ ਹੈਲਥ ਕੇਅਰ ਵੱਲ ਵੀ ਹੋਰ ਧਿਆਨ ਦਿੱਤੇ ਜਾਣ ਦੀ ਲੋੜ ਹੈ, ਓਸਲਰ ਫਾਊਂਡੇਸ਼ਨ ਵੱਲੋਂ ਆਪਣੀ ਹੈਲਥ ਕੇਅਰ ਹੀਰੋਜ਼ ਕੈਂਪੇਨ ਰਾਹੀਂ 1.5 ਮਿਲੀਅਨ ਡਾਲਰ ਹੋਰ ਇੱਕਠੇ ਕੀਤੇ ਜਾਣ ਦਾ ਟੀਚਾ ਮਿਥਿਆ ਗਿਆ ਹੈ। ਇੱਕਠੇ ਕੀਤੇ ਗਏ ਫੰਡਾਂ ਨਾਲ ਵੈਂਟੀਲੇਟਰ, ਵੇਨ ਫਾਈਂਡਰ, ਵਾਈਟਲ ਸਾਈਨ ਮੌਨੀਟਰ, ਸਟਰੈਚਰ ਤੇ ਥਰਮਾਮੀਟਰ ਖਰੀਦੇ ਜਾਣਗੇ।

ਓਸਲਰ ਫਾਊਂਡੇਸ਼ਨ ਦੇ ਪ੍ਰੈਜ਼ੀਡੈਂਟ ਤੇ ਸੀਈਓ ਕੈਨ ਮੇਅਹਿਊ ਨੇ ਆਖਿਆ ਕਿ ਇਸ ਔਖੀ ਘੜੀ ਵਿੱਚ ਇਸ ਸਾਰੇ ਸਾਜ਼ੋ ਸਮਾਨ ਦੀ ਕਾਫੀ ਲੋੜ ਹੈ। ਉਨ੍ਹਾਂ ਆਖਿਆ ਕਿ ਇਸ ਔਖੇ ਵੇਲੇ ਵਿੱਚ ਮਦਦ ਕਰਨ ਦਾ ਸਾਡੇ ਕੋਲ ਮੌਕਾ ਹੈ ਤੇ ਅਸੀਂ ਫੰਡ ਇੱਕਠੇ ਕਰਨ ਦਾ ਆਪਣਾ ਟੀਚਾ 2.5 ਮਿਲੀਅਨ ਡਾਲਰ ਕਰ ਰਹੇ ਹਾਂ। ਅਸੀਂ ਚਾਹੁੰਦੇ ਹਾਂ ਕਿ ਜਿੰਨੀ ਵਧੀਆ ਪੇਸ਼ੈਂਟ ਕੇਅਰ ਅਸੀਂ ਦੇ ਸਕਦੇ ਹਾਂ ਉਹ ਦੇਈਏ। ਇਸ ਫੰਡਰੇਜ਼ਿੰਗ ਦੀ ਸ਼ੁਰੂਆਤ ਲਈ ਮਾਰਥਾ ਰੌਜਰਜ਼ ਵੱਲੋਂ 500,000 ਡਾਲਰ ਤੱਕ ਡੋਨੇਟ ਕਰਨ ਦਾ ਐਲਾਨ ਕੀਤਾ ਗਿਆ ਹੈ। ਜਿੰਨੀ ਰਕਮ ਇੱਕਠੀ ਹੋਵੇਗੀ ਉਹ ਉਸ ਵਿੱਚ 500,000 ਤੱਕ ਬਰਾਬਰ ਰਕਮ ਦਾਨ ਕਰੇਗੀ।

William Osler Health System FOUNDATION

ਇਸ ਦੇ ਨਾਲ ਹੀ ਓਸਲਰ ਦੇ ਨਵੇਂ ਪ੍ਰੈਜ਼ੀਡੈਂਟ ਤੇ ਸੀਈਓ ਡਾ. ਨਵੀਦ ਮੁਹੰਮਦ ਦੇ ਸਮਰਥਨ ਤੇ ਸਨਮਾਨ ਵਿੱਚ ਸਜਾਦ ਇਬ੍ਰਾਹਿਮ ਤੇ ਉਨ੍ਹਾਂ ਦੇ ਪਰਿਵਾਰ ਨੇ ਵੀ 100,000 ਡਾਲਰ ਤਕ ਦੀ ਡੋਨੇਸ਼ਨ ਦੇਣ ਦਾ ਐਲਾਨ ਕੀਤਾ ਹੈ। ਓਸਲਰ ਵੱਲੋਂ ਐਫਡੀਸੀ ਫਾਊਂਡੇਸ਼ਨ ਤੇ ਓਸਲਰ ਫਾਊਂਡੇਸ਼ਨ ਬੋਰਡ ਮੈਂਬਰ ਸਟੀਵ ਰੌਬਿਨਸਨ ਵੱਲੋਂ 250,000 ਡਾਲਰ ਦੀ ਕੀਤੀ ਗਈ ਆਰਥਿਕ ਮਦਦ ਲਈ ਉਨ੍ਹਾਂ ਦਾ ਸ਼ੁਕਰੀਆ ਅਦਾ ਕੀਤਾ ਗਿਆ।

UK TRUCK TRAINING CENTRE
ukttc
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ
ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979 | OPEN 7 DAYS uktruck1@gmail.com | Jitpal Singh Deol 647-204-1936

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates
ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
CANADIAN GLASS AND WINDOW
SINGH (TOCHI)
416-454-3031
647-784-8240
Email: tochisangha1@hotmail.com

KARTAR FURNITURE
ਫਰਨੀਚਰ ਦੀ ਦੁਨੀਆ ਦਾ ਇੱਕੋ ਇੱਕ ਟਿਕਾਊ ਨਾਮ
ਕਰਤਾਰ ਫਰਨੀਚਰ
132”
88”
8 Seated Sofa
- ਅਸੀਂ ਸੋਫਾ ਸੈੱਟ ਖੁੱਦ ਹੱਥੀ ਤਿਆਰ ਕਰਦੇ ਹਾਂ
- ਕਸਟਮਰ ਆਪਣੀ ਪਸੰਦ ਦੇ ਸਪਰਿੰਗ, ਫੇਬਰਿਕ ਅਤੇ ਡਿਜਾਇਨ ਦੱਸ ਸਕਦੇ ਹਨ
- ਪੁਰਾਣੇ ਸੋਫਿਆਂ ਤੇ ਡਾਇਨਿੰਗ ਚੇਅਰ ਨੂੰ ਹਾਰਡ ਫੋਮ ਭਰਕੇ ਨਵਾਂ ਬਣਾਓ
Email: kartarfurnitue@live.com
Call Rajinder Singh 416.741.9657
69 Westmore Dr. #20 Etobicoke ON, M9V 3Y6

We Provide services:
- Corporation Registration
- Corporation Tax Returns
- Personal Tax Retrurns
- Accounting •Book - Keeping
- H.S.T •WSIB •T4 •E-File
- Assistance in Audit with CRA
CPA CHARTERED PROFESSIONAL ACCOUNTANTS
Kamaljeet Singh Saini CPA, CGA
Chartered Professional Accountants
Off: 905-799-6292
Email: kamalgirn@gmail.com
7956 Torbram Rd, Unit #209, Brampton, ON L6T 5A2 Fax: 905-291-0741

Steinmetz & Associates
PERSONAL INJURY LAWYERS
Harry Steinmetz
Certified as Specialist by the Law Society of Ontario in Civil Litigation
(with over 27yrs. of experience)
ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?
ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋ ਬਾਅਦ
BOBBY SIDHU
partner
(Serving the Community for Over 16 yrs.)
ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।
ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੋਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।
If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust
You only pay upon settlement
GURSHARAN BOBBY SIDHU
647.539.3020
1450 Meyerside Drive, Suite 308, Mississauga | 2 OFFICES TO SERVE YOU | 55 St. Clair Ave., West, Toronto
email: bsidhu@steinmetzlawyers.ca website: www.steinmetzlawyers.ca

ਬਰਾੜ ਗਰਾਜ ਡੋਰ
ਅਸੀਂ Repair ਕਰਦੇ ਹਾਂ:
Broken Springs
Cables & Rollers
Garage Door Openers
We Install Garage Door Openers
• ਕਾਲ ਕਰੋ: 416-357-4082 •

ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ
Your Travel Safety Our Priority
JF Insurance Agency Group Inc.
Specialized in Hospital and Medical Insurance for Visitors, Canadian Travellers and International Students since 1992
Join and Represent Us
- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS
905-707-1512
905-707-1513
Molly@jfgroup.ca
Toronto Head Office: 15 wertheim court # 501 Richmond Hill, ON L4B 3H7

# ਸੰਪਾਦਕੀ

## ਕੋਰੋਨਾਵਾਇਰਸ ਵੈਕਸੀਨ: ਕਦੋਂ ਅਤੇ ਕਿਵੇਂ

ਜਿਉਂ 2 ਕੋਰੋਨਾਵਾਇਰਸ ਦੇ ਪ੍ਰਭਾਵ ਦੇ ਸਿਖ਼ਰ ਉੱਤੇ ਪੁੱਜਣ ਤੋਂ ਬਾਅਦ ਇਸਦੇ ਫੈਲਾਅ ਵਿੱਚ ਟਿਕਾਅ (flattening of the curve) ਦੀਆਂ ਸੁਖਦ ਖ਼ਬਰਾਂ ਆਉਣ ਲੱਗੀਆਂ ਹਨ ਤਾਂ ਇੱਕ ਉਮੀਦ ਦੀ ਕਿਰਣ ਵਿਖਾਈ ਦੇਣ ਲੱਗੀ ਹੈ ਕਿ ਦੇਰ ਸਵੇਰ ਜੀਵਨ ਮੁੜ ਆਪਣੀਆਂ ਲੀਹਾਂ ਉੱਤੇ ਆਉਣ ਲਈ ਕਰਵਟਾਂ ਲੈਣ ਲੱਗੇਗਾ। ਹਾਲਾਂਕਿ ਲੀਹ ਉੱਤੇ ਆਉਣ ਬਾਰੇ ਕਿਸੇ ਵਿਉਂਤਵੰਦੀ ਨੂੰ ਲਾਗੂ ਕਰਨ ਲਈ ਸਰਕਾਰਾਂ ਨੂੰ ਅਨੇਕਾਂ ਕਿਸਮ ਦੇ ਲੋਕਲ ਫੈਕਟਰਾਂ ਭਾਵ ਸਥਾਨਕ ਹਕੀਕਤਾਂ ਨੂੰ ਵੇਖਣਾ ਹੋਵੇਗਾ। ਇਸ ਦਿਸ਼ਾ ਵਿੱਚ ਇੱਕ ਵੱਡੀ ਹਕੀਕਤ ਇਸ ਬਿਮਾਰੀ ਦੇ ਵੈਕਸੀਨ ਦਾ ਮਾਰਕੀਟ ਵਿੱਚ ਆਉਣਾ ਹੋਵੇਗਾ। ਵਿਸ਼ਵ ਭਰ ਵਿੱਚ ਸਿਹਤ ਮਾਹਰਾਂ ਵੱਲੋਂ ਮੰਨਿਆ ਜਾ ਰਿਹਾ ਹੈ ਕਿ ਵੈਕਸੀਨ ਦੇ ਆਉਣ ਤੱਕ ਕੋਰੋਨਾਵਾਇਰਸ ਉੱਤੇ ਕਾਬੂ ਪਾਉਣ ਵਰਗੀ ਗੱਲ ਦੀ ਧਾਰਨਾ ਬਣਾਉਣਾ ਇੱਕ ਗਲਤ-ਧਾਰਨਾ ਹੋਵੇਗੀ। ਫੇਰ ਸੁਆਲ ਹੈ ਕਿ ਵੈਕਸੀਨ ਦੇ ਇਜਾਦ ਕੀਤੇ ਜਾਣ ਦੀ ਜੰਗ ਵਿੱਚ ਅੱਜ ਵਿਸ਼ਵ ਕਿੱਥੇ ਖੜਾ ਹੈ?

ਵਿਸ਼ਵ ਸਿਹਤ ਸੰਸਥਾ ਦਾ ਖਿਆਲ ਹੈ ਕਿ ਵੈਕਸੀਨ ਦੇ ਤਿਆਰ ਹੋ ਕੇ ਆਮ ਪਬਲਿਕ ਲਈ ਉਪਲਬਧ ਹੋਣ ਵਿੱਚ 18 ਮਹੀਨੇ ਦਾ ਸਮਾਂ ਲੱਗ ਸਕਦਾ ਹੈ। ਇਸਦੇ ਉਲਟ Coalition for Epidemic Preparedness Innovations (CEPI) ਦਾ ਦਾਅਵਾ ਹੈ ਕਿ ਵੈਕਸੀਨ 12 ਮਹੀਨੇ ਭਾਵ 2021 ਦੇ ਆਰੰਭ ਵਿੱਚ ਉਪਲਬਧ ਕਰਵਾਇਆ ਜਾ ਸਕਦਾ ਹੈ। ਇਹ ਕੋਲੀਸ਼ਨ ਵੈਕਸੀਨ ਨੂੰ ਤਿਆਰ ਕਰਨ ਦੇ ਉੱਦਮਾਂ ਨੂੰ ਅੱਗੇ ਤੋਰਨ ਵਾਸਤੇ ਵਿਸ਼ਵ ਭਰ ਵਿੱਚੋਂ 2 ਬਿਲੀਅਨ ਡਾਲਰ ਜਮ੍ਹਾਂਪੂੰਜੀ ਦਾ ਫੰਡ ਖੜਾ ਕਰ ਰਹੀ ਹੈ। ਜਨਤਕ ਪੱਧਰ (Community level) ਉੱਤੇ ਸਿਹਤ ਮਾਮਲਿਆਂ ਉੱਤੇ ਵਿਸ਼ੇਸ਼ੱਗਤਾ ਰੱਖਣ ਵਾਲੇ ਸਿਹਤ ਮਾਹਰਾਂ ਦਾ ਖਿਆਲ ਹੈ ਕਿ ਵੈਕਸੀਨ ਤਿਆਰ ਕਰਨਾ ਹੀ ਚੁਣੌਤੀ ਨਹੀਂ ਸਗੋਂ ਵੈਕਸੀਨ ਦਾ ਲੋੜੀਂਦੀ ਮਾਤਰਾ ਵਿੱਚ ਤਿਆਰ ਕਰਨਾ ਅਤੇ ਉਸਦਾ ਵਿਸ਼ਵ ਭਰ ਵਿੱਚ ਸਹੀ ਵਿਤਰਣ ਕਰਨਾ ਹੋਰ ਵੀ ਵੱਡੀ ਚੁਣੌਤੀ ਹੋਵੇਗੀ।

ਮਾਹਰ ਦਾ ਖਿਆਲ ਹੈ ਕਿ ਜਦੋਂ ਤੱਕ ਵਿਸ਼ਵ ਦੀ 60 ਤੋਂ 70% ਜਨਸੰਖਿਆ ਲਈ ਵੈਕਸੀਨ ਉਪਲਬਧ ਨਹੀਂ ਹੁੰਦਾ ਤਾਂ ਕਿਸੇ ਪ੍ਰਭਾਵਸ਼ਾਲੀ ਹੱਲ ਦਾ ਨਿਕਲਣਾ ਔਖਾ ਹੋਵੇਗਾ। ਇਸ ਬਿਮਾਰੀ ਨੇ ਇੰਗਲੈਂਡ ਦੇ ਪ੍ਰਧਾਨ ਮੰਤਰੀ ਤੋਂ ਲੈ ਕੇ ਗਰੀਬ ਮੁਲਕਾਂ ਵਿੱਚ ਵੱਸਦੇ ਸਾਧਾਰਨ ਵਿਅਕਤੀਆਂ ਤੱਕ ਅਮੀਰ ਗਰੀਬ ਅਤੇ ਉੱਚੇ ਨੀਵੇਂ ਦੇ ਪਾੜੇ ਨੂੰ ਖ਼ਤਮ ਕਰਕੇ ਆਪਣਾ ਜਾਲ ਫੈਲਾਇਆ ਹੈ। ਇਸਨੂੰ ਵੇਖਦੇ ਸਮਝ ਬਣਦੀ ਹੈ ਕਿ ਇਸ ਬਿਮਾਰੀ ਦਾ ਵੈਕਸੀਨ ਜਦੋਂ ਤੱਕ ਸੱਭਨਾਂ ਲਈ ਆਸਾਨੀ ਨਾਲ ਉਪਲਬਧ ਨਹੀਂ ਹੁੰਦਾ, ਸਮੱਸਿਆ ਨੂੰ ਕਿਸੇ ਵੀ ਦਰਵਾਜ਼ੇ ਤੋਂ ਦੂਰ ਚਲੀ ਗਈ ਨਹੀਂ ਮੰਨਿਆ ਜਾ ਸਕਦਾ। ਮਾਹਰਾਂ ਨੇ ਇਹ ਵੀ ਵੇਖਣਾ ਹੋਵੇਗਾ ਕਿ ਕੀ ਇੱਕ ਵੈਕਸੀਨ ਵਿਸ਼ਵ ਦੇ ਹਰ ਮੁਲਕ, ਹਰ ਉਮਰ ਵਰਗ ਵਿੱਚ ਇੱਕੋ ਜਿਹਾ ਅਸਰਦਾਰ ਸਾਬਤ ਹੋਵੇਗਾ? ਮਿਸਾਲ ਵਜੋਂ ਕੀ ਇੱਕ ਵੈਕਸੀਨ ਯੁਵਾਵਾਂ ਅਤੇ ਬਜ਼ੁਰਗਾਂ ਲਈ, ਨੇਪਾਲ ਭਾਰਤ ਪਾਕਿਸਤਾਨ ਅਤੇ ਕੈਨੇਡਾ, ਅਮਰੀਕਾ ਇੰਗਲੈਂਡ ਜਾਂ ਅਫਰੀਕਨ ਮੁਲਕਾਂ ਵਿੱਚ ਇੱਕੋ ਜਿਹੇ ਪ੍ਰਭਾਵ ਨਾਲ ਕੰਮ ਕਰੇਗਾ?

ਉੱਪਰਲੀ ਸਤਹ ਉੱਤੇ ਵੈਕਸੀਨ ਤਿਆਰ ਕਰਨ ਲਈ ਚੱਲ ਰਹੀਆਂ ਕੋਸ਼ਿਸ਼ਾਂ ਚੰਗੀਆਂ ਵਿਖਾਈ ਦੇ ਸਕਦੀਆਂ ਹਨ। ਜਦੋਂ ਗੱਲ ਮੁਲਕਾਂ ਦੀ ਆਪਸੀ ਖਹਿਬਾਜ਼ੀ, ਸਥਾਨਕ ਪਹਿਲਤਾਵਾਂ ਅਤੇ ਮਲਟੀਨੈਸ਼ਨਲ ਸੰਸਥਾਵਾਂ ਦੇ ਵਿੱਤੀ ਉਦੇਸ਼ਾਂ ਦੀ ਗੱਲ ਆਉਂਦੀ ਹੈ ਤਾਂ ਮਾਮਲਾ ਐਨਾ ਸਿੱਧਾ ਪੱਧਰਾ ਨਹੀਂ ਰਹਿ ਜਾਂਦਾ ਜਿੰਨਾ ਵਿਖਾਈ ਦੇਂਦਾ ਹੈ। ਵਿਸ਼ਵ ਸਿਹਤ ਸੰਸਥਾ ਵੱਲੋਂ ਇੱਕ ਮਾਹਰਾਂ ਦੇ ਗਰੁੱਪ (Group of Experts) ਦਾ ਗਠਨ ਕੀਤਾ ਗਿਆ ਹੈ ਜੋ ਕੋਰੋਨਾਵਾਇਰਸ ਨਾਲ ਲੜਨ ਵਾਲੇ ਵੈਕਸੀਨ ਨੂੰ ਤਿਆਰ ਕਰਨ ਲਈ ਕੰਮ ਕਰ ਰਿਹਾ ਹੈ। ਇਸ ਵਿੱਚ ਅਮਰੀਕਾ ਕੈਨੇਡਾ ਸਮੇਤ ਕਈ ਯੂਰਪੀਅਨ ਮੁਲਕਾਂ ਦੇ ਮਾਹਰ ਸ਼ਾਮਲ ਹਨ ਪਰ ਚੀਨ ਅਤੇ ਨੇਪਾਲ ਨੂੰ ਛੱਡ ਕੇ ਏਸ਼ੀਆ ਜਾਂ ਅਫਰੀਕਾ ਦੇ ਮੁਲਕ ਗੈਰਹਾਜ਼ਰ ਹਨ। ਬੇਸ਼ੱਕ ਇਹ ਅਮਰੀਕਾ ਦੇ ਨਾਲ WHO ਇੱਟ ਖੜਿਕੇ ਦਾ ਸਿੱਟਾ ਹੋਵੇ ਪਰ ਅਮਰੀਕਾ ਦੇ ਸਟੇਟ ਸਕੱਤਰ ਮਾਈਕ ਪੋਂਪੇਓ ਨੇ ਬੀਤੇ ਦਿਨੀਂ ਇਹ ਆਖ ਕੇ ਕਈਆਂ ਨੂੰ ਹੈਰਾਨ ਕਰ ਦਿੱਤਾ ਕਿ ਅਮਰੀਕਾ ਭਾਰਤ ਨਾਲ ਮਿਲ ਕੇ ਵੈਕਸੀਨ ਤਿਆਰ ਕਰਨ ਜਾ ਰਿਹਾ ਹੈ। ਭਾਰਤ ਵਿੱਚ ਅੱਧੀ ਦਰਜ਼ਨ ਤੋਂ ਵੱਧ ਸੰਸਥਾਵਾਂ ਵੈਕਸੀਨ ਤਿਆਰ ਕਰਨ ਲਈ ਕੰਮ ਆਰੰਭ ਕਰ ਚੁੱਕੀਆਂ ਹਨ। ਇਹਨਾਂ ਵਿੱਚੋਂ ਇੱਕ Serum Institute of India ਹੈ ਜੋ ਹਰ ਸਾਲ ਡੇਢ ਬਿਲੀਅਨ ਵੱਖੋ ਵੱਖਰੇ ਵੈਕਸੀਨ ਕਰਕੇ ਵਿਸ਼ਵ ਰਿਕਾਰਡ ਬਣਾਉਂਦੀ ਹੈ। ਇਹ ਫਰਮ ਅਮਰੀਕਨ ਕੰਪਨੀ Codagenix ਨਾਲ ਮੁਆਇਦਾ ਕਰ ਵੀ ਚੁੱਕੀ ਹੈ।

ਵਿਸ਼ਵ ਭਰ ਵਿੱਚ 30 ਲੱਖ ਲੋਕਾਂ ਨੂੰ ਆਪਣੀ ਚਪੇਟ ਵਿੱਚ ਲੈ ਕੇ 2 ਲੱਖ ਤੋਂ ਵੱਧ ਨੂੰ ਮਾਰਨ ਲਈ ਜੁੰਮੇਵਾਰ ਕੋਰੋਨਾਵਾਇਰਸ ਨੂੰ ਸਿੱਝਣਾ ਸੌਖਾ ਕੰਮ ਨਹੀਂ ਹੋਵੇਗਾ। ਪਰ ਕਈ ਮਾਹਰ ਆਸ ਦੀ ਇੱਕ ਹੋਰ ਕਿਰਣ ਵੀ ਵੇਖ ਰਹੇ ਹਨ। ਉਹਨਾਂ ਮੁਤਾਬਕ ਜਿਵੇਂ ਐਚ. ਆਈ. ਵੀ. ਦਾ ਕੋਈ ਵੈਕਸੀਨ ਨਹੀਂ ਤਿਆਰ ਕੀਤਾ ਜਾ ਸਕਿਆ ਪਰ ਕਈ ਕਿਸਮ ਦੇ ਐਂਟੀ-ਵਾਇਰਲ ਡਰੱਗਾਂ ਦੀ ਮਦਦ ਨਾਲ ਏਡਜ਼ ਦੇ ਮਰੀਜਾਂ ਵਿੱਚ ਮੌਤ ਦਰ ਨੂੰ ਘਟਾਉਣ ਅਤੇ ਚੰਗੀ ਸਿਹਤ ਪ੍ਰਦਾਨ ਕਰਨ ਵਿੱਚ ਚੋਖੀ ਤਰੱਕੀ ਪਾਈ ਜਾ ਚੁੱਕੀ ਹੈ। ਅੱਜ ਅਜਿਹੇ ਡਰੱਗ ਵੀ ਉਪਲਬਧ ਹੋ ਚੁੱਕੇ ਹਨ ਜਿਹਨਾਂ ਨਾਲ ਸੈਕਸ ਰਾਹੀਂ ਏਡਜ਼ ਦੂਜੇ ਵਿਅਕਤੀ ਵਿੱਚ ਫੈਲਾਉਣੀ ਰੋਕੀ ਜਾ ਸਕਦੀ ਹੈ। ਮੁਮਕਿਨ ਹੈ ਕਿ ਕੋਰੋਨਾਵਾਇਰਸ ਦੇ ਵੈਕਸੀਨ ਦੀ ਤਲਾਸ਼ ਦੇ ਉੱਦਮਾਂ ਦੇ ਚੱਲਦੇ ਸਾਇੰਸ ਕੋਈ ਬਦਲਵੇਂ ਨੁਸਖੇ ਇਜਾਦ ਕਰ ਲਵੇ ਜੋ ਮਨੁੱਖਤਾ ਨੂੰ ਰਾਹਤ ਬਖ਼ਸ਼ਣ। ਆਸ ਉਮੀਦ ਹੀ ਤਾਂ ਮਨੁੱਖ ਲਈ ਸੱਭ ਤੋਂ ਵੱਡੀ ਕਰਾਮਾਤ ਹੈ।

## ਕੋਵਿਡ-19 ਦੇ ਇਲਾਜ ਬਾਰੇ ਝੂਠੇ ਦਾਅਵਿਆਂ ਤੋਂ ਸਾਵਧਾਨ ਰਹਿਣ ਦੀ ਹੈਲਥ ਕੈਨੇਡਾ ਨੇ ਦਿੱਤੀ ਚੇਤਾਵਨੀ

ਓਟਵਾ, 30 ਅਪਰੈਲ (ਪੋਸਟ ਬਿਊਰੋ) : ਕਰੋਨਾਵਾਇਰਸ ਦੇ ਇਲਾਜ ਲਈ ਬਲੀਚ ਦਾ ਟੀਕਾ ਲਾਉਣ ਦੀ ਸਲਾਹ ਸਿਰਫ ਅਮਰੀਕਾ ਦੇ ਰਾਸ਼ਟਰਪਤੀ ਡੌਨਲਡ ਟਰੰਪ ਵੱਲੋਂ ਹੀ ਨਹੀਂ ਦਿੱਤੀ ਜਾ ਰਹੀ। ਅਜਿਹੀਆਂ ਕਈ ਹੋਰ ਚੀਜ਼ਾਂ ਹਨ ਜਿਨ੍ਹਾਂ ਨੂੰ ਕਰੋਨਾਵ-ਾਇਰਸ ਦਾ ਇਲਾਜ ਦੱਸ ਕੇ ਪ੍ਰਚਾਰਿਆ ਜਾ ਰਿਹਾ ਹੈ।

ਹੈਲਥ ਕੈਨੇਡਾ ਵੱਲੋਂ 101 ਉਤਪਾਦਾਂ ਦੀ ਸੂਚੀ ਜਾਰੀ ਕਰਕੇ ਕੈਨੇਡੀਅਨਾਂ ਨੂੰ ਇਨ੍ਹਾਂ ਤੋਂ ਦੂਰ ਰਹਿਣ ਦੀ ਸਲਾਹ ਦਿੱਤੀ ਗਈ ਹੈ। ਇਮਿਊਨ ਸਿਸਟਮ ਵਿੱਚ ਵਾਧਾ ਕਰਨ ਲਈ ਐਚਨੇਸ਼ੀਆ ਤੇ ਆਰੇਗੈਨੋ ਆਇਲ ਤੋਂ ਲੈ ਕੇ ਵਿਟਾਮਿਨ ਤੇ ਹੋਰ ਚੀਜ਼ਾਂ ਨੂੰ ਕੁਦਰਤੀ ਇਲਾਜ ਦੱਸਿਆ ਜਾ ਰਿਹਾ ਹੈ ਜੋ ਕਿ ਗਲਤ ਹੈ। ਓਜ਼ੋਨ ਲੈਂਪ ਬਲਬ ਤੋਂ ਅਲਟਰਾਵ-ਾਇਲਟ ਡਿਸਇਨਫੈਕਟਿੰਗ ਲੈਂਪ, ਧੋਏ ਜਾ ਸਕਣ ਵਾਲੇ ਤੇ ਮੁੜ ਵਰਤੋਂ ਵਿੱਚ ਆਉਣ ਵਾਲੇ ਡਸਟ ਮਾਸਕਸ, ਬੌਟਲ ਸਪਰੇਅਰਜ਼, ਪਾਵਰ ਵਾਸ਼ਰਜਲ ਆਦਿ ਨੂੰ ਵੀ ਕੋਵਿਡ-19 ਦੌਰਾਨ ਲਾਹੇਵੰਦ ਦੱਸਿਆ ਜਾ ਰਿਹਾ ਹੈ। ਕਿਜੀਜੀ ਉੱਤੇ ਰੈਜ਼ੀਡੈਂਸ਼ੀਅਲ ਪਿਊਰੀਫਾਇਰਜ਼ ਲਈ ਇਹ ਦਾਅਵਾ ਕੀਤਾ ਗਿਆ ਹੈ ਕਿ ਇਨ੍ਹਾਂ ਰਾਹੀਂ ਖੁਦ ਨੂੰ ਤੇ ਆਪਣੇ ਪਰਿਵਾਰ ਨੂੰ ਕਰੋਨਾਵਾਇਰਸ ਤੋਂ ਬਚਾਓ। ਫੇਸ ਸ਼ੀਲਡਜ਼ ਤੇ ਲੈਬੌਰਟਰੀ ਸੇਫਟੀ ਗਲਾਸਿਜ਼ ਵੀ ਕੋਵਿਡ-19 ਦੀ ਹਿਫਾਜ਼ਤ ਦਾ ਹਵਾਲਾ ਦੇ ਕੇ ਵੇਚੇ ਗਏ ਹਨ। ਕਾਰਬਨ ਵਾਟਰ ਫਿਲਟਰ ਸਿਸਟਮਜ਼ ਨੂੰ ਵੀ ਇਸ ਸੰਦਰਭ ਵਿੱਚ ਵੇਚਿਆ ਗਿਆ। ਕਈ ਵਾਰੀ ਇਸ ਤਰ੍ਹਾਂ ਦੇ ਝੂਠੇ ਦਾਅਵੇ ਉਸ ਪ੍ਰੋਡਕਟ ਨੂੰ ਤਿਆਰ ਕਰਨ ਵਾਲਿਆਂ ਵੱਲੋਂ ਨਹੀਂ ਕੀਤੇ ਜਾਂਦੇ, ਸਗੋਂ ਸੈਕੰਡ ਹੈਂਡ ਵੈਂਡਰਜ਼ ਵੱਲੋਂ ਕੀਤੇ ਜਾਂਦੇ ਹਨ ਤੇ ਜਾਂ ਫਿਰ ਐਮੇਜ਼ੌਨ, ਫੇਸਬੁੱਕ ਤੇ ਕਿਜੀਜੀ ਉਤੇ ਰੀਸੈਲਰਜ਼ ਵੱਲੋਂ ਇਨ੍ਹਾਂ ਬਾਰੇ ਖਾਹਮਖਾਹ ਦੇ ਦਾਅਵੇ ਕੀਤੇ ਜਾਂਦੇ ਹਨ।

ਝੂਠੇ ਤੇ ਗੁੰਮਰਾਹ ਕਰਨ ਵਾਲੇ ਦਾਅਵੇ ਕਰਕੇ ਕਿਸੇ ਪ੍ਰੋਡਕਟ ਨੂੰ ਵੇਚਣਾ ਜਾਂ ਉਸ ਦੀ ਮਸ਼ਹੂਰੀ ਕਰਨਾ ਗੈਰਕਾਨੂੰਨੀ ਹੈ ਤੇ ਹੈਲਥ ਕੈਨੇਡਾ ਵੱਲੋਂ ਇਹ ਸਪਸ਼ਟ ਕੀਤਾ ਗਿਆ ਹੈ ਕਿ ਕੋਵਿਡ-19 ਦਾ ਕੋਈ ਇਲਾਜ ਨਹੀਂ ਹੈ।

## ਓਨਟਾਰੀਓ 'ਚ ਮਈ ਦੇ ਅੰਤ ਤੱਕ ਬੰਦ ਰਹਿਣਗੇ ਪਬਲਿਕ ਸਕੂਲ

ਓਨਟਾਰੀਓ, 30 ਅਪਰੈਲ (ਪੋਸਟ ਬਿਊਰੋ) : ਫੋਰਡ ਸਰਕਾਰ ਵੱਲੋਂ ਸਾਰੇ ਜਨਤਕ ਫੰਡ ਹਾਸਲ ਕਰਨ ਵਾਲੇ ਸਕੂਲਾਂ ਨੂੰ ਮਈ ਦੇ ਅੰਤ ਤੱਕ ਬੰਦ ਰੱਖਣ ਦਾ ਫੈਸਲਾ ਕੀਤਾ ਗਿਆ ਹੈ।

ਸਿੱਖਿਆ ਮੰਤਰੀ ਸਟੀਫਨ ਲਿਚੇ ਨੇ ਦੱਸਿਆ ਕਿ ਇਹ ਫੈਸਲਾ ਪ੍ਰੋਵਿੰਸ਼ੀਅਲ ਹੈਲਥ ਅਧਿਕਾਰੀਆਂ ਤੇ ਮਾਹਿਰਾਂ ਦੀ ਰਾਇ ਤੋਂ ਬਾਅਦ ਹੀ ਲਿਆ ਗਿਆ ਹੈ। ਪ੍ਰੋਵਿੰਸ਼ੀਅਲ ਵਿਧਾਨਸਭਾ ਤੋਂ ਗੱਲ ਕਰਦਿਆਂ ਲਿਚੇ ਨੇ ਆਖਿਆ ਕਿ ਮਾਪਿਆਂ ਨੂੰ ਉਹ ਯਕੀਨ ਦਿਵਾਉਣਾ ਚਾਹੁੰਦੇ ਹਨ ਕਿ ਇਸ ਫੈਸਲੇ ਪਿੱਛੇ ਬੱਚਿਆ ਦੀ ਸੇਫਟੀ ਹੀ ਸਾਡਾ ਮੁੱਖ ਮੰਤਵ ਹੈ।

ਲਿਚੇ ਨੇ ਇਹ ਵੀ ਆਖਿਆ ਕਿ ਸਕੂਲ ਯੀਅਰ ਬਾਰੇ ਆਖਰੀ ਫੈਸਲਾ ਮਈ ਦੇ ਅੰਤ ਵਿੱਚ ਲਿਆ ਜਾਵੇਗਾ। ਉਨ੍ਹਾਂ ਇਹ ਵੀ ਆਸ ਪ੍ਰਗਟਾਈ ਕਿ ਸਕੂਲ ਸਾਲ ਦੇ ਅੰਤ ਵਾਲੀ ਟਰਮ ਲਈ ਖੁੱਲ੍ਹ ਜਾਣਗੇ। ਜ਼ਿਕਰਯੋਗ ਹੈ ਕਿ ਪ੍ਰਾਈਵੇਟ ਸਕੂਲਜ਼, ਫਰਸਟ ਨੇਸ਼ਨ ਸਕੂਲਜ਼ ਉੱਤੇ ਇਹ ਫੈਸਲਾ ਲਾਗੂ ਨਹੀਂ ਹੁੰਦਾ। ਲਾਇਸੰਸਸ਼ੁਦਾ ਚਾਈਲਡ ਕੇਅਰ ਸੈਂਟਰਜ਼ ਦੇ ਨਾਲ ਉਹ ਵੀ ਪ੍ਰੋਵਿੰਸ ਦੇ ਐਮਰਜੰਸੀ ਆਰਡਰਜ਼ ਤਹਿਤ ਆਉਂਦੇ ਹਨ ਤੇ ਹਾਲ ਦੀ ਘੜੀ 6 ਮਈ ਤੱਕ ਬੰਦ ਰਹਿਣਗੇ।

GREAT OPPOURTUNITY TO INVEST IN NIAGRA FALLS
- Freehold Traditional 2-Storey townhouse
- 3 Bedroom + 2 Bedroom finished basement
- Deposit less than 10% in 5 months
Starting from low 400,000
✓ Freehold ✓ 25x100ft lot
✓ Individual Yard & Driveway ✓ Finished Basement
40k Deposit Structure: $10,000 Submitted with offer; $10,000 Submitted 90 days after Offer Date; $20,000 Submitted 150 days after Offer Date
Jagdish Grewal, Sales Representative
Residential | Commercial | Investment (416) 970-5005
Century 21 President Realty Inc Brokerage* Independently Owned and Operated.
www.vipcondonetwork.com
27 Armthorpe Rd Brampton #3, ON L6T 5M4 | Fax : 905-488-2101
Office: 905-488-2100 Ext. 348

## ਕਾਰੋਬਾਰਾਂ ਨੂੰ ਸੁਰੱਖਿਅਤ ਢੰਗ ਨਾਲ ਰੀਓਪਨ ਕਰਨ ਲਈ ਫੋਰਡ ਸਰਕਾਰ ਨੇ ਜਾਰੀ ਕੀਤੇ ਦਿਸ਼ਾ ਨਿਰਦੇਸ਼

...ਪੰਨਾ 1 ਦਾ ਬਾਕੀ

ਵੀਰਵਾਰ ਨੂੰ ਓਨਟਾਰੀਓ ਵੱਲੋਂ ਕਈ ਖਾਸ ਖੇਤਰਾਂ ਲਈ ਸੇਧ ਜਾਰੀ ਕੀਤੀ ਗਈ, ਇਨ੍ਹਾਂ ਵਿੱਚ ਆਫਿਸ ਵਰਕਰਜ਼, ਰਿਟੇਲ ਤੇ ਫੂਡ ਸਰਵਿਸ, ਕੰਸਟ੍ਰਕਸ਼ਨ, ਟਰਾਂਸਪੋਰਟੇਸ਼ਨ, ਐਗਰੀਕਲਚਰ, ਫਿਲਮ ਤੇ ਟੀਵੀ ਆਦਿ ਸ਼ਾਮਲ ਹਨ। ਇਨ੍ਹਾਂ ਸਾਰੇ ਸੈਕਟਰਜ਼ ਦੇ ਲੋਕਾਂ ਨੂੰ ਠੀਕ ਨਾ ਹੋਣ ਦੀ ਸੂਰਤ ਵਿੱਚ ਘਰ ਵਿੱਚ ਹੀ ਰਹਿਣ, ਆਪਣੇ ਹੱਥ ਵਾਰ ਵਾਰ ਧੋਣ ਤੇ ਸਾਫ ਸਫਾਈ ਸਬੰਧੀ ਸਹੀ ਢੰਗ ਤਰੀਕਿਆਂ ਦੀ ਵਰਤੋਂ ਕਰਨ ਦੀਆਂ ਹਦਾਇਤਾਂ ਜਾਰੀ ਕੀਤੀਆਂ ਗਈਆਂ।

ਇਨ੍ਹਾਂ ਸਿਫਾਰਸਾਂ ਵਿੱਚ ਆਖਿਆ ਗਿਆ ਕਿ ਟੀਮ ਮੀਟਿੰਗਾਂ ਆਊਟਡੋਰ ਕੀਤੀਆਂ ਜਾਣ, ਸ਼ਿਫਟ ਟਾਈਮ ਦਾ ਧਿਆਨ ਰੱਖਿਆ ਜਾਵੇ, ਜ਼ਮੀਨ ਉੱਤੇ ਨਿਸ਼ਾਨ ਲਾ ਕੇ ਦੂਰੀ ਬਣਾਈ ਜਾਵੇ ਤੇ ਟਰੈਫਿਕ ਫਲੋਅ ਨੂੰ ਮੈਨੇਜ ਕਰਨ ਲਈ ਬੈਰੀਅਰ ਬਣਾਏ ਜਾਣ।ਆਫਿਸਾਂ ਵਿੱਚ ਦੋ ਮੀਟਰ ਦੀ ਦੂਰੀ ਵਾਲੇ ਨਿਯਮ ਦੀ ਪਾਲਣਾ ਯਕੀਨੀ ਬਣਾਈ ਜਾਵੇ, ਵਰਕਸਟੇਸ਼ਨਜ਼ ਤੇ ਟੈਲੀਫੋਨਜ਼ ਦੀ ਸਾਂਝੀ ਵਰਤੋਂ ਨਾ ਕੀਤੀ ਜਾਵੇ, ਜਿੰਨਾਂ ਹੋ ਸਕੇ ਓਨੇ ਕਰਮਚਾਰੀ ਘਰ ਤੋਂ ਹੀ ਕੰਮ ਕਰਨ। ਰਿਟੇਲ ਬਿਜ਼ਨਸਿਜ਼ ਆਨਲਾਈਨ ਆਰਡਰ ਹੀ ਲੈਣ, ਡਲਿਵਰੀ ਤੇ ਕਰਬਸਾਈਡ ਪਿੱਕਅੱਪ ਆਪਸ਼ਨਜ਼ ਅਪਣਾਈਆਂ ਜਾਣ, ਡਲਿਵਰੀ ਕਰਨ ਵਾਲਿਆਂ ਦਾ ਕਸਟਮਰਜ਼ ਨਾਲ ਕੋਈ ਕਾਂਟੈਕਟ ਨਾ ਹੋਵੇ, ਟੈਕਸਟ ਮੈਸੇਜ ਰਾਹੀਂ ਇਹ ਦੱਸ ਦਿੱਤਾ ਜਾਵੇ ਕਿ ਉਨ੍ਹਾਂ ਦਾ ਪੈਕੇਜ ਪਹੁੰਚਾ ਦਿੱਤਾ ਗਿਆ ਹੈ।

ਸਟੋਰਾਂ ਵਿੱਚ ਕਾਰੋਬਾਰਾਂ ਨੂੰ ਕੈਸ਼ਲੈੱਸ ਟਰਾਂਜ਼ੈਕਸ਼ਨ ਉੱਤੇ ਨਿਰਭਰ ਕਰਨਾ ਚਾਹੀਦਾ ਹੈ, ਕੈਸ਼ੀਅਰਜ਼ ਤੇ ਕਸਟਮਰਜ਼ ਦਰਮਿ-ਮਆਨ ਬੈਰੀਅਰ ਬਣਾਇਆ ਜਾਵੇ, ਫਿਜ਼ੀਕਲ ਡਿਸਟੈਂਸਿੰਗ ਲਈ ਜ਼ਮੀਨ ਉੱਤੇ ਨਿਸ਼ਾਨ ਲਾਏ ਜਾਣ, ਕਾਰਟਸ ਤੇ ਬਾਸਕਿਟਸ ਨੂੰ ਸੈਨੇਟਾਈਜ਼ ਕੀਤਾ ਜਾਵੇ, ਦਾਖਲ ਹੋਣ ਸਮੇਂ ਕਸਟਮਰਜ਼ ਦੇ ਹੱਥ ਸੈਨੇਟਾਈਜ਼ਰ ਰਾਹੀਂ ਸਾਫ ਕਰਵਾਏ ਜਾਣ, ਇੱਕ ਸਮੇਂ ਉੱਤੇ ਸਟੋਰ ਵਿੱਚ ਘੱਟ ਤੋਂ ਘੱਟ ਲੋਕ ਹੋਣੇ ਚਾਹੀਦੇ ਹਨ ਤੇ ਮੁੜ ਤੋਂ ਵਰਤੋਂ ਵਿੱਚ ਆਉਣ ਵਾਲੇ ਬੈਗਜ਼ ਜਾਂ ਕੰਟੇਨਰਜ਼ ਦੀ ਵਰਤੋਂ ਨਾ ਕੀਤੀ ਜਾਵੇ।

ਇਹ ਵੀ ਆਖਿਆ ਗਿਆ ਕਿ ਜੇ ਤੁਹਾਡੀ ਕੰਮ ਵਾਲੀ ਥਾਂ ਲਈ ਉੱਪਰ ਦਿੱਤੀਆਂ ਗਈਆਂ ਸਿਫਾਰਸ਼ਾਂ ਕਾਫੀ ਨਹੀਂ ਹਨ ਤਾਂ ਪਰਸਨਲ ਪ੍ਰੋਟੈਕਟਿਵ ਇਕਿਉਪਮੈਂਟ (ਪੀਪੀਈ) ਦੀ ਵਰਤੋਂ ਵੀ ਆਖਰੀ ਹੀਲੇ ਵਜੋਂ ਕੀਤੀ ਜਾ ਸਕਦੀ ਹੈ। ਲੇਬਰ ਮੰਤਰੀ ਮੌਂਟੇ ਮੈਕਨੌਟਨ ਨੇ ਆਖਿਆ ਕਿ ਇਹ ਮਾਪਦੰਡ ਅਪਣਾਏ ਜਾਣਾ ਲਾਜ਼ਮੀ ਨਹੀਂ ਹੈ ਪਰ ਉਨ੍ਹਾਂ ਨੂੰ ਆਸ ਹੈ ਕਿ ਕਾਰੋਬਾਰ ਇਹ ਦਿਸ਼ਾ ਨਿਰਦੇਸ਼ ਮੰਨਣਗੇ।

## ਦਰਦ-ਏ-ਦਿਲ ਗਾਉਣ ਵਾਲਾ ਰਿਸ਼ੀ ਕਪੂਰ ਸੰਸਾਰ ਤੋਂ ਤੁਰ ਗਿਆ



ਮੁੰਬਈ, 30 ਅਪਰੈਲ, (ਪੋਸਟ ਬਿਊਰੋ)- ਭਾਰਤ ਦੇ ਪ੍ਰਮੁੱਖ ਫਿਲਮ ਸਟਾਰ ਰਿਸ਼ੀ ਕਪੂਰ ਨਹੀਂ ਰਹੇ। ਅੱਜ ਸਵੇਰੇ 8:45 ਵਜੇ ਉਨ੍ਹਾਂ ਨੇ ਮੁੰਬਈ ਦੇ ਐੱਚ ਐੱਨ ਰਿਲਾਇੰਸ ਹਸਪਤਾਲ ਵਿਚ ਆਖਰੀ ਸਾਹ ਲਿਆ। ਉਹ ਦੋ ਸਾਲ ਤੋਂ ਲਿਊਕੇਮੀਆ ਦੀ ਬਿਮਾਰੀ ਤੋਂ ਪੀੜਤ ਸਨ। ਵੀਰਵਾਰ ਸ਼ਾਮ ਚੰਦਨਵਾੜੀ ਸ਼ਮਸ਼ਾਨ ਘਾਟ ਵਿਚ ਉਨ੍ਹਾਂ ਦਾ ਅੰਤਮ ਸੰਸਕਾਰ ਕਰ ਦਿੱਤਾ ਗਿਆ, ਜਿੱਥੇ ਕਰੀਬ 25 ਲੋਕ ਹੀ ਸਨ। ਰਿਸ਼ੀ ਕਪੂਰ ਦੀ ਧੀ ਰਿੱਧਿਮਾ ਲਾਕਡਾਊਨ ਕਾਰਨ ਮੁੰਬਈ ਤੋਂ ਨਹੀਂ ਆ ਸਕੀ। ਇਸ ਮੌਕੇ ਨੀਤੂ ਕਪੂਰ, ਰਣਬੀਰ ਕਪੂਰ, ਕਰੀਨਾ ਕਪੂਰ, ਰਣਧੀਰ ਕਪੂਰ, ਅਭਿਸ਼ੇਕ ਬੱਚਨ, ਐਸ਼ਵਰਿਆ ਰਾਏ ਬੱਚਨ, ਆਲੀਆ ਭੱਟ, ਰੀਮਾ ਜੈਨ, ਮਨੋਜ ਜੈਨ, ਆਦਰ ਜੈਨ, ਅਮੀਸ਼ਾ ਜੈਨ ਅਤੇ ਚੋਣਵੇਂ ਕਰੀਬੀ ਲੋਕ ਹੀ ਸਨ।

ਰਿਸ਼ੀ ਕਪੂਰ ਦੀ ਮੌਤ ਦੀ ਖਬਰ ਦਿੰਦੇ ਹੋਏ ਨੀਤੂ ਕਪੂਰ ਨੇ ਸੋਸ਼ਲ ਮੀਡੀਆ ਉੱਤੇ ਕਿਹਾ ਕਿ ਆਪਣੇ ਅੰਤਿਮ ਸਮੇਂ ਤੱਕ ਉਹ ਹਸਪਤਾਲ ਦੇ ਡਾਕਟਰਾਂ ਤੇ ਮੈਡੀਕਲ ਸਟਾਫ ਦਾ ਮਨੋਰੰਜਨ ਕਰਦੇ ਰਹੇ। ਰਿਸ਼ੀ ਕਪੂਰ ਬਹੁਪੱਖੀ ਪਿਆਰੇ ਅਤੇ ਜੀਵੰਤ ਸਨ। ਉਹ ਟੈਲੈਂਟ ਦਾ ਪਾਵਰ ਹਾਊਸ ਸਨ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਰਾਹੁਲ ਗਾਂਧੀ ਨੇ ਵੀ ਟਵੀਟ ਕਰ ਕੇ ਰਿਸ਼ੀ ਕਪੂਰ ਦੇ ਦੇਹਾਂਤ ਉੱਤੇ ਸ਼ੋਕ ਜਤਾਇਆ ਹੈ।

ਕਪੂਰ ਘਰਾਣੇ ਵਿੱਚ ਪੈਦਾ ਹੋਏ ਰਿਸ਼ੀ ਦਾ ਫਿਲਮੀ ਸਫਰ ਬਚਪਨ ਤੋਂ ਹੀ ਸ਼ੁਰੂ ਹੋ ਗਿਆ ਸੀ। 'ਮੇਰਾ ਨਾਮ ਜੋਕਰ' ਵਿਚ ਉਨ੍ਹਾਂ ਨੇ ਆਪਣੇ ਪਿਤਾ ਰਾਜ ਕਪੂਰ ਦੇ ਬਚਪਨ ਦਾ ਕਿਰਦਾਰ ਨਿਭਾਇਆ ਸੀ ਅਤੇ ਫਿਲਮ 'ਬਾਬੀ' ਨਾਲ ਉਨ੍ਹਾ ਨੂੰ ਅਸਲੀ ਪਛਾਣ ਮਿਲੀ ਸੀ। ਉਹ ਜਿੱਥੇ ਵੀ ਜਾਂਦੇ, ਭੀੜ ਉਨ੍ਹਾਂ ਨੂੰ ਘੇਰ ਲੈਂਦੀ ਸੀ। ਇਕ ਵੇਲਾ ਅਜਿਹਾ ਸੀ, ਜਦੋਂ ਉਨ੍ਹਾਂ ਨੂੰ ਨੈਸ਼ਨਲ ਸਵੀਟ ਹਾਰਟ ਕਿਹਾ ਜਾਣ ਲੱਗਾ ਸੀ। ਰਿਸ਼ੀ ਦੀਆਂ ਫਿਲਮਾਂ 'ਇਕ ਹਸੀਨਾ ਥੀ' ਜਾਂ 'ਦਰਦ-ਏ-ਦਿਲ' ਆਦਿ ਸਦਾ ਯਾਦ ਰਹਿਣਗੀਆਂ। ਉਨ੍ਹਾਂ ਦੇ ਕਿਰਦਾਰਾਂ ਵਿਚ 'ਸਨਮ ਰੇ' ਵਿਚ ਕੀਤਾ ਦਾਦੂ ਦਾ ਕਿਰਦਾਰ, '102 ਨਾਟ ਆਊਟ' ਵਿਚ ਬਾਬੂਵਾਲ ਦਾ ਕਿਰਦਾਰ ਤੇ 'ਮੁਲਕ' ਫਿਲਮ ਵਿਚ ਮੁਸਲਿਮ ਨੈਸ਼ਨਲਿਸਟ ਦਾ ਕਿਰਦਾਰ ਯਾਦਗਾਰ ਸ਼ਾਮਲ ਹੈ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

BEST CANADIAN TRUCK & FORKLIFT TRAINING CENTRE
Registered as a Private Career College Under the Private Career College Act. 2005
Best Canadian Truck & Forklift Training Centre
AZ Tractor trailer program
Manual transmission & backup training everyday
We welcome welfare workers & compensation clients
Open Seven Days
Forklift Re-Certification Only $79.00/-
Karnail Singh
416.670.3173 | 905.799.7333
27 Edvac Dr, Brampton, ON L6S 5X8

ਪੰਜਾਬੀ ਪੋਸਟ
Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Karam Singh Punia<br>Gyan Singh; Angrej Singh |
| Office Admin | Priya Dhillon |
| Graphic Designer | Priya Dhillon |
| Photographer | Kanwaljit Singh Kanwal |
| Distributer | Aman Warraich |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

## ਸਿਟੀ ਆਫ ਬਰੈਂਪਟਨ ਵੱਲੋਂ ਟੈਕਸੀ ਇੰਡਸਟਰੀ ਨੂੰ ਵੱਡੀ ਰਾਹਤ ਦਾ ਐਲਾਨ

...ਪੰਨਾ 1 ਦਾ ਬਾਕੀ

1) ਲਾਇਸੰਸਧਾਰਕਾਂ ਨੂੰ ਫੀਸ ਅਦਾ ਕਰਨ ਲਈ ਵਾਧੂ ਸਮਾਂ ਦਿੱਤਾ ਜਾਵੇ ਤੇ ਐਕਸਪਾਇਰੀ ਡੇਟਜ਼ ਮੁਲਤਵੀ ਕੀਤੀਆਂ ਜਾਣ
2) ਐਮਰਜੰਸੀ ਆਰਡਰ ਲਾਗੂ ਹੋਣ ਕਾਰਨ 3 ਮਹੀਨਿਆਂ ਲਈ ਲਾਇਸੰਸ ਫੀਸ ਘਟਾਈ ਜਾਵੇ
3) ਮਈ 2021 ਤੱਕ 2010 ਦੇ ਮਾਡਲ ਵਾਲੀਆਂ ਗੱਡੀਆਂ ਨੂੰ ਰਜਿਸਟਰਡ ਟੈਕਸੀਜ਼ ਵਜੋਂ ਕੰਮ ਕਰਨ ਦਿੱਤਾ ਜਾਵੇ
4) ਐਪਲੀਕੇਬਲ ਮਾਡਲ ਵਰ੍ਹੇ ਲਈ 2020 ਵਿੱਚ ਲਾਇਸੰਸਿੰਗ ਐਕਸਟੈਂਸ਼ਨ ਤਹਿਤ ਦੋ ਦੀ ਥਾਂ ਉੱਤੇ ਇੱਕ ਸੇਫਟੀ ਸਟੈਂਡਰਡ ਸਰਟੀਫਿਕੇਟ ਦਾ ਨਿਯਮ ਲਾਗੂ ਕੀਤਾ ਜਾਵੇ
5) ਮਾਡਲ ਯੀਅਰ ਐਕਸਟੈਂਸ਼ਨ ਤੇ ਲੀਜ਼ ਫਾਈਲ ਕਰਨ ਲਈ ਲਾਇਸੰਸਿੰਗ ਫੀਸ ਹਟਾਈ ਜਾਵੇ
6) ਐਕਸਪਾਇਰੀ ਡੇਟ ਤੋਂ ਬਾਅਦ ਰਨਿਊ ਕੀਤੇ ਜਾਣ ਵਾਲੇ ਕਿਸੇ ਵੀ ਲਾਇਸੰਸ ਉੱਤੇ ਲੇਟ ਰਨਿਊਯਲ ਫੀਸ ਤੋਂ ਛੋਟ ਦਿੱਤੀ ਜਾਵੇ

ਇਸ ਮੌਕੇ ਕਾਊਂਸਲਰ ਢਿੱਲੋਂ ਨੇ ਆਖਿਆ ਕਿ ਸਾਡੇ ਟੈਕਸੀ ਡਰਾਈਵਰ ਤੇ ਟੋਅ ਟਰੱਕ ਡਰਾਈਵਰ ਕੋਵਿਡ-19 ਮਹਾਮਾਰੀ ਦੌਰਾਨ ਮੂਹਰੇ ਹੋ ਕੇ ਲੋਕਾਂ ਦੀ ਮਦਦ ਕਰ ਰਹੇ ਹਨ। ਇਸ ਲਈ ਉਨ੍ਹਾਂ ਦੀ ਕਾਊਂਸਲ ਵੱਲੋਂ ਉਨ੍ਹਾਂ ਦੀ ਮਦਦ ਕਰਨ ਦਾ ਫੈਸਲਾ ਜ਼ਰੂਰੀ ਸੀ। ਅਸੀਂ ਆਪਣੇ ਫਰੰਟ ਲਾਈਨ ਵਰਕਰਾਂ ਦੇ ਨਾਲ ਖੜ੍ਹਨਾ ਜਾਰੀ ਰੱਖਾਂਗੇ।

Aikam MEDIA GROUP
Radio Punjab Monday to Friday 2:00PM to 3:00PM on 89.5 FM
Aikam TV Every Saturday on Vision TV Canada Wide 10:00PM to 11:00PM EST 7:00PM to 8:00PM PST
Aikam Arts Academy Learn Indian Classical Music Instruments Folk Dances
Amarjit S Rai
www.aikam.com
For Advertisement on Radio & TV or Learn Indian Classical Music, Instruments and Folk Dances
905-612-1313 info@aikam.com


A-One Drivers TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
ਲੇਡੀਜ਼ ਇੰਸਟ੍ਰਕਟਰ
] ਮੁਫਤ ਪਿਕਅਪ ਅਤੇ ਡਰਾਪ ਆਫ਼
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
647-998-7500 ਬਲਵਿੰਦਰ

Visions of Punjab
VISION ZOOMERTV
Airs Across Canada Every Saturday 1:00 pm to 1:30 pm EST 10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com
Natasha Mahal Co-Host
Iqbal Mahal Producer & Host
Serving the South Asian Community Since 1976

GUNTAAS RADIO AM 530
Monday to Friday 10am to 11am
Jaswinder Kaur Taggar
jaswindertaggar3@yahoo.ca
647-765-2340 • For Marketing 647-656-6648

PUNJABI RANG RADIO
CAIO 530AM 11pm-12am Every Saturday
Chamkaur Singh Producer/Host
Cell: 416 662 1313
Email: punjabirang13@hotmail.com

# ਗੰਭੀਰਤਾ ਦੀ ਲੋੜ ਹੈ ਮਹਾਂਸ਼ਕਤੀਆਂ ਦੇ ਥੰਮ੍ਹ ਖਿੜਕਾ ਰਹੇ ਕੋਰੋਨਾ ਵਾਇਰਸ ਨਾਲ ਭਿੜਨ ਲਈ



ਜਤਿੰਦਰ ਪੰਨੂ

ਸੰਸਾਰ ਇੱਕ ਬਹੁਤ ਵੱਡੀ ਮੁਸੀਬਤ ਦੇ ਮੂੰਹ ਆਇਆ ਪਿਆ ਹੈ। ਇਹ ਮੁਸੀਬਤ ਕਾਬੂ ਵਿੱਚ ਆਉਣ ਦੀ ਥਾਂ ਹਰ ਨਵੇਂ ਦਿਨ ਨਾਲ ਵਧਦੀ ਜਾਂਦੀ ਜਾਪਦੀ ਹੈ। ਜੰਗਾਂ ਵਿਰੁੱਧ ਸਾਂਝੇ ਮੋਰਚੇ ਬਣਾਏ ਤਾਂ ਇਤਹਾਸ ਵਿੱਚੋਂ ਮਿਲ ਜਾਂਦੇ ਹਨ, ਪਰ ਇਸ ਵਾਰੀ ਇੱਕ ਅਣਦਿਸਦੇ ਦੁਸ਼ਮਣ, ਕੋਰੋਨਾ ਵਾਇਰਸ, ਨਾਲ ਜੰਗ ਲੜਨ ਲਈ ਸਾਂਝਾ ਮੋਰਚਾ ਨਹੀਂ ਬਣ ਸਕਿਆ ਤੇ ਦੇਸ਼ਾਂ ਦੀਆਂ ਸਰਕਾਰਾਂ ਆਪੋ-ਆਪਣੇ ਘੋੜੇ ਭਜਾਈ ਫਿਰਦੀਆਂ ਹਨ। ਦੁਨੀਆ ਦੀ ਇਕਲੌਤੀ ਮਹਾਂਸ਼ਕਤੀ ਹੋਣ ਦੇ ਭਰਮ ਵਿੱਚ ਫਸਿਆ ਅਮਰੀਕਾ ਇੱਕ ਅੱਥਰੇ ਸੁਭਾਅ ਵਾਲੇ ਰਾਸ਼ਟਰਪਤੀ ਦੀ ਅਗਵਾਈ ਹੇਠ ਦੁਨੀਆ ਵਿੱਚ ਕੋਰੋਨਾ ਦੀ ਸਭ ਤੋਂ ਵੱਧ ਮਾਰ ਝੱਲ ਰਿਹਾ ਹੈ। ਇਸ ਦੇ ਨਿਊ ਯਾਰਕ ਰਾਜ ਵਿੱਚ ਹੀ ਮੌਤਾਂ ਦੀ ਲੜੀ ਟੁੱਟਣ ਵਿੱਚ ਨਹੀਂ ਆ ਰਹੀ। ਸੰਸਾਰ ਭਰ ਦੇ ਲੋਕ ਅਮਰੀਕਾ ਵੱਲ ਵੇਖ ਰਹੇ ਹਨ, ਪਰ ਉਸ ਨਾਲ ਜੰਗਾਂ ਲੜਨ ਲਈ ਕਦੀ ਇਰਾਕ ਅਤੇ ਕਦੀ ਅਫਗਾਨਿਸਤਾਨ ਨੂੰ ਫੌਜਾਂ ਭੇਜਣ ਵਾਲੇ ਦੇਸ਼ ਵੀ ਇਸ ਵਕਤ ਉਸ ਵੱਲ ਵੇਖੇ ਬਿਨਾਂ ਆਪੋ-ਆਪਣੀ ਥਾਂ ਬਿਮਾਰੀ ਨਾਲ ਜੂਝ ਰਹੇ ਹਨ।

ਬਿਮਾਰੀ ਦਾ ਪਹਿਲਾ ਵੱਡਾ ਪ੍ਰਗਟਾਵਾ ਚੀਨ ਵਿੱਚ ਪਿਛਲੇ ਦਸੰਬਰ ਵਿੱਚ ਹੋਇਆ ਸੀ। ਓਦੋਂ ਦੁਨੀਆ ਦੇ ਕਿਸੇ ਵੀ ਦੇਸ਼ ਨੇ ਇਹ ਨਹੀਂ ਸੀ ਸੋਚਿਆ ਕਿ ਮੁਸੀਬਤ ਉਨ੍ਹਾਂ ਦੇ ਘਰ ਤੱਕ ਵੀ ਆ ਸਕਦੀ ਹੈ। ਫਿਰ ਜਦੋਂ ਇਹ ਉਨ੍ਹਾਂ ਦੇਸ਼ਾਂ ਵੱਲ ਨੂੰ ਆਉਣੀ ਸ਼ੁਰੂ ਹੋਈ ਤਾਂ ਇੱਕਦਮ ਵੱਜੀ ਸੱਟ ਨਾਲ ਓਥੋਂ ਦੀਆਂ ਸਰਕਾਰਾਂ ਦੇ ਥੰਮ੍ਹ ਖਿੜਕ ਗਏ। ਸੰਸਾਰ ਦੇ ਅਗਵਾਨੂੰ ਦੇਸ਼ ਅਖਵਾਉਣ ਵਾਲਿਆਂ ਵਿੱਚ ਜਦੋਂ ਬਿਮਾਰੀ ਪਹੁੰਚੀ ਤੇ ਪਹੁੰਚਦੇ ਸਾਰ ਸੱਥਰ ਵਿਛਾਉਣ ਲੱਗ ਪਈ ਤਾਂ ਓਥੋਂ ਦੀਆਂ ਸਰਕਾਰਾਂ ਨੇ ਆਪਣਾ ਘਰ ਸਾਂਭਣ ਦੀ ਥਾਂ ਇੱਕ ਨਵਾਂ ਕੂਟਨੀਤਕ ਮੋਰਚਾ ਖੋਲ੍ਹ ਲਿਆ ਕਿ ਚੀਨ ਨੇ ਸਾਨੂੰ ਇਸ ਬਾਰੇ ਵੇਲੇ ਸਿਰ ਨਹੀਂ ਦੱਸਿਆ। ਇਹ ਗੱਲ ਮੰਨੀ ਜਾਣ ਵਿੱਚ ਕਿਸੇ ਨੂੰ ਇਤਰਾਜ਼ ਨਾ ਵੀ ਹੋਵੇ ਕਿ ਚੀਨ ਨੇ ਵੇਲੇ ਸਿਰ ਸੰਸਾਰ ਭਰ ਵਿੱਚ ਡੌਂਡੀ ਨਹੀਂ ਪਿੱਟੀ, ਫਿਰ ਵੀ ਇਹ ਗੱਲ ਸਮਝ ਤੋਂ ਬਾਹਰ ਹੈ ਕਿ ਚੀਨ ਦੇ ਹਾਲਾਤ ਵੇਖ ਕੇ ਜਿਨ੍ਹਾਂ ਦੇਸ਼ਾਂ ਨੂੰ ਆਪਣੇ ਘਰ ਵਿੱਚ ਅਗੇਤੇ ਬਚਾਅ ਦੇ ਪ੍ਰਬੰਧ ਕਰ ਲੈਣੇ ਚਾਹੀਦੇ ਸਨ, ਉਨ੍ਹਾਂ ਨੇ ਏਦਾਂ ਦਾ ਕੁਝ ਕੀਤਾ ਹੀ ਨਹੀਂ। ਅਜੋਕੇ ਹਾਲ ਵਿੱਚ ਉਹ ਚੀਨ ਦੇ ਖਿਲਾਫ ਜੋ ਮਰਜ਼ੀ ਕਹਿ ਲੈਣ, ਆਪਣੇ ਲੋਕਾਂ ਵੱਲੋਂ ਪੁੱਛੇ ਜਾਂਦੇ ਸਵਾਲਾਂ ਤੇ ਮੁੱਦਿਆਂ ਦਾ ਵੀ ਕੋਈ ਜਵਾਬ ਤਾਂ ਦੇਣ। ਇਸ ਦੀ ਉਹ ਲੋੜ ਹੀ ਨਹੀਂ ਸਮਝਦੇ। ਉਲਟਾ ਇਹ ਹੈ ਕਿ ਅਮਰੀਕਾ ਦੀ ਨੈਸ਼ਨਲ ਇੰਸਟੀਚਿਊਟ ਆਫ ਅਲਰਜੀ ਦੇ ਡਾਇਰੈਕਟਰ ਡਾਕਟਰ ਐਂਥਨੀ ਫਾਊਸੀ ਤੇ ਸੈਂਟਰ ਫਾਰ ਡਿਜ਼ੀਜ਼ ਕੰਟਰੋਲ ਐਂਡ ਪਰੀਵੈਂਸ਼ਨ ਦੇ ਡਾਇਰੈਕਟਰ ਡਾਕਟਰ ਰੈੱਡਫੀਲਡ ਨੇ ਕੁਝ ਕਿਹਾ ਤਾਂ ਉਨ੍ਹਾਂ ਨੂੰ ਜਨਤਕ ਤੌਰ ਉੱਤੇ ਭੰਡਿਆ ਗਿਆ। ਅਮਰੀਕਾ ਦੀ ਬਾਇਓਮੈਡੀਕਲ ਐਡਵਾਂਸ ਰਿਸਰਚ ਅਥਾਰਟੀ ਦੇ ਡਾਇਰੈਕਟਰ ਰਿਕ ਬਰਾਈਟ ਨੂੰ ਨੌਕਰੀ ਤੋਂ ਹੀ ਕੱਢ ਦਿੱਤਾ ਅਤੇ ਇਸ ਬਾਰੇ ਸਵਾਲ ਪੁੱਛਿਆ ਗਿਆ ਤਾਂ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਕਿ ਮੈਂ ਰਿਕ ਬਰਾਈਟ ਨੂੰ ਜਾਣਦਾ ਤੱਕ ਨਹੀਂ। ਕਾਰਨ ਬੱਸ ਇਹ ਸੀ ਕਿ ਇਨ੍ਹਾਂ ਲੋਕਾਂ ਵੱਲੋਂ ਕਹੇ ਗਏ ਸ਼ਬਦ ਰਾਸ਼ਟਰਪਤੀ ਟਰੰਪ ਦੀ ਕੂਟਨੀਤੀ ਦੇ ਮੁਤਾਬਕ ਨਹੀਂ ਸੀ। ਉਸ ਦੀ ਕੂਟਨੀਤੀ ਤੇ ਦੇਸ਼ ਵਿਚ ਅਗਲੇ ਦਿਨੀਂ ਹੋਣ ਜਾ ਰਹੀ ਰਾਸ਼ਟਰਪਤੀ ਚੋਣ ਨੀਤੀ ਦੀਆਂ ਲੋੜਾਂ ਇਸ ਵੇਲੇ ਵੀ ਭਾਰੂ ਹਨ।

ਭਾਰਤ ਵਿੱਚ ਕੇਂਦਰ ਤੇ ਪੰਜਾਬ ਦੀਆਂ ਸਰਕਾਰਾਂ ਇਸ ਵਕਤ ਤੱਕ ਆਪਣੇ ਲੋਕਾਂ ਨੂੰ ਕੋਰੋਨਾ ਦੀ ਇਸ ਬਿਮਾਰੀ ਤੋਂ ਬਚਾਉਣ ਲਈ ਜਿੰਨੇ ਪ੍ਰਬੰਧ ਕਰ ਰਹੀਆਂ ਹਨ, ਆਮ ਤੌਰ ਉੱਤੇ ਉਹ ਠੀਕ ਹਨ। ਹਰ ਗੱਲ ਦੀ ਨੁਕਤਾਚੀਨੀ ਕਰਨ ਵਾਲੇ ਲੋਕਾਂ ਨੂੰ ਛੱਡ ਲਈਏ ਤਾਂ ਬਹੁਤੇ ਲੋਕਾਂ ਦੀ ਰਾਏ ਹੈ ਕਿ ਮੁੱਢ ਵਿੱਚ ਬੇਸ਼ੱਕ ਲਾਕਡਾਊਨ ਅਤੇ ਕਰਫਿਊ ਦੋਵੇਂ ਹੱਦੋਂ ਬਾਹਰੇ ਨੰਬਰ ਬਣਾਉਣ ਲਈ ਚੁੱਕੇ ਕਦਮ ਜਾਪਦੇ ਸਨ, ਸਮੇਂ ਨੇ ਸਾਬਤ ਕਰ ਦਿੱਤਾ ਕਿ ਇਹ ਕੁਝ ਨਾ ਕੀਤਾ ਜਾਂਦਾ ਤਾਂ ਜਿਹੜਾ ਹਾਲ ਮਹਾਰਾਸ਼ਟਰ ਦਾ ਹੋਇਆ ਹੈ, ਉਸ ਤੋਂ ਵੱਧ ਪੰਜਾਬ ਵਿੱਚ ਹੋ ਜਾਣਾ ਸੀ। ਭਾਰਤ ਵਿੱਚ ਬਿਮਾਰੀ ਅਜੇ ਤੱਕ ਵੀ ਓਨੀ ਬੁਰੀ ਤਰ੍ਹਾਂ ਪੈਰ ਨਹੀਂ ਪਸਾਰ ਸਕੀ, ਜਿੰਨੀ ਲਾਕਡਾਊਨ ਨਾ ਲੱਗਣ ਤੇ ਵਿਦੇਸ਼ੀ ਉਡਾਣਾਂ ਬੰਦ ਨਾ ਕਰਨ ਦੀ ਸੂਰਤ ਵਿੱਚ ਫੈਲ ਸਕਦੀ ਸੀ। ਪਹਿਲੇ ਦਿਨਾਂ ਵਿੱਚ ਪੁਲਸ ਦੀ ਸਖਤੀ ਦਾ ਲੋਕਾਂ ਦੀ ਬੇਇੱਜ਼ਤੀ ਕਰਨ ਵਾਲਾ ਪੁਰਾਣਾ ਢੰਗ ਕਿਸੇ ਨੂੰ ਵੀ ਪਸੰਦ ਨਹੀਂ ਸੀ, ਅਸੀਂ ਵੀ ਇਸ ਦੇ ਖਿਲਾਫ ਸਾਂ ਤੇ ਬਹੁਤ ਸਾਰੇ ਲੋਕਾਂ ਨੇ ਵੀ ਵੱਡੇ ਪੱਧਰ ਉੱਤੇ ਇਸ ਦਾ ਵਿਰੋਧ ਕੀਤਾ ਸੀ, ਪਰ ਜਦੋਂ ਇਸ ਤਰ੍ਹਾਂ ਦੀ ਸਖਤੀ ਤੋਂ ਰਾਜ ਸਰਕਾਰ ਨੇ ਵਰਜ ਦਿੱਤਾ, ਉਸ ਤੋਂ ਬਾਅਦ ਸਮਝਾਊ ਮੁਹਿੰਮ ਦਾ ਅਸਰ ਕੋਈ ਖਾਸ ਦਿਖਾਈ ਨਹੀਂ ਦੇ ਰਿਹਾ। ਕਿਸੇ ਨਾ ਕਿਸੇ ਬਹਾਨੇ ਲੋਕ ਅਜੇ ਵੀ ਬਾਜ਼ਾਰਾਂ ਵਿੱਚ ਨਿਕਲ ਪੈਂਦੇ ਹਨ ਤੇ ਅੱਗੇ ਜਾ ਕੇ ਢਾਣੀਆਂ ਬਣਾਉਣ ਤੋਂ ਗੁਰੇਜ਼ ਨਹੀਂ ਕਰਦੇ। ਭਾਰਤ ਵਿੱਚ ਦੋ ਮਾਰਚ ਨੂੰ ਪਹਿਲੀ ਵਾਰ ਤਿੰਨ ਕੇਸ ਪਤਾ ਲੱਗਣ ਦੇ ਨਾਲ ਸ਼ੁਰੂਆਤ ਹੋਈ ਤੇ ਬਾਰਾਂ ਮਾਰਚ ਨੂੰ ਪਹਿਲੀ ਮੌਤ ਹੋਈ ਸੀ। ਓਸੇ ਵਕਤ ਲਾਕਡਾਊਨ ਕਰ ਦੇਣ ਸਦਕਾ ਕੇਸਾਂ ਅਤੇ ਮੌਤਾਂ ਦੋਵਾਂ ਪੱਖਾਂ ਤੋਂ ਇਹ ਦੇਸ਼ ਕਾਫੀ ਹੱਦ ਤੱਕ ਬਚਿਆ ਹੋਇਆ ਹੈ। ਅਮਰੀਕਾ ਵਿੱਚ ਪਹਿਲੀ ਮਾਰਚ ਦੇ ਦਿਨ, ਭਾਰਤ ਤੋਂ ਛੇ ਦਿਨ ਪਹਿਲਾਂ ਕੋਰੋਨਾ ਵਾਇਰਸ ਨਾਲ ਪਹਿਲੀ ਮੌਤ ਹੋਈ ਸੀ ਤੇ ਫਿਰ ਉਹ ਕੋਰੋਨਾ ਦੀਆਂ ਮੌਤਾਂ ਦੇ ਮਾਮਲੇ ਵਿੱਚ ਦੁਨੀਆ ਦੇ ਸਾਰੇ ਦੇਸ਼ਾਂ ਨਾਲੋਂ ਵੱਧ ਪੀੜਤ ਦੇਸ਼ ਬਣਦਾ ਗਿਆ। ਉਸ ਦੇਸ਼ ਵਿੱਚ ਜਦੋਂ ਪੰਜਾਹ ਹਜ਼ਾਰ ਤੋਂ ਵੱਧ ਮੌਤਾਂ ਹੋ ਚੁੱਕੀਆਂ ਸਨ, ਓਦੋਂ ਭਾਰਤ ਵਿੱਚ ਅੱਠ ਸੌ ਤੋਂ ਹੇਠਾਂ ਸਨ। ਵੇਲੇ ਸਿਰ ਚੁੱਕੇ ਗਏ ਕਦਮਾਂ ਨੇ ਬਚਾਅ ਕੀਤਾ ਤਾਂ ਦਿੱਸਦਾ ਹੀ ਹੈ।


ਸਾਡੇ ਪੰਜਾਬ ਵਿੱਚ ਇਸ ਦੌਰਾਨ ਵੀਹ ਤੋਂ ਘੱਟ ਮੌਤਾਂ ਹੋਈਆਂ ਅਤੇ ਕੇਸਾਂ ਦੀ ਗਿਣਤੀ ਤਿੰਨ ਸੌ ਤੱਕ ਪਹੁੰਚੀ ਹੈ ਤਾਂ ਏਥੇ ਵੀ ਸਰਕਾਰ ਅਤੇ ਬਾਕੀ ਸਭ ਧਿਰਾਂ ਦੇ ਸਹਿਯੋਗ ਦਾ ਅਸਰ ਮੰਨਿਆ ਜਾ ਸਕਦਾ ਹੈ। ਜਲੰਧਰ ਤੇ ਮੋਹਾਲੀ ਦੇ ਦੋ ਜ਼ਿਲਿਆਂ ਵਿੱਚ ਹਾਲਤ ਗੰਭੀਰ ਹੈ, ਪਰ ਜਿਹੜੇ ਨਵਾਂ ਸ਼ਹਿਰ ਤੋਂ ਬਿਮਾਰੀ ਸ਼ੁਰੂ ਹੋਈ ਸੀ, ਉਸ ਵੱਲੋਂ ਫਿਰ ਇੱਕ ਵੀ ਮੌਤ ਦੀ ਖਬਰ ਨਹੀਂ ਆਈ ਤੇ ਜਿਹੜੇ ਅਠਾਰਾਂ ਲੋਕ ਇਸ ਦੀ ਲਾਗ ਨਾਲ ਹਸਪਤਾਲ ਪਹੁੰਚੇ ਸਨ, ਉਨ੍ਹਾਂ ਨੂੰ ਠੀਕ ਕਰ ਕੇ ਘਰੀਂ ਭੇਜ ਦਿੱਤਾ ਗਿਆ ਹੈ। ਕੇਂਦਰ ਸਰਕਾਰ ਨੇ ਦੇਸ਼ ਦੇ ਜਿਹੜੇ ਜ਼ਿਲੇ ਬਿਮਾਰੀ ਤੋਂ ਬਚੇ ਹੋਏ ਦੱਸੇ ਹਨ, ਉਨ੍ਹਾਂ ਵਿੱਚ ਨੌਂ ਜ਼ਿਲੇ ਪੰਜਾਬ ਦੇ ਦਰਜ ਹਨ। ਇਹ ਵੀ ਰਾਜ ਸਰਕਾਰ ਦੇ ਯਤਨਾਂ ਅਤੇ ਲੋਕਾਂ ਦੇ ਸਹਿਯੋਗ ਦਾ ਸਿੱਟਾ ਹੈ।

ਫਿਰ ਵੀ ਕੇਰਲਾ ਤੇ ਓਡੀਸ਼ਾ ਦੋ ਰਾਜਾਂ ਵਿੱਚ ਜਿਵੇਂ ਇਸ ਬਿਮਾਰੀ ਨੂੰ ਠੱਲ੍ਹਿਆ ਗਿਆ, ਉਸ ਦੀ ਹਰ ਕੋਈ ਦਾਦ ਦੇਂਦਾ ਹੈ। ਕੇਰਲਾ ਦੇ ਲੋਕ ਪੜ੍ਹੇ-ਲਿਖੇ ਅਤੇ ਡਿਸਿਪਲਿਨ ਮੰਨਣ ਵਾਲੇ ਹਨ। ਉਸ ਰਾਜ ਦੀ ਸਿਹਤ ਮੰਤਰੀ ਬੀਬੀ ਸ਼ੈਲਜਾ ਬਾਰੇ ਵੀ ਹਰ ਪਾਸਿਓਂ ਸਿਫਤਾਂ ਸੁਣਦੀਆਂ ਹਨ ਕਿ ਉਸ ਨੇ ਰਾਤ ਦਿਨ ਬਹੁਤ ਕੰਮ ਕੀਤਾ ਹੈ ਤੇ ਰਿਲੀਫ ਦੇ ਕੰਮਾਂ ਵਿੱਚ ਆਪਣੇ ਕਾਮਰੇਡਾਂ ਦੇ ਨਾਲ ਕਾਂਗਰਸੀਆਂ ਹੀ ਨਹੀਂ, ਭਾਜਪਾ ਅਤੇ ਆਰ ਐੱਸ ਐੱਸ ਵਾਲਿਆਂ ਨੂੰ ਵੀ ਜੋੜ ਕੇ ਨਤੀਜੇ ਕੱਢੇ ਹਨ। ਇਸ ਰਾਜ ਦੇ ਨਾਲ ਹੀ ਮਹਾਰਾਸ਼ਟਰ ਵਿੱਚ ਬਿਮਾਰੀ ਦੀ ਸ਼ੁਰੂਆਤ ਹੋਈ ਸੀ, ਓਥੇ ਇਹ ਸਤਰਾਂ ਲਿਖਣ ਤੱਕ ਮੌਤਾਂ ਦੀ ਗਿਣਤੀ ਤਿੰਨ ਸੌ ਟੱਪ ਚੁੱਕੀ ਹੈ ਤੇ ਕੇਰਲਾ ਵਿੱਚ ਮੁੱਢਲੇ ਦਿਨਾਂ ਵਿੱਚ ਹੋਈਆਂ ਤਿੰਨ ਮੌਤਾਂ ਤੋਂ ਅੱਗੇ ਨਹੀਂ ਵਧ ਸਕੀ। ਪਹਿਲਾਂ ਨਿਪਾਹ ਦੇ ਵਾਇਰਸ ਵੇਲੇ ਵੀ ਉਸ ਰਾਜ ਵਿੱਚ ਏਸੇ ਲਈ ਵੱਡਾ ਨੁਕਸਾਨ ਨਹੀਂ ਸੀ ਹੋਇਆ ਕਿ ਰਾਜ ਸਰਕਾਰ ਨੇ ਵੇਲੇ ਸਿਰ ਕਦਮ ਚੁੱਕੇ ਸਨ ਅਤੇ ਲੋਕਾਂ ਨੇ ਰਾਜਸੀ ਮੱਤਭੇਦ ਲਾਂਭੇ ਰੱਖ ਕੇ ਸਰਕਾਰ ਦਾ ਸਹਿਯੋਗ ਕੀਤਾ ਸੀ। ਓਡੀਸ਼ਾ ਵਿੱਚ ਮੁੱਖ ਮੰਤਰੀ ਨਵੀਨ ਪਟਨਾਇਕ ਮੀਡੀਏ ਵਿੱਚ ਖਾਸ ਝਲਕਦਾ ਨਹੀਂ, ਪਰ ਉਸ ਨੇ ਬਿਮਾਰੀ ਰੋਕਣ ਲਈ ਆਪਣੀ ਸਰਕਾਰ ਨੂੰ ਇਸ ਤਰ੍ਹਾਂ ਸਰਗਰਮ ਕੀਤਾ ਹੈ ਕਿ ਇਹ ਸਤਰਾਂ ਲਿਖਣ ਵੇਲੇ ਤੱਕ ਗੁਜਰਾਤ ਵਿੱਚ ਮੌਤਾਂ ਦੀ ਗਿਣਤੀ ਜਦੋਂ ਸਵਾ ਸੌ ਟੱਪ ਚੁੱਕੀ ਹੈ, ਮੱਧ ਪ੍ਰਦੇਸ਼ ਵਿੱਚ ਸੌ ਦੇ ਨੇੜੇ ਜਾ ਪਹੁੰਚੀ ਹੈ, ਓਡੀਸ਼ਾ ਵਿੱਚ ਸਿਰਫ ਨੱਬੇ ਕੇਸ ਤੇ ਇੱਕ ਮੌਤ ਤੋਂ ਬਿਮਾਰੀ ਅੱਗੇ ਨਹੀਂ ਵਧ ਸਕੀ। ਇਹ ਸਭ ਉਸ ਮੁੱਖ ਮੰਤਰੀ ਦੀ ਯੋਗ ਅਗਵਾਈ ਦਾ ਸਿੱਟਾ ਹੈ।

ਇਸ ਮੌਕੇ ਅਸੀਂ ਸਾਰੇ ਸੰਸਾਰ ਦੇ ਦ੍ਰਿਸ਼ ਉੱਤੇ ਵੀ ਝਾਤ ਮਾਰੀਏ ਤਾਂ ਸੰਕਟ ਦੇ ਸਮੇਂ ਸਭ ਤੋਂ ਲਾਪਰਵਾਹ ਕਿਸਮ ਦਾ ਵਿਹਾਰ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਦਾ ਦਿਖਾਈ ਦੇਂਦਾ ਹੈ। ਉਸ ਨੇ ਪਹਿਲਾਂ ਇਹ ਕਹਿ ਕੇ ਸਨਸਨੀ ਫੈਲਾ ਦਿੱਤੀ ਸੀ ਕਿ ਲੱਖ-ਦੋ ਲੱਖ ਮੌਤਾਂ ਹੋਣ ਪਿੱਛੋਂ ਵੀ ਜੇ ਅਸੀਂ ਕੰਟਰੋਲ ਕਰ ਲਈਏ ਤਾਂ ਇਹ ਸਰਕਾਰ ਦੀ ਕਾਮਯਾਬੀ ਹੋਵੇਗੀ। ਕਹਿਣ ਤੋਂ ਭਾਵ ਕਿ ਸ਼ੁਰੂ ਵਿੱਚ ਹੀ ਉਸ ਨੇ ਲੋਕਾਂ ਨੂੰ ਲੱਖ-ਦੋ ਲੱਖ ਮੌਤਾਂ ਹੋਣ ਬਾਰੇ ਤਿਆਰ ਰਹਿਣ ਲਈ ਓਦੋਂ ਕਹਿ ਦਿੱਤਾ ਸੀ, ਜਦੋਂ ਅਜੇ ਉਸ ਦੇਸ਼ ਵਿੱਚ ਕੁੱਲ ਮੌਤਾਂ ਦੀ ਗਿਣਤੀ ਪੰਜ ਹਜ਼ਾਰ ਨਹੀਂ ਸੀ ਹੋਈ ਤੇ ਇਹੀ ਕਾਰਨ ਹੈ ਕਿ ਜਦੋਂ ਮੌਤਾਂ ਦੀ ਗਿਣਤੀ ਅੱਧੇ ਲੱਖ ਤੋਂ ਵੀ ਟੱਪ ਗਈ ਤਾਂ ਓਥੇ ਰੌਲਾ ਨਹੀਂ ਪਿਆ ਕਿ ਰਾਸ਼ਟਪਤੀ ਨੇ ਮੌਤਾਂ ਬਾਰੇ ਅਗੇਤਾ ਹੀ ਇੱਕ ਗੋਲ ਮਿਥ ਦਿੱਤਾ ਸੀ, ਜਿੱਥੋਂ ਤੱਕ ਸੋਚਣ ਦੀ ਬਹੁਤੀ ਲੋੜ ਨਹੀਂ ਸੀ ਰਹਿੰਦੀ। ਅੱਧਾ ਲੱਖ ਮੌਤਾਂ ਹੋਣ ਵਾਲੇ ਦਿਨ ਵੀ ਉਹ ਵਾਈਟ ਹਾਊਸ ਦੀ ਪ੍ਰੈੱਸ ਕਾਨਫਰੰਸ ਵਿੱਚ ਸੈਨੇਟਾਈਜ਼ਰ ਦੇ ਟੀਕੇ ਲਾਉਣ ਦੀ ਗੱਲ ਕਹਿੰਦਾ ਤੇ ਮਜ਼ਾਕ ਕਰਦਾ ਪਿਆ ਸੀ। ਸੰਸਾਰ ਭਰ ਦੀਆਂ ਕੁੱਲ ਮੌਤਾਂ ਦੇ ਚੌਥੇ ਹਿੱਸੇ ਤੋਂ ਵੱਧ ਜਿਹੜੇ ਦੇਸ਼ ਇਕੱਲੇ ਵਿੱਚ ਹੀ ਹੋਈਆਂ ਹੋਣ, ਉਸ ਦੇ ਰਾਸ਼ਟਰਪਤੀ ਨੂੰ ਤਾਂ ਰਾਤਾਂ ਨੂੰ ਨੀਂਦ ਨਹੀਂ ਆਉਣੀ ਚਾਹੀਦੀ, ਪਰ ਟਰੰਪ ਨੂੰ ਮਜ਼ਾਕ ਸੁੱਝਦੇ ਹਨ।

ਦੁਨੀਆ ਭਰ ਦੇ ਲੋਕਾਂ ਨੂੰ ਤਰੇਲੀਆਂ ਲਿਆ ਦੇਣ ਅਤੇ ਲਾਸ਼ਾਂ ਦੇ ਢੇਰ ਲਾ ਦੇਣ ਵਾਲੀ ਇਹੋ ਜਿਹੀ ਬਿਮਾਰੀ ਸੰਸਾਰ ਦੇ ਲੋਕਾਂ ਸਿਰ ਪਹਿਲੀ ਵਾਰ ਪਈ ਹੈ। ਇਸ ਨਾਲ ਸਿੱਝਣ ਲਈ ਸੰਜੀਦਗੀ ਦੀ ਲੋੜ ਹੈ। ਸੰਸਾਰ ਦੀ ਪੰਚਾਇਤ ਯੂ ਐੱਨ ਓ ਇਸ ਕੰਮ ਵਿੱਚ ਕੋਈ ਨਰੋਈ ਸਿਹਤ ਦੇਣ ਵਿੱਚ ਕਾਮਯਾਬ ਨਹੀਂ ਹੋਈ। ਉਸ ਵਿੱਚ ਵੀ ਕਮੀਆਂ ਹਨ। ਅਣਦਿੱਸਦੇ ਦੁਸ਼ਮਣ, ਵਾਇਰਸ, ਨਾਲ ਹੋ ਰਹੀ ਇਸ ਨਿਵੇਕਲੀ ਜੰਗ ਵਿੱਚ ਸਿਰੜ ਤੇ ਸੰਜੀਦਗੀ ਦੋਵਾਂ ਦੀ ਲੋੜ ਹੈ।

# ਬੇਭਰੋਸਗੀ ਦਾ ਮੌਜੂਦਾ ਦ੍ਰਿਸ਼ਟੀਕੋਣ ਬੇਚੈਨ ਕਰਨ ਵਾਲਾ ਹੈ



-ਹਾਮਿਦ ਅੰਸਾਰੀ, ਸਾਬਕਾ ਉਪ ਰਾਸ਼ਟਰਪਤੀ

ਮਾਨਸਿਕ ਸਿਹਤ ਬਾਰੇ ਇੱਕ ਫਿਲਮ 'ਚ ਇੱਕ ਲਾਈਨ ਕਹੀ ਗਈ ਸੀ, ਜੋ ਸਾਰੇ ਸੰਬੰਧਾਂ 'ਚ ਮੌਜੂਦ ਰਹਿੰਦਾ ਹੈ। ਦੁਸ਼ਮਣੀ ਦੇ ਭਾਵਾਂ ਦੀਆਂ ਤਾਜ਼ੀਆਂ ਰਿਪੋਰਟਾਂ ਤੇ ਦੂਜੇ ਲੋਕਾਂ ਵਿਰੁੱਧ ਸਾਡੇ ਲੋਕਾਂ ਦੇ ਇੱਕ ਵਰਗ ਵੱਲੋਂ ਕੀਤੀ ਨਫਰਤ ਨਾਲ ਇਸ ਨੂੰ ਯਾਦ ਦਿਵ-ਾਇਆ ਗਿਆ ਹੈ। ਭਾਰਤ ਦੇ ਸੰਵਿਧਾਨ ਦੇ ਮੂਲ ਸਿਧਾਂਤ ਨਿਆਂ, ਬਰਾਬਰੀ ਅਤੇ ਭਾਈਚਾਰੇ ਦਾ ਦਾਅਵਾ ਕਰਦੇ ਹਨ। ਇਨ੍ਹਾਂ ਨੂੰ ਸਮਾਜਕ ਅਤੇ ਸਿਆਸੀ ਅਗਵਾਈ ਦੇ ਸਾਰੇ ਵਰਗਾਂ ਵੱਲੋਂ ਦੁਹਰਾਇਆ ਜਾਂਦਾ ਹੈ। ਫਿਰ ਵੀ ਜੋ ਲੋਕ ਉਨ੍ਹਾਂ ਦੇ ਪੈਰੋਕਾਰ ਹੋਣ ਦਾ ਦਾਅਵਾ ਕਰਦੇ ਹਨ, ਉਹ ਉਨ੍ਹਾਂ ਨੂੰ ਵਾਰ-ਵਾਰ ਭੁੱਲ ਜਾਂਦੇ ਹਨ। ਅਸੀਂ ਪਿਛਲੇ ਹਫਤਿਆਂ ਵਿੱਚ ਸਮਾਜਕ ਬਹਿਸ 'ਤੇ ਪ੍ਰਤੀਯੋਗਤਾ ਦੇਖੀ ਹੈ, ਜੋ ਲੋਕਤੰਤਰ 'ਚ ਇੱਕ ਆਮ ਗੱਲ ਹੈ। ਅਜਿਹੀਆਂ ਬਹਿਸਾਂ ਹਮਲਾਵਰ ਬਿਆਨਾਂ ਤੋਂ ਮਿਲਦੀਆਂ ਹਨ, ਜਿੱਥੇ ਸਾਥੀ ਨਾਗਰਿਕਾਂ ਨੂੰ ਦੁਸ਼ਮਣ ਜਾਂ ਬੇਲੋੜੇ ਜੀਵਾਂ ਵਜੋਂ ਉਨ੍ਹਾਂ ਨੂੰ ਸਮਾਨ ਕਿਰਦਾਰ ਸਮਝਿਆ ਜਾਂਦਾ ਹੈ। ਪ੍ਰਵਿਰਤੀ ਵੀ ਜਨਤਕ ਅੰਕੜਿਆਂ ਤੇ ਅਧਿਕਾਰੀਆਂ ਦੇ ਉਚਾਰਣ 'ਚ ਆਪਣਾ ਪ੍ਰਤੀਬਿੰਬ ਹਾਸਲ ਕਰਦੀ ਹੈ। ਦੋਵੇਂ ਭੁੱਲ ਗਏ ਹਨ ਕਿ ਬੇਸ਼ੱਕ ਕਿਸੇ ਨਾਗਰਿਕ 'ਤੇ ਕਾਨੂੰਨ ਵਿਰੁੱਧ ਜੁਰਮ ਦਾ ਦੋਸ਼ ਲਾਇਆ ਜਾਵੇ ਜਾਂ ਕਾਨੂੰਨ ਦੀ ਪ੍ਰਕਿਰਿਆ ਵੱਲੋਂ ਉਸ ਨੂੰ ਦੋਸ਼ੀ ਪਾਇਆ ਜਾਵੇ, ਪਰ ਉਹ ਨਾਗਰਿਕ ਹੋਣ ਦਾ ਦਾਅਵਾ ਨਹੀਂ ਕਰਦਾ ਅਤੇ ਅਧਿਕਾਰਾਂ ਅਤੇ ਫਰਜ਼ਾਂ ਤੋਂ ਵਾਂਝਾ ਰਹਿੰਦਾ ਹੈ। ਇਸ ਤਰ੍ਹਾਂ ਦੇ ਸਮਾਨ ਕਿਰਦਾਰਾਂ ਦਾ ਮਕਸਦ ਪ੍ਰਸ਼ਾਸਨਿਕ ਅਸਫਲਤਾ ਦਾ ਬਹਾਨਾ ਲੱਭਣਾ ਹੈ ਅਤੇ ਸਾਰੇ ਨਾਗਰਿਕਾਂ ਦੇ ਇੱਕ ਸਮੂਹ ਨੂੰ ਅਪਮਾਨ ਜਨਕ, ਕਲੰਕਿਤ ਅਤੇ ਸਮਾਜਕ ਤੌਰ 'ਤੇ ਨੀਵਾਂ ਦਿਖਾਉਣਾ ਹੈ। ਪ੍ਰਵਿਰਤੀ ਇੰਨੀ ਵਿਆਪਕ ਹੈ ਕਿ ਇਹ ਵਿਦੇਸ਼ੀ ਭੂਮੀ ਵਿੱਚ ਰਹਿੰਦੇ ਨਾਗਰਿਕਾਂ ਦੇ ਵਰਗਾਂ 'ਚ ਪ੍ਰਗਟਾਵਾ ਹਾਸਲ ਕਰ ਲੈਂਦੀ ਹੈ। ਇਹ ਇੰਨੀ ਹਮਲਾਵਰ ਹੈ ਕਿ ਇਹ ਸਥਾਨਕ ਭਾਵਨਾਵਾਂ ਅਤੇ ਵਤੀਰੇ ਦੇ ਮਾਪਦੰਡਾਂ ਨੂੰ ਪੂਰਾ ਕਰਦੀ ਹੈ ਇਸ ਲਈ ਇਹ ਚਿੰਤਾਜਨਕ ਗੱਲ ਹੈ।

ਵੱਖ-ਵੱਖ ਪੱਧਰਾਂ 'ਤੇ ਆਪਣੇ ਸਾਧਾਰਨ ਫਰਜ਼ਾਂ ਨੂੰ ਨਿਭਾਉਣ ਵਾਲੇ ਅਧਿਕਾਰੀਆਂ ਵੱਲੋਂ ਮਨ ਦੀ ਇਸ ਬਿਮਾਰੀ ਨੂੰ ਪਰਿਭਾਸ਼ਿਤ ਕੀਤਾ ਜਾਂਦਾ ਹੈ। ਸਭ ਤੋਂ ਵੱਕਾਰੀ ਸਾਬਕਾ ਸਿਵਲ ਸੇਵਕਾਂ ਦੇ 100 ਲੋਕਾਂ ਦੇ ਇੱਕ ਗਰੁੱਪ ਨੇ ਪਿੱਛੇ ਜਿਹੇ ਰਾਜਾਂ ਦੇ ਮੁੱਖ ਮੰਤਰੀਆਂ ਨੂੰ ਅਪੀਲ ਕਰ ਕੇ ਕਿਹਾ ਹੈ ਕਿ ਜਨਤਾ ਨੂੰ ਹੁਕਮ ਦਿੱਤਾ ਜਾਵੇ ਕਿ ਕਿਸੇ ਵੀ ਭਾਈਚਾਰੇ ਦਾ ਸਮਾਜਕ ਬਾਈਕਾਟ ਨਾ ਕੀਤਾ ਜਾਵੇ ਅਤੇ ਇਸ ਨੂੰ ਰੋਕਿਆ ਜਾਵੇ। ਰਾਜ ਸਰਕਾਰਾਂ ਇਹ ਯਕੀਨੀ ਕਰਨ ਕਿ ਮੈਡੀਕਲ, ਹਸਪਤਾਲ, ਦੇਖਭਾਲ, ਰਾਸ਼ਨ ਅਤੇ ਵਿੱਤੀ ਸਹਾਇਤਾ ਸਮੇਤ ਸਭ ਲੋੜਵੰਦਾਂ ਲਈ ਬਰਾਬਰ ਹਾਸਲ ਹੋਣ। ਆਖਰ ਇਹ ਕਿਉਂ ਹੋ ਰਿਹਾ ਹੈ? ਅਸੀਂ ਕੀ ਕੁਝ ਭੁੱਲ ਗਏ ਹਾਂ? ਸਾਡੇ ਸਮਾਜ ਦੀ ਵੰਨ-ਸੁਵੰਨਤਾ ਅਤੇ ਅਨੇਕਤਾ ਇੱਕ ਹੋਂਦ ਪੱਖੋਂ ਅਸਲੀਅਤ ਹੈ। ਸਹਿਣਸ਼ੀਲਤਾ ਦੀ ਜ਼ਰੂਰਤ ਨੂੰ ਯੁੱਗਾਂ ਤੋਂ ਪ੍ਰਵਾਨ ਕੀਤਾ ਗਿਆ ਹੈ। ਸੰਤਾਂ ਅਤੇ ਸਮਾਜ ਦੇ ਨੇਤਾਵਾਂ ਨੇ ਇਸ ਨੂੰ ਵਾਰ-ਵਾਰ ਦੁਹਰਾਇਆ ਹੈ। ਸਾਨੂੰ ਸਿਰਫ ਸਵਾਮੀ ਵਿਵੇਕਾਨੰਦ ਧਾਰਮਿਕ ਬਹੁਲਤਾ ਦੀ ਵਕਾਲਤ ਨੂੰ ਯਾਦ ਕਰਨ ਦੀ ਲੋੜ ਹੈ। ਭਾਰਤ ਦੇ ਉਨ੍ਹਾਂ ਦੇ ਦ੍ਰਿਸ਼ਟੀਕੋਣ ਵਿੱਚ ਇਥੇ ਦੋ ਮਹਾਨ ਪ੍ਰਣਾਲੀਆਂ ਦਾ ਸੰਗਮ ਹੈ। ਹਿੰਦੂ ਧਰਮ ਤੇ ਇਸਲਾਮ ਕੋਲ ਇੱਕ ਵੇਦਾਂਤਿਕ ਦਿਮਾਗ ਅਤੇ ਇਸਲਾਮੀ ਸਰੀਰ ਹੈ। ਬਹੁਤ ਵਿਹਾਰਕ ਅਰਥਾਂ 'ਚ ਇਹੀ ਦ੍ਰਿਸ਼ਟੀਕੋਣ ਅਕਤੂਬਰ 1923 'ਚ ਲਾਲਾ ਲਾਜਪਤ ਰਾਏ, ਮੁਫਤੀ ਕਿਫਾਇਤੁੱਲ੍ਹਾ, ਸਵਾਮੀ ਸ਼ਰਧਾਨੰਦ, ਮੌਲਾਨਾ ਆਜ਼ਾਦ, ਕਸਤੂਰਬਾ ਗਾਂਧੀ ਅਤੇ 95 ਹੋਰ ਲੋਕਾਂ ਦੀ ਅਗਵਾਈ 'ਚ ਕੀਤੀ ਗਈ ਅੰਤਰ-ਭਾਈਚਾਰਕ ਏਕਤਾ ਅਪੀਲ 'ਚ ਟੀਚਾਬੱਧ ਹੋਇਆ ਸੀ। ਸਾਡੀ ਭਾਰਤੀ ਜਨਤਾ ਦੇ ਸਾਰੇ ਵਰਗਾਂ ਨੂੰ ਇਸ ਦੇ ਵਿਹਾਰਕ ਦ੍ਰਿਸ਼ਟੀਕੋਣ ਨੂੰ ਯਾਦ ਦਿਵਾਉਣ ਦੀ ਲੋੜ ਹੈ।

ਕਿਸੇ ਭਾਈਚਾਰੇ ਨਾਲ ਸੰਬੰਧਤ ਕਿਸੇ ਵਿਅਕਤੀ ਜਾਂ ਵਿਅਕਤੀਆਂ ਦੇ ਟੋਲੇ ਨੇ ਉਸ ਦੇ ਗੁਆਂਢੀ ਜਾਂ ਸ਼ਹਿਰ ਵਾਸੀ ਸਥਾਨਾਂ, ਔਰਤਾਂ ਦੇ ਸਨਮਾਨ, ਜਾਇਦਾਦ, ਸਾਮਾਨ, ਮੰਦਰ, ਮਸਜਿਦ, ਚਰਚ ਜਾਂ ਗੁਰਦੁਆਰਾ ਉੱਤੇ ਹਮਲਾ ਕੀਤਾ ਜਾਂ ਇਸ ਤਰ੍ਹਾਂ ਦੇ ਕੁਕਰਮਾਂ 'ਚ ਸ਼ਾਮਲ ਲੋਕਾਂ ਦੀ ਮਦਦ ਕਰਦਾ ਹੈ, ਉਹ ਧਾਰਮਿਕ ਦ੍ਰਿਸ਼ਟੀਕੋਣ ਨਾਲ ਇੱਕ ਮਹਾਨ ਪਾਪ ਦਾ ਭਾਗੀ ਹੈ। ਸਹਿ-ਧਾਰਮਿਕ ਗੁਰੂਆਂ ਦਾ ਫਰਜ਼ ਹੈ ਕਿ ਅਜਿਹੇ ਦੰਗਾਕਾਰੀਆਂ ਦਾ ਵਿਰੋਧ ਕਰੇ ਅਤੇ ਉਨ੍ਹਾਂ ਲੋਕਾਂ ਦੀ ਰੱਖਿਆ ਕਰੇ ਜਿਨ੍ਹਾਂ 'ਤੇ ਹਮਲੇ ਹੋਏ ਹਨ। ਇਸ ਤਸਵੀਰ ਨਾਲ ਅਸੀਂ ਆਪਣੇ ਧਰਮ ਪ੍ਰਚਾਰਿਤ ਜਨਤਾ ਜਨਮਾਨਸ ਨੂੰ ਸ਼ੀਸ਼ਾ ਨਹੀਂ ਦਿਖਾ ਸਕਦੇ। ਅਸੀਂ ਸਿਰਫ ਇਨ੍ਹਾਂ ਨੂੰ ਸ਼ਬਦ ਅਤੇ ਕਰਮ 'ਚ ਪਾਲਣ ਕਰਨ ਦੇ ਲਈ ਸੁਚੇਤ ਕਰਦੇ ਹਾਂ। ਬੇਭਰੋਸਗੀ ਦਾ ਮੌਜੂਦਾ ਦ੍ਰਿਸ਼ਟੀਕੋਣ ਅਯੋਗ ਹੈ ਜਿਸ ਦੇ ਸਿੱਟੇ ਵਜੋਂ ਨਾਰਾਜ਼ਗੀ ਪੈਦਾ ਹੋਈ ਹੈ। ਸਮਾਜਕ ਸੰਬੰਧਾਂ ਵਿੱਚ ਸ਼ੱਕ ਤੇ ਚਲਾਕੀ ਦੀ ਸੂਈ ਲੱਗੀ ਹੈ। ਇਹ ਭਾਈਚਾਰੇ ਦੇ ਪ੍ਰਚਾਰ 'ਤੇ ਉਲਟ ਅਸਰ ਪਾਉਂਦਾ ਹੈ। ਕੀ ਇਹ ਹੀ ਕਿਸੇ ਮਹਾਮਾਰੀ ਨਾਲ ਲੜ ਰਿਹਾ ਹੈ ਜਾਂ ਉਨ੍ਹਾਂ ਲੋਕਾਂ ਵਿਰੁੱਧ ਕਾਰਵਾਈ ਦੀ ਪ੍ਰਕਿਰਿਆ ਨੂੰ ਤੇਜ਼ ਕਰਨ ਲਈ ਕਹਿ ਰਿਹਾ ਹੈ ਜਿਨ੍ਹਾਂ ਨੇ ਕਾਨੂੰਨ ਦੀ ਅਣਦੇਖੀ ਕੀਤੀ ਹੈ। ਬਦਲਵੇਂ ਤੌਰ 'ਤੇ ਹੀ ਇਹ ਇੱਕ ਸਿਆਸੀ ਮਕਸਦ ਹੈ।

ਇਤਿਹਾਸ ਦੱਸਦਾ ਹੈ ਕਿ ਮਨੁੱਖੀ ਰਿਸ਼ਤੇ ਨਾਜ਼ੁਕ ਹਨ ਅਤੇ ਉਨ੍ਹਾਂ ਨੂੰ ਲਗਾਤਾਰ ਨਿਗਰਾਨੀ ਦੀ ਲੋੜ ਹੈ। ਸਮਾਜਕ ਸੰਬੰਧਾਂ ਲਈ ਵੀ ਇਸੇ ਗੱਲ ਦੀ ਲੋੜ ਹੈ। ਅਸੀਂ ਆਪਣੇ ਸਮੇਂ ਵਿੱਚ ਕਈ ਸਮਾਜਾਂ ਦੀ ਟੁੱਟ-ਭੱਜ, ਇਥੋਂ ਤੱਕ ਕਿ ਤਬਾਹੀ ਨੂੰ ਦੇਖਿਆ ਹੈ। ਤਰੱਕੀ ਅਤੇ ਵਿਕਾਸ ਲਈ ਸਮਾਜਕ ਸ਼ਾਂਤੀ ਦੀ ਪਹਿਲੀ ਲੋੜ ਹੈ। ਆਪਣੀ ਬੁੱਧੀ ਨੂੰ ਤੇਜ਼ ਹੋਣ ਦਿਓ। ਆਓ ਇਸ ਨੂੰ ਆਪਣਾ ਆਦਰਸ਼ ਸਿਧਾਂਤ ਬਣਾਈਏ।

# ਪੰਥ, ਜੋ ਕਦੇ ਇਕਜੁਟ ਸੀ, ਅੱਜ ਖਿੱਲਰਿਆ-ਖਿੱਲਰਿਆ ਕਿਉਂ



ਜਸਵੰਤ ਸਿੰਘ 'ਅਜੀਤ'

ਅੱਜ ਕੱਲ੍ਹ ਕੋਈ ਵੀ ਅਖਬਾਰ ਚੁੱਕ ਕੇ ਦੇਖੋ, ਉਸ 'ਚ ਛਪੀਆਂ ਕੁਝ ਅਜਿਹੀਆਂ ਖਬਰਾਂ ਜ਼ਰੂਰ ਹੀ ਪੜ੍ਹਨ ਨੂੰ ਮਿਲ ਜਾਣਗੀਆਂ, ਜਿਨ੍ਹਾਂ 'ਚ ਸਿੱਖਾਂ ਵਿੱਚ ਹੋ ਰਹੇ ਲੜਾਈ-ਝਗੜੇ ਦਾ ਜ਼ਿਕਰ ਹੋਵੇਗਾ। ਕੁਝ ਇੱਕ ਸਿੱਖ ਆਗੂਆਂ ਨੂੰ ਬਿਮਾਰੀ ਜਿਹੀ ਹੋ ਗਈ ਹੈ ਕਿ ਜਦੋਂ ਤੱਕ ਉਹ ਵਿਰੋਧੀ ਆਗੂ ਦੇ ਵਿਰੁੱਧ ਕੋਈ ਬਿਆਨ ਨਾ ਦਾਗ ਲੈਣ, ਨਾ ਉਨ੍ਹਾਂ ਨੂੰ ਰੋਟੀ ਹਜ਼ਮ ਹੁੰਦੀ ਹੈ ਅਤੇ ਨਾ ਹੀ ਰਾਤ ਨੂੰ ਉਨ੍ਹਾਂ ਨੂੰ ਨੀਂਦ ਆਉਂਦੀ ਹੈ। ਕਿਸੇ ਨੇ ਆਪਣੇ ਵਿਰੋਧੀ ਦੀ ਖੁੱਲ੍ਹ ਕੇ ਵਿਰੋਧਤਾ ਕੀਤੀ ਹੁੰਦੀ ਹੈ ਕਿਸੇ ਨੇ ਧਾਰਮਿਕ ਮਾਨਤਾਵਾਂ ਬਾਰੇ ਉਸ ਨੂੰ ਕਟਹਿਰੇ 'ਚ ਖੜ੍ਹਾ ਕੀਤਾ ਹੁੰਦਾ ਹੈ। ਇੰਨਾ ਹੀ ਨਹੀਂ ਕਿਸੇ ਨੇ ਤਾਂ ਉਸ ਦੇ ਆਚਰਣ 'ਤੇ ਹਮਲਾ ਕਰ, ਉਸ ਦਾ ਅਕਸ ਖਰਾਬ ਕਰਨ ਦੀ ਕੋਸ਼ਿਸ਼ ਹੁੰਦੀ ਹੈ।

ਇਹ ਸਭ ਪੜ੍ਹਦੇ-ਸੁਣਦੇ ਇਹ ਸਵਾਲ ਉਭਰ ਕੇ ਸਾਹਮਣੇ ਆ ਜਾਂਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਤਾਂ ਗੁਰੂ ਸਾਹਿਬਾਨਾਂ ਦੀਆਂ ਬਾਣੀਆਂ ਦੀ ਪਵਿੱਤਰਤਾ ਦੇ ਨਾਲ ਪਤਾਸਿਆਂ ਦੀ ਮਿਠਾਸ ਘੋਲ ਕੇ ਖਾਲਸਾ ਪੰਥ ਦੀ ਸਿਰਜਣਾ ਦੀ ਸੰਪੂਰਨਤਾ ਇਸ ਵਿਸ਼ਵਾਸ ਦੇ ਨਾਲ ਕੀਤੀ ਸੀ ਕਿ ਇਕਜੁਟ ਰਹਿ ਕੇ ਆਪਸੀ ਪਿਆਰ 'ਚ ਡੁੱਬਾ ਧਰਮ ਦੀਆਂ ਸਥਾਪਤ ਮਰਿਆਦਾਵਾਂ, ਮਾਨਤਾਵਾਂ ਤੇ ਪ੍ਰੰਪਰਾਵਾਂ ਦੀ ਰੱਖਿਆ ਕਰਦੇ ਹੋਏ ਗਰੀਬ-ਮਜ਼ਲੂਮ ਦੀ ਰੱਖਿਆ ਕਰਨ ਲਈ ਵਚਨਬੱਧ ਰਹੇਗਾ। ਅੱਜ ਉਹੀ ਖਾਲਸਾ ਪੰਥ ਗਰੀਬ-ਮਜ਼ਲੂਮ ਦੀ ਰੱਖਿਆ ਕਰਨ ਪ੍ਰਤੀ ਵਚਨਬੱਧ ਰਹਿਣਾ ਦੂਰ, ਆਪ ਹੀ ਖਿਲਰ ਕੇ ਸਿੱਖ ਧਰਮ ਦੀਆਂ ਸਥਾਪਤ ਮਾਣ-ਮਰਿਆਦਾਵਾਂ ਤੇ ਪਰੰਪਰਾਵਾਂ ਦੀ ਅਣਦੇਖੀ ਕਰਨ 'ਤੇ ਤੁਲਿਆ ਹੈ। ਜਦੋਂ ਕਦੇ ਦਿਲ 'ਚ ਇਹ ਸਵਾਲ ਉਠਦਾ ਹੈ ਤਾਂ ਅਚਾਨਕ ਕਾਫੀ ਸਮਾਂ ਪਹਿਲਾਂ ਪੜ੍ਹੇ ਲਿਖੇ ਬੁੱਧੀਜੀਵੀ ਸਿੱਖ ਵੱਲੋਂ ਇੱਕ ਲੇਖ 'ਜਦੋਂ ਪੰਥ ਚੁਣੌਤੀਆਂ ਦਾ ਸਾਹਮਣਾ ਇਕਜੁਟ ਹੋ ਦ੍ਰਿੜ੍ਹਤਾ ਨਾਲ ਖੜ੍ਹਾ ਹੁੰਦਾ ਰਿਹਾ ਤਾਂ' ਦੀ ਯਾਦ ਦੇ ਪਿਟਾਰੇ 'ਚੋਂ ਉਭਰ ਕੇ ਸਾਹਮਣੇ ਆ ਜਾਂਦੀ ਹੈ। ਉਸ ਵਿੱਚ ਲੇਖਕ ਨੇ ਕਿਸੇ ਸਮੇਂ ਕਰਨਾਲ ਅਤੇ ਸ੍ਰੀਨਗਰ ਆਦਿ ਵਿੱਚ ਹੋਈਆਂ ਉਨ੍ਹਾਂ ਅਕਾਲੀ ਕਾਨਫਰੰਸਾਂ ਦਾ ਜ਼ਿਕਰ ਕੀਤਾ ਸੀ ਜਿਨ੍ਹਾਂ 'ਚ ਸਮੁੱਚਾ ਸਿੱਖ ਜਗਤ ਅਕਾਲੀ ਦਲ ਦੀ ਇੱਕ ਆਵਾਜ਼ 'ਤੇ ਇਕਜੁਟ ਹੋ ਕੇ ਜੁੜ ਬੈਠਾ ਸੀ। ਇਸ 'ਚ ਸ਼ੱਕ ਨਹੀਂ ਕਿ ਓਦੋਂ ਸਮੁੱਚਾ ਸਿੱਖ ਜਗਤ ਅਕਾਲੀ ਦਲ ਦੇ ਪ੍ਰਤੀ ਪੂਰੀ ਤਰ੍ਹਾਂ ਸਮਰਪਿਤ ਹੁੰਦਾ ਸੀ ਅਤੇ ਅਕਾਲੀ ਨੇਤਾਵਾਂ, ਜਿਨ੍ਹਾਂ ਦੇ ਲੋਕ ਪੰਥਕ ਆਗੂ ਵਾਲੇ ਰੂਪ ਨੂੰ ਪ੍ਰਵਾਨਿਆ ਜਾਂਦਾ ਰਿਹਾ, ਦੇ ਸੱਦੇ 'ਤੇ ਹਰ ਸਿੱਖ ਆਪਣਾ ਸਭ ਕੁਝ ਕੁਰਬਾਨ ਕਰਨ ਲਈ ਤਿਆਰ ਹੁੰਦਾ ਸੀ। ਪੰਜਾਬੀ ਸੂਬੇ ਲਈ ਕੀਤਾ ਸੰਘਰਸ਼ ਇਸ ਦਾ ਪ੍ਰਤੱਖ ਸਬੂਤ ਹੈ। ਪੰਜਾਬੀ ਸੂਬੇ ਦੀ ਮੰਗ ਬਾਰੇ ਜਿੰਨੇ ਵੀ ਮੋਰਚੇ ਲਾਏ ਗਏ, ਉਨ੍ਹਾਂ 'ਚ ਪੰਜਾਬ ਤੋਂ ਬਾਹਰ, ਦੇਸ਼ ਵਿਦੇਸ਼ ਵਿੱਚ ਵੱਸ ਰਹੇ ਸਿੱਖਾਂ, ਜਿਨ੍ਹਾਂ ਨੂੰ ਪੰਜਾਬ ਸੂਬੇ ਦੇ ਬਣਨ ਨਾ ਕੋਈ ਲਾਭ ਹੋਣਾ ਸੀ ਤੇ ਨਾ ਉਸ ਦਾ ਨਾ ਬਣਨ ਨਾਲ ਕੋਈ ਹਾਨੀ, ਨੇ ਵੀ ਤਨ-ਮਨ-ਧਨ ਨਾਲ ਪੂਰੇ ਉਤਸ਼ਾਹ ਅਤੇ ਜੋਸ਼ ਨਾਲ ਯੋਗਦਾਨ ਪਾਇਆ। ਇਨ੍ਹਾਂ ਮੋਰਚਿਆਂ 'ਚ ਗ੍ਰਿਫਤਾਰੀ ਦੇਣ ਲਈ ਦੇਸ਼ ਦੇ ਦੂਸਰੇ ਹਿੱਸਿਆਂ ਦੇ ਨਾਲ ਜੰਮੂ-ਕਸ਼ਮੀਰ ਤੋਂ ਵੀ ਸਿੱਖ ਆਪਣੇ ਛੋਟੇ-ਛੋਟੇ ਬੱਚਿਆਂ ਨਾਲ ਔਖੇ ਰਸਤੇ ਤੈਅ ਕਰ ਕੇ ਪਹੁੰਚੇ ਸਨ। ਮੈਨੂੰ ਯਾਦ ਹੈ ਕਿ 1960 ਦੇ ਮੋਰਚੇ 'ਚ ਇੱਕ ਬੀਬੀ ਆਪਣੀ ਦੁੱਧਮੂੰਹੀ ਮਾਸੂਮ ਬੱਚੀ ਨੂੰ ਗੋਦ 'ਚ ਚੁੱਕੀ ਦਿੱਲੀ ਤੋਂ ਗ੍ਰਿਫਤਾਰ ਹੋਈ ਸੀ। ਮੋਰਚਾ ਖਤਮ ਹੋਣ 'ਤੇ ਜਦੋਂ ਜੇਲ੍ਹ 'ਚੋਂ ਬਾਹਰ ਆਈ ਤਾਂ ਉਸ ਤੋਂ ਪੁੱਛਿਆ ਗਿਆ ਕਿ ਜੇ ਪੰਜਾਬੀ ਸੂਬਾ ਬਣ ਜਾਂਦਾ ਹੈ ਤਾਂ ਉਸ ਤੋਂ ਉਸ ਨੂੰ ਕੀ ਮਿਲੇਗਾ, ਜੋ ਮਾਸੂਮ ਬੱਚੀ ਨੂੰ ਗੋਦ 'ਚ ਚੁੱਕ ਕੇ ਤੁਸੀਂ ਗ੍ਰਿਫਤਾਰੀ ਦੇਣ ਚੱਲ ਪਏ? ਉਨ੍ਹਾਂ ਨੇ ਬੜੀ ਦ੍ਰਿੜਤਾ ਨਾਲ ਜਵਾਬ ਦਿੱਤਾ ਸੀ, "ਮੈਨੂੰ ਤਾਂ ਕੁਝ ਨਹੀਂ ਮਿਲੇਗਾ, ਪਰ ਮੋਰਚੇ 'ਚ ਸ਼ਾਮਲ ਹੋਣ ਦਾ ਗੁਰੂ ਪੰਥ ਤੋਂ ਜੋ ਹੁਕਮ ਆਇਆ ਸੀ, ਉਸ ਨੂੰ ਮੈਂ ਕਿਸੇ ਤਰ੍ਹਾਂ ਟਾਲ ਸਕਦੀ ਸੀ।"

ਕੀ ਅੱਜ ਕੋਈ ਅਕਾਲੀ ਆਗੂ ਪਿੱਠ ਥਾਪੜ ਕੇ ਦਾਅਵੇ ਨਾਲ ਕਹਿ ਸਕਦਾ ਹੈ ਕਿ ਪੰਜਾਬ ਦੇ ਸਿੱਖ ਇਕਜੁਟ ਹੋ ਕੇ ਉਸ ਮੋਰਚੇ 'ਚ ਗ੍ਰਿਫਤਾਰੀ ਦੇਣ ਜਾਂ ਕਿਸੇ ਤਰ੍ਹਾਂ ਦੀ ਕੁਰਬਾਨੀ ਦੇਣ ਨੂੰ ਤਿਆਰ ਹੋ ਸਕਣਗੇ? ਸ਼ਾਇਦ ਇਸ ਸਵਾਲ ਦਾ ਜਵਾਬ ਕੋਈ ਵੀ ਅਕਾਲੀ ਨੇਤਾ ਦੇਣਾ ਨਹੀਂ ਚਾਹੇਗਾ। ਆਖਰ ਅਜਿਹੀ ਸਥਿਤੀ ਕਿਉਂ ਬਣੀ? ਕੀ ਇਸ ਬਾਰੇ 'ਚ ਅਕਾਲੀ ਲੀਡਰਸ਼ਿਪ ਨੇ ਕਦੇ ਸੋਚਿਆ ਹੈ ਜਾਂ ਕਦੇ ਇਸ ਸੰਬੰਧ ਵਿੱਚ ਵਿਚਾਰ ਕਰਨ ਦੀ ਲੋੜ ਸਮਝੀ ਹੈ?

ਉੱਪਰ ਦੱਸੇ ਬੁੱਧੀਜੀਵੀ ਨੇ ਆਪਣੇ ਲੇਖ 'ਚ ਕਿਸੇ ਸਮੇਂ ਸਿੱਖ ਜਗਤ ਦੇ ਅਕਾਲੀ ਦਲ ਦੇ ਝੰਡੇ ਹੇਠ ਇਕਜੁੱਟ ਹੋ ਪੰਥਕ ਸ਼ਕਤੀ ਬਣੇ ਰਹਿਣ ਦੀ ਗੱਲ ਕਹੀ ਹੈ, ਅਸੀਂ ਇਸ ਦੇ ਦ੍ਰਿੜ ਸਮਰਥਕ ਹਾਂ ਕਿ ਸਿੱਖ ਜਗਤ ਦੀ ਅਜਿਹੀ ਜਥੇਬੰਦੀ ਹੋਣੀ ਜ਼ਰੂਰੀ ਹੈ, ਜੋ ਸੰਸਾਰ ਭਰ ਦੇ ਸਿੱਖਾਂ ਦੀ ਪ੍ਰਤੀਨਿਧਤਾ ਦੇ ਨਾਲ ਉਨ੍ਹਾਂ ਦੇ ਹਿੱਤਾਂ-ਅਧਿਕਾਰਾਂ ਦੀ ਰੱਖਿਆ ਕਰਨ ਪ੍ਰਤੀ ਵਚਨਬੱਧ ਹੋਵੇ। ਪੰਜਾਬ ਦੀ ਅਕਾਲੀ ਲੀਡਰਸ਼ਿਪ ਸੰਸਾਰ ਭਰ ਦੇ ਸਿੱਖਾਂ ਦੀ ਪ੍ਰਤੀਨਿਧਤਾ ਦਾ ਦਾਅਵਾ ਕਰਦੀ ਹੈ, ਸੱਚਾਈ ਹੀ ਨਹੀਂ, ਇਤਿਹਾਸ ਇਸ ਦਾ ਗਵਾਹ ਹੈ ਕਿ ਆਕਲੀ ਲੀਡਰਸ਼ਿਪ) ਉਨ੍ਹਾਂ ਦੇ ਹਿੱਤਾਂ-ਅਧਿਕਾਰਾਂ ਦੀ ਰੱਖਿਆ ਪ੍ਰਤੀ ਕਦੇ ਵੀ ਇਮਾਨਦਾਰ ਨਹੀਂ ਰਹੀ। ਉਸ ਨੇ ਸਦਾ ਪੰਜਾਬ ਵਿੱਚ ਆਪਣੇ ਹਿੱਤਾਂ ਨੂੰ ਸਾਹਮਣੇ ਰੱਖ ਕੇ ਉਨ੍ਹਾਂ ਦਾ ਸ਼ੋਸ਼ਣ ਕੀਤਾ ਹੈ।

ਪੰਥਕ ਸਿੱਖ ਏਕਤਾ ਦੇ ਮੋਰਚੇ 'ਤੇ ਗੱਲ ਕਰਦੇ ਹੋਏ ਇੱਕ ਮਹੱਤਵ ਪੂਰਨ ਸਵਾਲ ਉਭਰ ਕੇ ਸਾਹਮਣੇ ਆ ਜਾਂਦਾ ਹੈ ਕਿ ਅਕਾਲੀ ਦਲ ਦੇ ਨਾਂਅ 'ਤੇ ਨਿੰਜ ਸਵਾਰਥ 'ਤੇ ਆਧਾਰਤ ਜੋ ਦੁਕਾਨਾਂ ਥਾਂ-ਥਾਂ ਖੁੱਲ੍ਹੀਆਂ ਹਨ, ਉਨ੍ਹਾਂ ਦੇ ਮਾਲਕ ਕਿਵੇਂ ਆਪਣੇ ਸਵਾਰਥ ਦਾ ਤਿਆਗ ਕਰ ਕੇ ਉਨ੍ਹਾਂ ਦੁਕਾਨਾਂ ਨੂੰ ਬੰਦ ਕਰ ਕੇ ਪੰਥ ਦੇ ਵੱਡੇ ਹਿੱਤਾਂ 'ਚ ਇਕਜੁੱਟ ਹੋਣ ਨੂੰ ਤਿਆਰ ਹੋ ਸਕਣਗੇ। ਇਹ ਗੱਲ ਪ੍ਰਵਾਨ ਕਰਨੀ ਹੋਵੇਗੀ ਕਿ ਜਦੋਂ ਤੱਕ ਧਰਮ ਅਤੇ ਸਿਆ-ਸਤ ਦੀ ਸਿਧਾਂਤਹੀਣ ਸਾਂਝ ਕਾਇਮ ਰੱਖਣ 'ਤੇ ਜ਼ੋਰ ਦਿੱਤਾ ਜਾਵੇਗਾ, 'ਰਾਜ ਬਿਨਾਂ ਨਹੀਂ ਧਰਮ ਚਲੇ ਹੈ' ਦੇ ਨਾਅਰੇ ਲਾ ਕੇ ਸਿੱਖਾਂ ਦਾ ਧਾਰਮਿਕ ਸ਼ੋਸ਼ਣ ਕੀਤਾ ਜਾਵੇਗਾ, ਕਿਸੇ ਵੀ ਮੁੱਦੇ 'ਤੇ ਪੰਥਕ ਏਕਤਾ ਨਹੀਂ ਹੋ ਸਕੇਗੀ। ਇਸ ਦਾ ਇੱਕੋ ਹੱਲ ਹੈ ਕਿ ਏਕਤਾ ਦੀ ਆਸ ਛੱਡ ਦਿਓ। ਸਿੱਖ ਧਰਮ ਦੇ ਸਿਧਾਂਤਾਂ, ਆਦਰਸ਼ਾਂ, ਮਾਨਤਾਵਾਂ ਦੇ ਪ੍ਰਚਾਰ-ਪਸਾਰ ਵਿੱਚ ਆਪਣੀ ਸ਼ਕਤੀ ਲਾਈ ਜਾਵੇ, ਜੋ ਵੀ ਏਕਤਾ ਦੇ ਪ੍ਰਤੀ ਇਮਾਨਦਾਰ ਹੋਵੇਗਾ, ਉਹ ਆਪਣੇ-ਆਪ ਇਸ ਮੁਹਿੰਮ ਨਾਲ ਜੁੜਦਾ ਜਾਵੇਗਾ ਅਤੇ ਕਾਫਲਾ ਵਧਦਾ ਜਾਵੇਗਾ।

ਆਮ ਤੌਰ 'ਤੇ ਸਿੱਖ ਧਰਮ ਤੇ ਸਿਆਸਤ 'ਚ ਮਾਨਤਾ ਪ੍ਰਾਪਤ ਲੋਕਤੰਤਰ ਨੂੰ ਤਕੜੀ ਦੇ ਇੱਕ ਹੀ ਪੱਲੇ ਵਿੱਚ ਤੋਲ ਦਿੱਤਾ ਜਾਂਦਾ ਹੈ, ਜਦ ਕਿ ਅਸਲੀਅਤ ਇਹ ਹੈ ਕਿ ਇਨ੍ਹਾਂ ਦੋਵਾਂ ਦੇ ਲੋਕਤੰਤਰ ਵਿੱਚ ਜ਼ਮੀਨ ਅਸਮਾਨ ਦਾ ਫਰਕ ਹੈ ਜਿੱਥੇ ਸਿਆਸੀ ਲੋਕਤੰਤਰ 'ਚ ਬਹੁਮਤ ਆਧਾਰਤ ਫੈਸਲਿਆਂ ਨੂੰ ਮਾਨਤਾ ਪ੍ਰਾਪਤ ਹੈ, ਉਥੇ ਸਿੱਖ ਧਰਮ ਦੇ ਲੋਕਤੰਤਰ ਵਿੱਚ ਬਹੁਮਤ ਦੀ ਥਾਂ 'ਤੇ ਸਰਬ ਸੰਮਤੀ ਨਾਲ ਕੀਤੇ ਫੈਸਲਿਆਂ ਨੂੰ ਪ੍ਰਵਾਨ ਕੀਤਾ ਜਾਂਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ 'ਪੰਚ ਪਰਵਾਨ ਪੰਚ ਪਰਧਾਨ' ਦੇ ਆਦਰਸ਼ 'ਤੇ ਸਿੱਖ ਧਰਮ ਦੀ ਨੀਂਹ ਰੱਖੀ ਅਤੇ ਗੁਰੂ ਗੋਬਿੰਦ ਸਿੰਘ ਜੀ ਨੇ ਪੰਜ ਪਿਆਰਿਆਂ ਦੇ ਰੂਪ ਵਿੱਚ 'ਖਾਲਸੇ' ਭਾਵ ਸੰਤ-ਸਿਪਾਹੀ ਦੀ ਸਿਰਜਣਾ ਕਰ ਕੇ ਉਸ ਨੂੰ ਦ੍ਰਿੜਤਾ ਦਿੱਤੀ। ਪੰਜ ਪਿਆਰਿਆਂ ਨੇ ਗੁਰੂ ਸਾਹਿਬਾਨਾਂ ਦੀ ਬਖਸ਼ੀ ਇਸ ਸ਼ਕਤੀ ਨੂੰ ਨਿੱਜੀ ਹੱਥਾਂ 'ਚ ਕੇਂਦਰਿਤ ਕਰੀ ਰੱਖਣ ਦੀ ਥਾਂ 'ਸਰਬਤ ਖਾਲਸਾ' ਨੂੰ ਸੌਂਪ ਦਿੱਤਾ। ਇਤਿਹਾਸ ਗਵਾਹ ਹੈ ਕਿ ਇਸ ਸਮੇਂ ਸਿੱਖ ਜੀਵਨ-ਸੰਘਰਸ਼ 'ਚ ਜੁਟੇ ਜਬਰ-ਜ਼ਾਲਮ ਦੇ ਹੱਥੋਂ ਗਰੀਬ-ਮਜ਼ਲੂਮਾਂ ਦੀ ਰੱਖਿਆ ਲਈ ਜਾਨਾਂ ਕੁਰਬਾਨ ਕਰ ਰਹੇ ਉਸ ਸਮੇਂ 'ਸਰਬਤ ਖਾਲਸਾ' ਹੀ ਉਨ੍ਹਾਂ ਦਾ ਮਾਰਗ ਦਰਸ਼ਨ ਕਰਦਾ ਹੁੰਦਾ ਸੀ।

# ਲਾਕਡਾਊਨ ਨੇ ਮੈਨੂੰ ਬਦਲ ਦਿੱਤਾ



-ਕਰਣ ਥਾਪਰ-

ਲਾਕਡਾਊਨ ਨੂੰ ਤੀਹ ਦਿਨ ਹੋ ਚੁੱਕੇ ਹਨ ਅਤੇ ਮੈਂ ਆਪਣੇ ਬਾਰੇ ਵਿੱਚ ਚੀਜ਼ਾਂ ਲੱਭ ਰਿਹਾ ਹਾਂ। ਜਿਵੇਂ ਕਿ ਰਹੱਸ ਦਾ ਖੁਲਾਸਾ ਕਰਨ ਬਾਰੇ ਗੱਲ ਹੈ, ਮੈਂ ਬਹੁਤਾ ਜਾਗਰੂਕ ਨਹੀਂ। ਆਪਣੇ ਵੀਹ ਤੋਂ 30 ਸਾਲਾਂ ਵਿਚਾਲੇ ਮੈਨੂੰ ਘਰ ਵਿੱਚ ਇਕੱਲੇ ਰਹਿਣਾ ਚੰਗਾ ਨਹੀਂ ਲੱਗਦਾ ਸੀ। ਮੇਰੀ ਸਵਰਗੀ ਪਤਨੀ ਨਿਸ਼ਾ ਇਨਵੈਸਟਮੈਂਟ ਬੈਂਕਰ ਸੀ ਅਤੇ ਉਸ ਨੂੰ ਬਹੁਤ ਜ਼ਿਆਦਾ ਯਾਤਰਾਵਾਂ ਕਰਨੀਆਂ ਪੈਂਦੀਆਂ ਸਨ। ਹਰ ਯਾਤਰਾ ਤੋਂ ਪਹਿਲਾਂ ਉਹ ਦੋਸਤਾਂ ਨਾਲ ਰਹਿੰਦੀ ਸੀ। ਅਸੀਂ ਥੀਏਟਰ ਜਾਂ ਡਿਨਰ 'ਤੇ ਬਾਹਰ ਜਾਂਦੇ ਹੁੰਦੇ ਸੀ। ਨਿਸ਼ਾ ਦੇ ਯਾਤਰਾ ਕਰਨ ਦੌਰਾਨ ਮੈਂ ਇਕੱਲਾ ਡਰ ਨਾਲ ਭਰਿਆ ਰਹਿੰਦਾ ਸੀ। ਇਹ ਤਾਂ ਸਿਰਫ ਇਕੱਲਾਪਣ ਨਹੀਂ, ਨਾ ਸਮੇਂ ਨੂੰ ਬਤੀਤ ਕਰਨ ਲਈ ਕੋਈ ਬਦਲ ਲੱਭ ਸਕਿਆ ਸੀ। ਸ਼ਾਇਦ ਗੱਲ ਕਰਨ ਵਾਲੇ ਦੀ ਗੈਰ ਹਾਜ਼ਰੀ 'ਚ ਘਰ 'ਚ ਸੰਨਾਟਾ ਰਹਿੰਦਾ ਸੀ। ਮੈਂ ਆਪਣੀ ਹੀ ਸੰਗਤ ਨੂੰ ਪਸੰਦ ਨਹੀਂ ਕਰਦਾ ਸੀ। ਅਜਿਹਾ ਸ਼ਾਇਦ ਹੀ ਕੋਈ ਮੌਕਾ ਹੋਵੇ, ਮੇਰੇ ਨਾਲ ਕੋਈ ਬੈਠਣ ਵਾਲਾ ਨਹੀਂ ਸੀ। ਘਰ ਦੀਆਂ ਸਾਰੀਆਂ ਲਾਈਟਾਂ ਮੈਂ ਬੁਝਾ ਕੇ ਰੱਖਦਾ ਸੀ। ਮੈਂ ਫਿਰ ਵੀ ਅੰਦਰ ਹੀ ਅੰਦਰ ਚਿੜਚਿੜਾਉਂਦਾ ਰਹਿੰਦਾ ਸੀ।

ਅੱਜਕੱਲ੍ਹ ਮੈਂ ਆਪਣੇ ਆਪ ਨੂੰ ਬਦਲ ਚੁੱਕਾ ਹਾਂ। ਜੇ ਨਿਸ਼ਾ ਅੱਜ ਜਿਊਂਦੀ ਹੁੰਦੀ ਤਾਂ ਕਹਿੰਦੀ ਹਾਂ ਕਿ ਤੂੰ ਸਿਆਣਾ ਹੋ ਗਿਆ ਹੈਂ। ਲੰਬੇ ਸਮੇਂ ਤੱਕ ਚੱਲਣ ਵਾਲੇ ਲਾਕਡਾਊਨ ਦੀਆਂ ਸ਼ਾਮਾਂ ਨੇ ਖੁਲਾਸਾ ਕੀਤਾ ਹੈ ਕਿ ਮੈਂ ਆਪਣੇ ਆਪ ਵਿੱਚ ਕਾਫੀ ਖੁਸ਼ ਹਾਂ। ਦਰਅਸਲ ਮੈਂ ਆਪਣੇ ਸ਼ਾਂਤੀ ਭਰੇ ਖਾਲੀ ਟੈਲੀਵਿਜ਼ਨ ਰੂਮ ਵਿੱਚ ਪਰਤਣਾ ਚਾਹੁੰਦਾ ਹਾਂ। ਕੁਝ ਸਮਾਂ ਮੈਂ ਪੜ੍ਹਦਾ ਹਾਂ ਤੇ ਕਦੇ ਕਦਾਈਂ ਕੋਈ ਵੀਡੀਓ ਦੇਖ ਲੈਂਦਾ ਹਾਂ, ਪਰ ਵਧੇਰੇ ਸਮਾਂ ਮੈਂ ਕੁਝ ਵੀ ਨਾ ਕਰ ਕੇ ਬਿਤਾਉਂਦਾ ਹਾਂ। ਨਾ ਤਾਂ ਮੈਂ ਘੰਟਿਆਂ ਤੱਕ ਆਪਣੇ ਪਰਵਾਰ ਅਤੇ ਦੋਸਤਾਂ ਨਾਲ ਫੋਨ 'ਤੇ ਰੁੱਝਾ ਰਹਿੰਦਾ ਹਾਂ। ਮੈਂ ਇੱਕ ਲਾਈਨ 'ਚ ਉਨ੍ਹਾਂ ਦਾ ਹਾਲ ਚਾਲ ਜਾਣ ਲੈਂਦਾ ਹਾਂ। ਮੇਰੇ ਕੋਲ ਇੰਨਾ ਸਮਾਂ ਨਹੀਂ ਕਿ ਮੈਂ ਲੰਬੀਆਂ-ਲੰਬੀਆਂ ਗੱਪਾਂ ਮਾਰਾਂ। ਸਹੀ ਗੱਲ ਇਹ ਹੈ ਕਿ ਮੈਂ ਆਪਣੇ ਆਪ ਤੋਂ ਕਾਫੀ ਸੰਤੁਸ਼ਟ ਹਾਂ। ਮੈਂ ਇਹ ਮਹਿਸੂਸ ਕਰਦਾ ਹਾਂ ਕਿ ਮੈਂ ਸਭ ਕੁਝ ਜਾਂ ਕਿਸੇ ਨੂੰ ਗੁਆ ਦਿੱਤਾ ਹੈ।

ਮੇਰੇ ਅੰਦਰ ਇੱਕ ਸੰਨਿਆਸੀ ਲੁਕਿਆ ਹੋਇਆ ਹੈ। ਮੈਂ ਸਭ ਕੁਝ ਲੁਕਾ ਕੇ ਰੱਖਿਆ ਹੋਇਆ ਹੈ। ਇਸ ਤੋਂ ਪਹਿਲਾਂ ਮੈਂ ਆਪਣੇ ਆਪ ਨੂੰ ਅਸੁਰੱਖਿਅਤ ਮੰਨਦਾ ਸੀ, ਜਿਸ ਨੂੰ ਇੱਕ ਸਹਿਯੋਗੀ ਦੀ ਜਾਂ ਫਿਰ ਧਿਆਨ ਦੀ ਲੋੜ ਸੀ। ਫਿਰ ਮੈਂ ਅਨੁਭਵ ਕੀਤਾ ਕਿ ਜਿਹੜਾ ਮੈਂ ਡਰ ਮਹਿਸੂਸ ਕਰਦਾ ਹਾਂ, ਉਹ ਇੰਨਾ ਭਿਆਨਕ ਨਹੀਂ। ਮੈਂ ਆਪਣੇ ਆਪ ਨਾਲ ਆਸਾਨੀ ਨਾਲ ਰਹਿ ਸਕਦਾ ਹਾਂ, ਪਰ ਇਸ ਬਾਰੇ ਕੌਣ ਜਾਣਦਾ ਹੈ। ਜੇ ਮੇਰਾ ਮਨ ਦਾਰਸ਼ਨਿਕ ਜਾਂ ਮਨੋਵਿਗਿਆਨਕ ਦਾ ਹੁੰਦਾ ਤਾਂ ਮੈਂ ਜਵਾਬ ਦੇਣ ਦਾ ਯਤਨ ਕਰਦਾ, ਪਰ ਮੈਂ ਅਜਿਹਾ ਕਰਦਾ। ਮੈਂ ਖੁਦ 'ਚ ਤਬਦੀਲੀ ਦੇਖੀ ਹੈ।

ਦੂਜੀ ਚੀਜ਼ ਜਿਹੜੀ ਮੈਂ ਖੋਜੀ ਹੈ, ਉਹ ਜ਼ਿਆਦਾ ਸੰਸਾਰ 'ਚ ਹੈ। ਇੱਕ ਵਿਅਕਤੀ ਦਾ ਸੱਚਾ ਦੋਸਤ ਉਸ ਦਾ ਕੁੱਤਾ ਨਹੀਂ ਹੁੰਦਾ, ਉਸ ਦਾ ਬਾਰਬਰ ਹੁੰਦਾ ਹੈ। ਹਰ ਚਾਰ ਹਫਤਿਆਂ ਬਾਅਦ ਮੈਂ ਆਪਣੇ ਆਪ ਨੂੰ ਰਾਕੇਸ਼-ਗੋਵਿੰਦ ਹਵਾਲੇ ਕਰ ਦਿੰਦਾ ਹੈ। ਇਹ ਕੰਮ ਪਿਛਲੇ ਤੀਹ ਸਾਲਾਂ ਤੋਂ ਲਗਾਤਾਰ ਚੱਲ ਰਿਹਾ ਹੈ ਅਤੇ ਸ਼ਾਇਦ ਚਲਦਾ ਜਾਵੇਗਾ। ਮੇਰਾ ਬਾਰਬਰ ਮੈਨੂੰ ਇੱਕ ਚੰਗੀ ਪਛਾਣ ਦਿੰਦਾ ਹੈ, ਕਿਉਂਕਿ ਤੁਹਾਡੇ ਵਾਲ ਫੈਸਲਾ ਕਰਦੇ ਹਨ ਕਿ ਤੁਸੀਂ ਕਿੱਦਾਂ ਦਿਸਦੇ ਹੋ। ਇਸ ਕਰ ਕੇ ਮੇਰੀ ਸੋਚ ਹੈ ਕਿ ਉਹ ਦੋਵੇਂ ਮੇਰੇ ਰੂਪ ਦਾ ਆਰਕੀਟੈਕਟ ਹਨ। ਮੈਂ ਉਨ੍ਹਾਂ ਦੀ ਗੈਰ ਹਾਜ਼ਰੀ ਵਿੱਚ ਇੰਡੀਆ ਗੇਟ 'ਤੇ ਦਿਖਾਈ ਦੇਣ ਵਾਲੀ ਬੁੱਢੀ ਭੇਡ ਵਾਂਗ ਦਿਖਾਈ ਦਿੰਦਾ ਹਾਂ ਜਿਸ ਨੂੰ ਪ੍ਰਗਟ ਕਰਨਾ ਔਖਾ ਹੈ। ਮੈਨੂੰ ਇਹ ਕਹਿਣਾ ਚਾਹੀਦਾ ਹੈ ਕਿ ਮੈਂ ਪੁੱਟਾ ਪੋਰਥੀ ਦੇ ਸਤਿਆ ਸਾਈਂ ਬਾਬੇ ਦੇ ਹਮਸ਼ਕਲ ਵਰਗਾ ਦਿਸਦਾ ਹਾਂ। ਮੇਰੇ ਰੂਪ ਵਿੱਚ ਕੁਝ ਜੰਗਲੀਪਣ ਅਤੇ ਮੈਲਾਪਣ ਦਿਖਾਈ ਦੇਂਦਾ ਹੈ। ਮੇਰੇ ਵਾਲ ਇੰਨੇ ਲੰਬੇ ਤੇ ਉਲਝੇ ਨਹੀਂ, ਪਰ ਇਹ ਏਦਾਂ ਉਪਰ ਨੂੰ ਉਠੇ ਹਨ, ਜਿਵੇਂ ਸ਼ਹਿਦ ਦੀਆਂ ਮੱਖੀਆਂ ਦਾ ਛੱਤਾ ਹੋਵੇ। ਇਨ੍ਹਾਂ ਨੂੰ ਕੰਘੀ ਤੇ ਬਰੱਸ਼ ਕਰਨਾ ਵੀ ਮੁਸ਼ਕਲ ਹੋ ਚੁੱਕਾ ਹੈ। ਜਦੋਂ ਕਦੇ ਮੈਂ ਰਾਕੇਸ਼ ਤੇ ਗੋਵਿੰਦ ਨੂੰ ਮਿਲਾਂਗਾ ਤਾਂ ਉਹ ਕੈਂਚੀ ਫੜ ਕੇ ਮੇਰੇ 'ਤੇ ਟੁੱਟ ਪੈਣਗੇ। ਮੈਨੂੰ ਲੱਗਦਾ ਹੈ ਕਿ ਓਦੋਂ ਕੈਂਚੀ ਵੀ ਕੰਮ ਨਹੀਂ ਕਰ ਸਕੇਗੀ।

ਤੀਜੀ ਖੋਜ ਜੋ ਮੈਂ ਕੀਤੀ, ਉਹ ਚਿੰਤਾ ਜਨਕ ਹਲਕੀ ਗੱਲ ਹੈ। ਮੈਨੂੰ ਹੈਰਾਨੀ ਹੈ ਕਿ ਤੁਸੀਂ ਆਪਣੇ ਆਪ 'ਚ ਮੇਰੇ ਵਰਗੀ ਗੱਲ ਲੱਭ ਰਹੇ ਹੋਵੋਗੇ। ਮੈਂ ਮਨਹੂਸ ਵਾਇਰਸ ਬਾਰੇ ਪੜ੍ਹਿਆ ਹੈ, ਪਰ ਮੈਂ ਵੱਧ ਤੋਂ ਵੱਧ ਇਸ ਚੀਜ਼ ਨੂੰ ਭੁੱਲਣਾ ਚਾਹੁੰਦਾ ਹਾਂ। ਲਾਕਡਾਊਨ ਤੱਕ ਮੈਂ ਅਨੁਭਵ ਕਰਦਾ ਹਾਂ ਕਿ ਨਿੰਬੂ ਪਾਣੀ ਇੱਕ ਬੇਹੱਦ ਚੰਗਾ ਉਪਾਅ ਹੈ ਤੇ ਜੇ ਲਾਕਡਾਊਨ ਤਿੰਨ ਮਈ ਨੂੰ ਖਤਮ ਨਾ ਹੋਇਆ ਤਾਂ ਮੈਨੂੰ ਹੋਰ ਵੀ ਜ਼ਿਆਦਾ ਨਿੰਬੂ ਪਾਣੀ ਪੀਣਾ ਪੈ ਜਾਵੇਗਾ।

## ਹਲਕਾ ਫੁਲਕਾ

ਸਹੁਰਾ (ਫੋਨ 'ਤੇ), "ਜਵਾਈ ਜੀ, ਤੂਫਾਨ ਦੀ ਕੀ ਖਬਰ ਹੈ?"
ਜਵਾਈ, "ਕੂਲਰ ਅੱਗੇ ਸੁੱਤੀ ਪਈ ਹੈ। ਆਖੋ ਤਾਂ ਗੱਲ ਕਰਵਾ ਦਿਆਂ?"

*********

ਟੀਚਰ, "ਬਿਸ਼ਨ ਸਵਰੂਪ ਬੀਮਾਰ ਸੀ, ਫਲਸਰੂਪ ਮਰ ਗਿਆ। ਇਸ ਦਾ ਅੰਗਰੇਜ਼ੀ 'ਚ ਅਨੁਵਾਦ ਕਰੋ।"
ਪੱਪੂ, "ਮਾਸਟਰ ਜੀ, ਜੇ ਬੀਮਾਰ ਬਿਸ਼ਨ ਸਵਰੂਪ ਸੀ ਤਾਂ ਫਲਸਰੂਪ ਕਿਵੇਂ ਮਰਿਆ?"
ਟੀਚਰ, "ਮੂਰਖਾ, ਇਸ ਦਾ ਮਤਲਬ ਹੈ ਬਿਸ਼ਨ ਸਵਰੂਪ ਬੀਮਾਰ ਸੀ, ਪਰਿਣਾਮ ਸਰੂਪ ਮਰ ਗਿਆ।"
ਪੱਪੂ, "ਲਓ ਜੀ, ਤੀਸਰਾ ਵੀ ਮਰ ਗਿਆ, ਜਿਹੜਾ ਬੀਮਾਰ ਹੈ, ਉਹ ਕਿਉਂ ਨਹੀਂ ਮਰਦਾ?"

*********

ਟੀਚਰ, "ਬੇਟਾ, ਤੁਹਾਡੇ ਪਿਤਾ ਕੀ ਕਰਦੇ ਹਨ?"
ਬੱਚਾ, 'ਜੋ ਮੰਮੀ ਕਹਿੰਦੀ ਹੈ।"

*********

ਕੱਲੂ, "ਏ ਟੀ ਐਮ 'ਚੋਂ ਪੈਸੇ ਕੱਢ ਲਵਾਂ?"
ਗਾਰਡ, "ਹਾਂ ਭਰਾ, ਕੱਢ ਲਓ।"
ਕੱਲੂ, "ਪੇਚਕਸ਼ ਹੈ?"

**********

ਗੋਪੀ, "ਇੱਕ ਵੇਲਾ ਸੀ, ਜਦੋਂ ਮੋਬਾਈਲ ਫੋਨ ਡਿੱਗ ਪੈਂਦਾ ਸੀ ਤਾਂ ਬੈਟਰੀ ਬਾਹਰ ਆ ਜਾਂਦੀ ਸੀ, ਪਰ ਅੱਜਕੱਲ੍ਹ ਤਾਂ...।"
ਵਿਸ਼ਾਲ, "ਅੱਜਕੱਲ੍ਹ ਕੀ?"
ਗੋਪੀ, "ਅੱਜਕੱਲ੍ਹ ਮੋਬਾਈਲ ਫੋਨ ਡਿੱਗ ਜਾਵੇ ਤਾਂ ਕਲੇਜਾ ਬਾਹਰ ਆ ਜਾਂਦਾ ਹੈ।"

# ਸਾਡੇ ਕੋਠੇ ਮਗਰ ਲਸੂੜੀਆਂ ਵੇ..

-ਡਾ. ਬਲਵਿੰਦਰ ਸਿੰਘ ਲੱਖੇਵਾਲੀ

ਸਾਡੇ ਕੋਠੇ ਮਗਰ ਲਸੂੜੀਆਂ ਵੇ
ਦਿਨੇ ਲੜਦਾ ਤੇ ਰਾਤੀਂ ਗੱਲਾਂ ਗੂੜ੍ਹੀਆਂ ਵੇ।

ਪੰਜਾਬ ਦੇ ਸਾਹਿਤ ਸੱਭਿਆਚਾਰ ਵਿੱਚ ਵਿਸ਼ੇਸ਼ ਸਥਾਨ ਰੱਖਣ ਵਾਲਾ ਰੁੱਖ ਲਸੂੜਾ/ ਲਸੂੜੀ ਸਦੀਆਂ ਤੋਂ ਮਨੁੱਖੀ ਸਾਂਝ ਬਣਾਈ ਬੈਠਾ ਹੈ। ਇਹ ਰੁੱਖ ਪੰਜਾਬ ਤੱਕ ਸੀਮਤ ਨਾ ਹੋ ਕੇ ਰਾਜਸਥਾਨ ਦੇ ਖੁਸ਼ਕ ਇਲਾਕਿਆਂ, ਪੱਛਮੀ ਘਾਟ ਦੇ ਸਿੱਲ੍ਹੇ ਇਲਾਕਿਆਂ ਤੇ ਵਿਸ਼ਵ ਦੇ ਹੋਰ ਦੇਸ਼ਾਂ ਅਮਰੀਕਾ, ਆਸਟ੍ਰੇਲੀਆ, ਚੀਨ, ਫਿਲਪਾਈਨ, ਬਰਮਾ, ਮਿਸਰ ਅਤੇ ਸ੍ਰੀਲੰਕਾ ਆਦਿ ਵਿੱਚ ਵੀ ਹਾਜ਼ਰੀ ਲਵਾਉਂਦਾ ਹੈ। ਲਸੂੜੇ ਨੂੰ ਪੂਰੇ ਵਿਸ਼ਵ ਵਿੱਚ 'ਹਿੰਦੁਸਤਾਨੀ ਚੈਰੀ' ਤੇ 'ਬਰਡ ਲਾਈਮ ਟ੍ਰੀ' ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਵਿਦੇਸ਼ੀ ਲੋਕ 'ਬਰਡ ਲਾਈਮ' ਅਜਿਹੇ ਤਰਲ, ਸੰਘਣੇ ਤੇ ਚਿਪਚਿਟੇ ਪਦਾਰਥ ਨੂੰ ਕਹਿੰਦੇ ਹਨ, ਜੋ ਲੋਕ ਰੁੱਖਾਂ ਦੀਆਂ ਟਾਹਣੀਆਂ ਉਤੇ ਲੇਪ ਕਰਕੇ ਪੰਛੀਆਂ ਨੂੰ ਫੜਨ ਲਈ ਵਰਤਦੇ ਹਨ। ਲਸੂੜੇ ਦੇ ਫ਼ਲਾਂ ਦੇ ਗੂੰਦਨੁਮਾ ਗੁੱਦੇ ਤੇ ਤਰਲ ਤੋਂ ਬਰਡ ਲਾਈਮ ਬਣਦਾ ਹੋਣ ਕਰਕੇ ਲੋਕਾਂ ਵਿੱਚ ਇਹ ਰੁੱਖ 'ਬਰਡ ਲਾਈਮ ਟ੍ਰੀ' ਕਿਹਾ ਜਾਂਦਾ ਹੈ।

ਸਾਡੇ ਲੋਕਾਂ ਵੱਲੋਂ ਅਣਗੌਲੇ ਇਸ ਰੁੱਖ ਦੇ ਫ਼ਲਾਂ ਵਿਚਲੇ ਤਰਲ ਤੋਂ ਵਿਦੇਸ਼ੀ ਵਿਗਿਆਨੀਆਂ ਨੇ ਇਹ ਤੱਤ ਲੱਭਿਆ ਹੈ ਜੋ ਇਨਸਾਨ ਲਈ ਐਂਟੀਏਜਿੰਗ (ਜਵਾਨ ਰੱਖਣ) ਅਤੇ ਚਿਹਰੇ 'ਤੇ ਝੁਰੜੀਆਂ ਪੈਣ ਤੋਂ ਸਮਾਂ ਵਧਾਉਂਦਾ ਹੈ। ਇਸ ਦੇ ਗੁਣ ਨਾਲ ਵਿਦੇਸ਼ਾਂ ਦੀਆਂ ਅਨੇਕਾਂ ਕੌਸਮੈਟਿਕ ਇੰਡਸਟਰੀਆਂ (ਸ਼ਿੰਗਾਰ ਉਦਯੋਗ) ਪੈਸਾ ਕਮਾ ਰਹੀਆਂ ਹਨ। ਲਸੂੜੇ ਦੇ ਫ਼ਲਾਂ ਤੋਂ ਨਿਕਲੇ ਚਿਪਚਿਪੇ ਗੂੰਦਨੁਮਾ ਪਦਾਰਥਾਂ ਦੇ ਗੁਣਾਂ ਨੂੰ ਸਾਡੇ ਵਡੇਰਿਆਂ ਨੇ ਸਿੱਠਣੀਆਂ ਵਿੱਚ ਇੰਜ ਵਰਤਿਆਂ ਹੈ:

ਕੁੜਮ ਖੋਜਾ ਨੀਂ ਮੰਗਦਾ ਬਣੌਟੀ ਨੀਂ ਦਾੜ੍ਹੀ,
ਬਣੌਟੀ ਦਾੜ੍ਹੀ ਨਾ ਚਿਪਦੀ ਜੋਰੋ ਲਸੂੜੇ 'ਤੇ ਦਾੜ੍ਹੀ,
ਲਸੂੜੇ ਦੇ ਡਾਹਣਿਆਂ ਵਿੱਚ ਅੜਕੇ ਉਹਦੀ ਘੱਗਰੀ ਪਾੜੀ,
ਲਸੂੜਿਆਂ ਦੀ ਗੂੰਦ ਨਾਲ ਝੁੰਡੂ ਨੇ ਚਿਪਕਾ ਲਈ ਦਾੜ੍ਹੀ।

ਪੰਜਾਬ ਦੇ ਪਿੰਡਾਂ ਵਿੱਚ ਪਹਿਲਾਂ ਆਮ ਹੀ ਲਸੂੜੇ ਅਤੇ ਲਸੂੜੀਆਂ ਦੇ ਰੁੱਖ ਮਿਲ ਜਾਂਦੇ ਸਨ। ਲਸੂੜੇ ਦੇ ਪੱਤੇ, ਫ਼ਲ ਆਦਿ ਲਸੂੜੀ ਤੋਂ ਵੱਡੇ ਹੁੰਦੇ ਹਨ ਅਤੇ ਆਕਾਰ ਦੇ ਪੱਖੋਂ ਲਸੂੜੇ ਅਤੇ ਲਸੂੜੀ ਦੀ ਪਛਾਣ ਕਰ ਲਈ ਜਾਂਦੀ ਸੀ। ਛੋਟੇ ਤੋਂ ਦਰਮਿਆਨੇ ਕੱਦ ਦੇ ਪੱਤਝੜੀ ਰੁੱਖ ਦਾ ਵਿਗਿਆਨਕ ਨਾਮ 'ਕੌਰਡੀਆ ਡਾਈਕੋਟੌਮਾ' ਹੈ। ਗੋਲ ਅਤੇ ਕੁਝ ਅੰਡਾਕਾਰ ਜਿਹੇ ਪੱਤੇ ਗੂੜ੍ਹੀਆਂ ਰਗਾਂ ਵਾਲੇ ਹੁੰਦੇ ਹਨ ਜੋ ਸਮਾਂ ਪਾ ਕੇ ਖੁਰਦਰੇ ਹੋ ਜਾਂਦੇ ਹਨ। ਸਰਦੀ ਦੇ ਦਿਨੀਂ ਕੁਝ ਸਮੇਂ ਲਈ ਰੁੱਖ ਪੱਤੇ ਝਾੜ ਦਿੰਦਾ ਹੈ ਅਤੇ ਮਾਰਚ ਮਹੀਨੇ ਸਫ਼ੈਦ-ਕਰੀਮ ਰੰਗ ਦੇ ਨਿੱਕੇ-ਨਿੱਕੇ ਹਲਕੀ ਜਿਹੀ ਮਹਿਕ ਵਾਲੇ ਫੁੱਲ ਪੈਣੇ ਸ਼ੁਰੂ ਹੋ ਜਾਂਦੇ ਹਨ। ਜੂਨ ਮਹੀਨੇ ਹਲਕੇ ਪੀਲੇ, ਗੁਲਾਬੀ ਜਾਂ ਜੋਗੀਆ ਰੰਗ ਦੀ ਭਾਅ ਮਾਰਦੇ ਫ਼ਲਾਂ ਨਾਲ ਲੱਦਿਆ ਜਾਂਦਾ ਹੈ ਜੋ ਸਮਾਂ ਪਾ ਕੇ ਹੌਲੀ-ਹੌਲੀ ਕਾਲੇ ਰੰਗ ਵਿੱਚ ਤਬਦੀਲ ਹੋ ਜਾਂਦੇ ਹਨ। ਫ਼ਲਾਂ ਵਿੱਚ ਚਿਪਚਿਪਾ ਗੁੱਦਾ ਹੁੰਦਾ ਹੈ ਤੇ ਉਸ ਅੰਦਰ ਸਖ਼ਤ ਗਿਟਕ ਹੁੰਦੀ ਹੈ, ਜਿਸ ਵਿੱਚ ਇੱਕ ਤੇ ਚਾਰ ਬੀਜ ਪਾਏ ਜਾਂਦੇ ਹਨ। ਇਸ ਰੁੱਖ ਦੇ ਪੱਤਿਆਂ ਦੀ ਪਛਾਣ ਕਰਵਾਉਣ ਵਿੱਚ ਸਹਾਈ ਹੁੰਦੇ ਹਨ ਉਸ ਉਪਰ ਪਾਏ ਜਾਣ ਵਾਲੇ ਸੁਰੰਗੀ ਕੀੜੇ ਅਤੇ ਸੁੰਡੀ ਕਾਰਨ ਪਈਆਂ ਝੁਰੜੀਆਂ।

ਰੁੱਖ ਨੂੰ ਬੀਜ ਤੋਂ ਆਸਾਨੀ ਨਾਲ ਤਿਆਰ ਕੀਤਾ ਜਾ ਸਕਦਾ ਹੈ। ਜੁਲਾਈ ਮਹੀਨੇ ਦੇ ਨੇੜੇ ਬੀਜ ਪੱਕਣ ਤੇ ਗਿਟਕ ਨੂੰ ਗੁੱਦੇ ਤੋਂ ਵੱਖ ਕਰ ਲੈਣਾ ਚਾਹੀਦਾ ਹੈ। ਕੁਦਰਤੀ ਰੂਪ ਵਿੱਚ ਰੁੱਖ ਦਾ ਫੈਲਾਅ ਪੰਛੀਆਂ ਵੱਲੋਂ ਖਾਧੀਆਂ ਲਸੂੜੀਆਂ ਰਾਹੀਂ ਹੁੰਦਾ ਹੈ। ਹਾਲਾਂਕਿ ਪਿਉਂਦ ਰਾਹੀਂ ਵੀ ਪੌਦੇ ਤਿਆਰ ਕੀਤੇ ਜਾਂਦੇ ਹਨ। ਮਿਸਰ ਵਾਸੀ ਆਪਣੇ ਵੱਡ-ਵੱਡੇਰਿਆਂ ਦੀਆਂ ਲਾਸ਼ਾਂ ਸੰਭਾਲ ਕੇ ਰੱਖਣ ਲਈ ਬਕਸੇ ਬਣਾਉਣ ਸਮੇਂ ਲਸੂੜੇ ਦੀ ਲੱਕੜ ਵਰਤਦੇ ਹਨ। ਪੰਜਾਬ ਵਾਸੀ ਪਹਿਲਾਂ ਲਸੂੜੇ ਦੀ ਲੱਕੜ ਤੋਂ ਖੇਤੀ ਸੰਦ, ਕਿਸ਼ਤੀਆਂ, ਖੂਹ ਦੇ ਕੁਝ ਹਿੱਸੇ ਬਣਾਉਂਦੇ ਸਨ। ਲਸੂੜੇ ਦੀ ਲੱਕੜ ਪਾਣੀ ਵਿੱਚ ਰਹਿ ਕੇ ਵੱਧ ਹੰਢਣਸਾਰ ਹੋ ਜਾਂਦੀ ਹੈ। ਲਸੂੜੇ ਦੇ ਕੱਚੇ ਅਤੇ ਪੱਕੇ ਫ਼ਲਾਂ ਨੂੰ ਆਚਾਰ, ਸਬਜ਼ੀ ਦੇ ਤੌਰ 'ਤੇ ਖਾਧਾ ਜਾਂਦਾ ਰਿਹਾ ਹੈ ਅਤੇ ਪੱਕੇ ਫ਼ਲ ਖਾਣ ਦਾ ਤਾਂ ਸੁਆਦ ਹੀ ਵੱਖਰਾ ਹੁੰਦਾ ਹੈ। ਲਸੂੜੇ ਦੇ ਪੱਤਿਆਂ ਵਿੱਚ ਪ੍ਰੋਟੀਨ ਤੇ ਕੱਚਾ ਰੇਸ਼ਾ ਮੌਜੂਦ ਹੁੰਦਾ ਹੈ ਅਤੇ ਬੱਕਰੀਆਂ ਦੇ ਚਾਰੇ ਲਈ ਬਹੁਤ ਵਧੀਆ ਮੰਨੇ ਜਾਂਦੇ ਹਨ। ਕੁਝ ਇਲਾਕਿਆਂ ਵਿੱਚ ਤੇਲ ਦੀ ਹੋਂਦ ਸਦਕਾ ਪਸ਼ੂ ਖੁਰਾਕ ਵਿੱਚ ਵਰਤਿਆ ਜਾਂਦਾ ਹੈ। ਰੁੱਖ ਦੀਆਂ ਟਾਹਣੀਆਂ ਨੂੰ ਬਾਲਣ ਅਤੇ ਤਣੇ ਦੇ ਸ਼ੱਕ ਤੋਂ ਟੈਸਿਨ ਦੀ ਪ੍ਰਾਪਤੀ ਕੀਤੀ ਜਾਂਦੀ ਹੈ। ਪਹਿਲਾਂ ਲੋਕ ਪੱਤਲਾਂ-ਡੂਨੇ ਆਦਿ ਬਣਾਉਣ ਲਈ ਵੀ ਇਸ ਦੇ ਪੱਤੇ ਵਰਤ ਲੈਂਦੇ ਸਨ।

ਲਸੂੜੇ ਦੇ ਦਵਾਈਆਂ ਵਾਲੇ ਗੁਣਾਂ ਦੀ ਗੱਲ ਕਰੀਏ ਤਾਂ ਬੀਜਾਂ ਨੂੰ ਪੀਸ ਕੇ ਤੇਲ ਨਾਲ ਮਿਲਾਉਣ ਤੇ ਪੇਟ ਦੇ ਕੀੜੇ ਮਾਰਨ ਲਈ ਦਵਾਈ ਤਿਆਰ ਕੀਤੀ ਜਾਂਦੀ ਹੈ। ਫ਼ਲਾਂ ਤੋਂ ਕਬਜ਼, ਖੰਘ ਆਦਿ ਰੋਗਾਂ ਦਾ ਇਲਾਜ ਕੀਤਾ ਜਾਂਦਾ ਹੈ। ਲਸੂੜੇ ਦਾ ਸ਼ੱਕ ਅਨੇਕਾਂ ਬਿਮਾਰੀਆਂ ਦੇ ਨੁਸਖਿਆਂ ਵਿੱਚ ਵਰਤਿਆਂ ਜਾਂਦਾ ਹੈ। ਇਨ੍ਹਾਂ ਤੋਂ ਇਲਾਵਾ ਲਸੂੜੇ ਦੇ ਵੱਖ-ਵੱਖ ਭਾਗਾਂ ਤੋਂ ਪੇਸ਼ਾਬ ਦੀ ਜਬਨ, ਸਾਹ ਰੋਗ, ਮਰਦਾਨਾ ਕਮਜ਼ੋਰੀ, ਨਿਮੋਨੀਆ, ਜ਼ੁਕਾਮ, ਸਿਰਦਰਦ, ਬਦ-ਹਜ਼ਮੀ ਤੇ ਖ਼ਾਸਕਰ ਪਿਸ਼ਾਬ ਰੋਗਾਂ ਲਈ ਕਈ ਨੁਸਖੇ ਤਿਆਰ ਕੀਤੇ ਜਾਂਦੇ ਹਨ। ਇਥੇ ਇਹ ਗੱਲ ਖ਼ਾਸ ਤੌਰ 'ਤੇ ਵਰਨਣ ਯੋਗ ਹੈ ਕਿ ਕੋਈ ਵੀ ਵੈਦਿਕ ਨੁਸਖਾ ਆਪਣੇ ਪੱਧਰ 'ਤੇ ਵਰਤੋਂ ਵਿੱਚ ਲਿਆਉਣ ਤੋਂ ਪਹਿਲਾਂ ਕਿਸੇ ਆਯੁਰਵੈਦਿਕ ਪ੍ਰਣਾਲੀ ਦੇ ਜਾਣੂ ਤੋਂ ਸਲਾਹ ਜ਼ਰੂਰ ਲੈਣੀ ਚਾਹੀਦੀ ਹੈ। ਕਿਸੇ ਵੀ ਚੀਜ਼ ਦੀ ਵੱਧ-ਘੱਟ ਮਾਤਰਾ ਸਿਹਤ ਲਈ ਨੁਕਸਾਨਦੇਹ ਹੋ ਸਕਦੀ ਹੈ।

ਪੁਰਾਤਨ ਵੇਲਿਆਂ ਵਿੱਚ ਲੋਕ ਇਸ ਰੁੱਖ ਦੀ ਲੱਕੜ ਨੂੰ ਆਪੋ ਵਿੱਚ ਘਸਾ ਕੇ ਅੱਗ ਬਾਲਣ ਦਾ ਕੰਮ ਵੀ ਲੈਂਦੇ ਸਨ, ਰੁੱਖ ਦੇ ਪੱਤਿਆਂ ਉਥੇ ਲਾਖ ਦੇ ਕੀੜੇ ਪਾਲ ਲੈਂਦੇ ਸਨ। ਕੁੱਲ ਮਿਲਾ ਕੇ ਲਸੂੜਾ/ ਲਸੂੜੀ ਰੁੱਖ ਕਈ ਪੱਖਾਂ ਤੋਂ ਗੁਣਕਾਰੀ ਹੈ ਤੇ ਇਹ ਵੀ ਕੌੜਾ ਸੱਚ ਹੈ ਕਿ ਸਾਡੀਆਂ ਅਣਗਹਿਲੀਆਂ ਤੇ ਬਣਾਵਟੀ ਵਸਤਾਂ ਪ੍ਰਤੀ ਖਿੱਚ ਵਧਣ ਸਦਕਾ ਇਹ ਪੰਜਾਬ 'ਚੋਂ ਦਿਨ-ਬ-ਦਿਨ ਵਿਸਰਦਾ ਜਾਂਦਾ ਹੈ। ਅਜਿਹੇ ਗੁਣਕਾਰੀ ਤੇ ਵਿਰਸਾਤੀ ਰੁੱਖਾਂ ਨੂੰ ਆਪਣੇ ਆਸ-ਪਾਸ ਰੁੱਖ ਲਾਉਣ ਸਮੇਂ ਸਥਾਨ ਜ਼ਰੂਰ ਦੇਈਏ ਤਾਂ ਜੋ ਸਾਡੀਆਂ ਸਾਹਿਤਕ ਵੰਨਗੀਆਂ ਵੀ ਨਵੀਆਂ ਪੀੜ੍ਹੀਆਂ ਦੇ ਸਮਝ ਆਉਂਦੀਆਂ ਰਹਿਣ।

ਕਿੱਕਰਾਂ ਵੀ ਲੰਘ ਆਈ
ਬੇਰੀਆਂ ਵੀ ਲੰਘ ਆਈ
ਲੰਘਣੋਂ ਰਹਿ ਗਿਆ ਲਸੂੜਾ
ਲੈ ਜਾ ਮੇਰਾ ਗੁੱਟ ਮਿਣ ਕੇ
ਛੁੱਟੀ ਆਇਆ ਤਾਂ ਲਿਆਵੀਂ ਚੂੜਾ।

# ਸੁਪਨਿਆਂ ਵਿੱਚ ਵੱਸਦਾ ਪਿੰਡ!

-ਡਾ. ਬਿੱਕਰਜੀਤ ਸਿੰਘ ਸਾਧੂਵਾਲਾ

ਪਿੰਡ ਮਨੁੱਖੀ ਸੱਭਿਅਤਾ ਦਾ ਆਧਾਰ ਹੈ। ਇਸ ਦੇ ਪਿਛੋਕੜ ਵਿੱਚ ਭਾਈਚਾਰਕ ਅਪਣੱਤ, ਦੁੱਖ ਸੁੱਖ ਦੇ ਸਾਥੀ ਵਾਲੀ ਜੀਵਨ ਜਾਂਚ ਵੀ ਹੈ, ਪਰ ਅੱਜ ਉਹ ਪਿੰਡ ਆਪਣੇ ਪੁਰਾਣੇ ਅਰਥਾਂ ਵਿੱਚ ਜਿਉਂਦਾ ਨਹੀਂ ਰਿਹਾ। ਉਹ ਪਿੰਡ ਸ਼ਾਇਦ ਮਰ ਗਿਆ ਹੈ। ਅੱਜ ਜਦੋਂ ਪਿੰਡ ਵਿੱਚ ਕੋਈ ਕਿਸਾਨ, ਮਜ਼ਦੂਰ ਖ਼ੁਦਕੁਸ਼ੀ ਕਰਦਾ ਹੈ ਤਾਂ ਇਸ ਦਾ ਅਰਥ ਹੈ ਕਿ ਉਸ ਨੂੰ ਖ਼ੁਦਕੁਸ਼ੀ ਤਦੇ ਕਰਨੀ ਪਈ ਕਿ ਪਿੰਡ ਉਸ ਨੂੰ ਬਚਾ ਸਕਣ ਦੇ ਸਮਰੱਥ ਨਹੀਂ ਰਿਹਾ। ਅੱਜ ਪਿੰਡ ਦੇ ਬੰਦੇ ਦੀ ਪਛਾਣ ਪਿੰਡ ਵਾਸੀ ਦੇ ਤੌਰ ਉਤੇ ਨਹੀਂ, ਧੜਿਆਂ ਵਿੱਚ ਵੰਡਿਆ ਪਿੰਡ ਥਾਣਿਆਂ-ਕਚਹਿਰੀਆਂ ਦੀ ਸਿਆਸਤ ਤੋਂ ਅੱਗੇ ਨਹੀਂ ਜਾ ਰਿਹਾ। ਪਿੰਡ ਦੇ ਬੰਦੇ ਦੀ ਪਛਾਣ ਕੇਵਲ ਪਿੰਡ ਦੇ ਬੰਦੇ ਤੱਕ ਸੀਮਤ ਹੋ ਗਈ ਹੈ। ਸਰਕਾਰ ਦੀਆਂ ਵਹੀਆਂ ਤੋਂ ਪਿੰਡ ਗਾਇਬ ਹੈ।

ਪਿੰਡ ਆਰਥਿਕ ਰੂਪ ਵਿੱਚ ਗਰੀਬ, ਸਿਆਸੀ ਤੌਰ ਉਤੇ ਤਾਕਤ ਵਿਹੂਣਾ ਅਤੇ ਸਮਾਜਿਕ ਤੌਰ ’ਤੇ ਟੁੱਟ ਚੁੱਕਾ ਹੈ। ਪਿੰਡਾਂ ਵਿੱਚੋਂ ਉਹ ਸਿਆਣੇ ਮੁੱਕ ਗਏ ਹਨ, ਜਿਨ੍ਹਾਂ ਨੂੰ ਬਰਾਤ ਵਿੱਚ ਕਿਸੇ ਵੇਲੇ ਸੰਦੂਕ ਵਿੱਚ ਬੰਦ ਕਰਕੇ ਲਿਜਾਣ ਦੀਆਂ ਕਹਾਣੀਆਂ ਪ੍ਰਚੱਲਿਤ ਸਨ। ਜ਼ਿੰਦਗੀ ਦੇ ਚਾਰ ਦਹਾਕੇ ਪਿੰਡ ਵਿੱਚ ਗੁਜ਼ਾਰੇ ਹੋਣ ਕਾਰਨ ਮੇਰੇ ਖਿਆਲਾਂ ਵਿੱਚ ਵਸਦਾ ਪਿੰਡ ਅਸਲੋਂ ਉਹ ਨਹੀਂ ਰਿਹਾ। ਪਿੰਡ ਜਾ ਕੇ ਪੁਰਾਣਾ ਪਿੰਡ ਲੱਭਣ ਦੀ ਭਟਕਣਾ ਹੋਰ ਵੀ ਵਧ ਜਾਂਦੀ ਹੈ ਕਿ ਕਿੱਥੇ ਲੋਪ ਹੋ ਗਿਆ ਉਹ ਪਿੰਡ? ਪਤਾ ਨਹੀਂ ਕਿਸ ਨੇ ਅਗਵਾ ਕਰ ਲਈਆਂ ਨੇ ਬਜ਼ੁਰਗ ਮਾਵਾਂ ਦੀਆਂ ਅਸੀਸ ਭਰੀਆਂ ਠੰਢੀਆਂ ਛਾਵਾਂ? ਰੂਹਾਂ ਦੇ ਰਿਸ਼ਤੇ ਪੈਸੇ ਦੀ ਤੱਕੜੀ ਵਿੱਚ ਤੁਲ ਗਏ। ਇਕੱਲੀ ਮਿੱਟੀ ਪਾਣੀ ਨਹੀਂ ਪਲੀਤ ਹੋਏ, ਰਿਸ਼ਤੇ ਵੀ ਜੀਵਤ ਨਹੀਂ ਰਹੇ।

ਮੇਰੇ ਖਿਆਲਾਂ ਵਿੱਚ ਵੱਸਦੇ ਪਿੰਡ ਦੀਆਂ ਯਾਦਾਂ ਵਿੱਚੋਂ ਇੱਕ ਘਟਨਾ ਦੱਸਣ ਲੱਗਾ ਹਾਂ। ਮੈਂ ਇਸ ਦਾ ਚਸ਼ਮਦੀਦ ਗਵਾਹ ਤਾਂ ਨਹੀਂ, ਪਰ ਇਸ ’ਤੇ ਮਾਣ ਮਹਿਸੂਸ ਹੁੰਦਾ ਹੈ ਕਿ ਲੋਕਾਂ ਦੀਆਂ ਸਾਂਝਾਂ ਕਿੰਨੀਆਂ ਪੀਡੀਆਂ ਸਨ। ਗੱਲ ਇਉਂ ਹੋਈ ਕਿ ਪਿੰਡ ਦੇ ਦੋ ਭਰਾਵਾਂ ਦਾ ਵਿਆਹ ਸੀ। ਤੀਜੇ ਦਿਨ ਬਰਾਤ ਜਾਣੀ ਸੀ। ਉਦੋਂ ਵਿਆਹ ਅੱਜ ਵਰਗੇ ਨਹੀਂ ਸਨ ਹੁੰਦੇ। ਸਾਰਾ ਭਾਈਚਾਰਾ ਕੰਮ-ਧੰਦਿਆਂ ਤੇ ਕਾਰ-ਵਿਹਾਰਾਂ ਵਿੱਚ ਸ਼ਾਮਲ ਹੁੰਦਾ ਸੀ। ਲੱਡੂ ਪੱਕ ਰਹੇ ਸਨ। ਨਾਨਕਾ ਮੇਲ ਆ ਰਿਹਾ ਸੀ। ਬੰਬੀਹਾ ਬੁਲਾਇਆ ਜਾ ਰਿਹਾ ਸੀ। ਸਮਝੋ, ਸਾਰੇ ਪਿੰਡ ਵਿੱਚ ਗਹਿਮਾ ਗਹਿਮੀ ਸੀ। ਅਚਾਨਕ ਸ਼ਾਮ ਸਮੇਂ ਕੁੜੀ ਵਾਲਿਆਂ ਵੱਲੋਂ ਜਵਾਬ ਆ ਗਿਆ ਕਿ ਪਰਸੋਂ ਬਰਾਤ ਲੈ ਕੇ ਨਹੀਂ ਆਉਣੀ। ਇਹ ਸੁਨੇਹਾ ਪੁੱਜਦੇ ਸਾਰ ਰੰਗ ਵਿੱਚ ਭੰਗ ਪੈ ਗਈ ਸੀ। ਅਫਸੋਸ ਵਜੋਂ ਸਾਰੇ ਪਿੰਡ ਵਾਲੇ ਸਬੰਧਤ ਘਰ ਇਕੱਠੇ ਹੋ ਗਏ। ਇਹ ਮਾਮਲਾ ਇਕੱਲੇ ਪਰਵਾਰ ਦੀ ਹੀ ਨਹੀਂ ਸਾਰੇ ਪਿੰਡ ਦੀ ਇੱਜ਼ਤ ਦਾ ਸਵਾਲ ਬਣ ਗਿਆ। ਪਿੰਡ ਦੀ ਇੱਜ਼ਤ ਤਦੇ ਬਚ ਸਕਦੀ ਸੀ, ਜੇ ਮਿਥੇ ਸਮੇਂ ਜੰਨ ਚੜ੍ਹੇ। ਰਾਤ ਪੈ ਗਈ ਸੀ। ਸਾਰੇ ਪਿੰਡ ਵਿੱਚ ਕੋਈ ਚੁੱਲ੍ਹਾ ਨਹੀਂ ਸੀ ਬਲਿਆ। ਪਿੰਡ ਦੇ ਉਸਾਣ ਮਾਰੇ ਗਏ ਸਨ। ਇੰਨੇ ਨੂੰ ਇਕੱਠ ਵਿੱਚੋਂ ਇੱਕ ਬੰਦਾ ਉਠਿਆ ਅਤੇ ਉਸ ਨੇ ਸਵੇਰੇ ਪੰਜ ਵਜੇ ਤੱਕ ਦਾ ਸਮਾਂ ਮੰਗਿਆ। ਸਾਰੇ ਜਣੇ ਉਸ ਨਾਲ ਸਹਿਮਤ ਹੋ ਗਏ। ਉਹ ਬੰਦਾ 30-35 ਕਿਲੋਮੀਟਰ ਦੂਰ ਆਪਣੀ ਇੱਕ ਰਿਸ਼ਤੇਦਾਰੀ ਵਿੱਚ ਪੈਦਲ ਗਿਆ ਅਤੇ ਆਪਣੀਆਂ ਰਿਸ਼ਤੇਦਾਰ ਕੁੜੀਆਂ ਨਾਲ ਪੱਕ ਠੱਕ ਕਰਕੇ ਸਵੇਰੇ ਆ ਕੇ ਪਿੰਡ ਵਿੱਚ ਐਲਾਨ ਕਰ ਦਿੱਤਾ ਕਿ ਬਰਾਤ ਪਹਿਲਾਂ ਮਿਥੇ ਸਮੇਂ ’ਤੇ ਜਾਵੇਗੀ। ਅੱਜ ਵੀ ਉਹ ਪਰਵਾਰ ਰੰਗੀ ਰਾਗ ਵਿੱਚ ਵਸਦਾ ਹੈ। ਅੱਜ ਜਦੋਂ ਸਾਂਝਾਂ ਆਪਸੀ ਖਿੱਚੋਤਾਣ ਅਤੇ ਸ਼ਰੀਕੇਬਾਜ਼ੀ ਵਾਲੀ ਹਉਮੈ ਵਿੱਚ ਬਦਲ ਚੁੱਕੀਆਂ ਹਨ ਤਾਂ ਇਹ ਘਟਨਾ ਅੱਜ ਵੀ ਮਨ ਨੂੰ ਹੁਲਾਰਾ ਦੇ ਜਾਂਦੀ ਹੈ।

# ਕੋਰੋਨਾ : ਪਿੰਡਾਂ ਉੱਤੇ ਵੀ ਧਿਆਨ ਦੇਣ ਦੀ ਲੋੜ

-ਬਚਨ ਸਿੰਘ ਸਰਲ

ਕੋਰੋਨਾ ਵਾਇਰਸ ਨਾਲ ਸਭ ਦੁਨੀਆ ਡਰ ਗਈ ਹੈ। ਦੁਨੀਆ ਦੇ ਸਾਰੇ ਵੱਡੇ ਦੇਸ਼ ਇਸ ਦੀ ਮਾਰ ਹੇਠ ਹਨ। ਜਿਨ੍ਹਾਂ ਧਨਾਢ ਦੇਸ਼ਾਂ ਨੂੰ ਆਪਣੀ ਅਮੀਰੀ 'ਤੇ ਮਾਣ ਸੀ, ਅੱਜ ਉਨ੍ਹਾਂ ਦੀ ਦੌਲਤ ਵੀ ਉਨ੍ਹਾਂ ਲਈ ਕਿਸੇ ਕੰਮ ਦੀ ਨਹੀਂ ਰਹੀ। ਇਸ ਨਾਮੁਰਾਦ ਬਿਮਾਰੀ ਨਾਲ ਭਾਰਤ ਵੀ ਸਹਿਮ ਗਿਆ ਹੈ। ਹਰ ਪਾਸੇ ਭੈਅ ਦਾ ਪਸਾਰਾ ਹੈ। ਇਸ ਤੋਂ ਦੇਸ਼ ਨੂੰ ਬਚਾਉਣ ਲਈ ਭਾਰਤ ਸਰਕਾਰ ਆਏ ਦਿਨ ਇੱਕ ਪਿੱਛੋਂ ਦੂਜਾ ਕਦਮ ਚੁੱਕ ਰਹੀ ਹੈ, ਪਰ ਜਲਦਬਾਜ਼ੀ ਵਿੱਚ ਚੁੱਕੇ ਜਾ ਰਹੇ ਕਦਮ ਲੋਕਾਂ ਅੰਦਰ ਸੁਰੱਖਿਆ ਦੀ ਭਾਵਨਾ ਨੂੰ ਬਲ ਨਹੀਂ ਦੇ ਸਕੇ, ਸਗੋਂ ਲੋਕ ਆਪਣੇ ਭਵਿੱਖ ਬਾਰੇ ਚਿੰਤਤ ਹੋ ਰਹੇ ਹਨ।

ਕੋਰੋਨਾ ਵਿਰੁੱਧ ਜੰਗ ਲਈ ਸਰਕਾਰ ਨੇ ਪਹਿਲਾਂ ਇੱਕ ਦਿਨ ਦਾ ਜਨਤਾ ਕਰਫਿਊ ਲਾਗੂ ਕੀਤਾ ਤੇ ਉਸ ਤੋਂ ਬਾਅਦ 21 ਦਿਨਾਂ ਦਾ ਲਾਕਡਾਊਨ ਕਰ ਦਿੱਤਾ। ਲੋਕਾਂ ਨੂੰ ਹਦਾਇਤ ਦਿੱਤੀ ਗਈ ਕਿ ਲਾਕਡਾਊਨ ਦੌਰਾਨ ਘਰਾਂ ਵਿੱਚੋਂ ਬਾਹਰ ਨਾ ਨਿਕਲਣ, ਯਾਨੀ 21 ਦਿਨ ਆਪਣੇ ਆਪ ਨੂੰ ਘਰਾਂ 'ਚ ਬੰਦ ਰੱਖਣ। ਇਸ ਸਥਿਤੀ ਬਾਰੇ ਲੋਕ ਪੂਰੀ ਤਰ੍ਹਾਂ ਅਣਜਾਣ ਸਨ। ਇਸ ਨੇ ਲੋਕਾਂ ਅੰਦਰ ਘਬਰਾਹਟ ਪੈਦਾ ਕਰ ਦਿੱਤੀ। ਸਾਰੇ ਕਾਰਖਾਨੇ ਬੰਦ ਹੋ ਗਏ। ਮਜ਼ਦੂਰ ਤਬਕਾ ਬਿਲਕੁਲ ਬੇਰੋਜ਼ਗਾਰ ਹੋ ਗਿਆ। ਆਪਣੀ ਜਾਨ ਨੂੰ ਖਤਰਾ ਸਮਝਦੇ ਹੋਏ ਹਜ਼ਾਰਾਂ ਹੀ ਨਹੀਂ, ਲੱਖਾਂ ਦੀ ਗਿਣਤੀ ਵਿੱਚ ਪਰਵਾਸੀ ਮਜ਼ਦੂਰ ਆਪਣੇ ਘਰਾਂ ਨੂੰ ਤੁਰ ਪਏ। ਉਨ੍ਹਾਂ ਨੂੰ ਆਪਣਾ ਭਵਿੱਖ ਅਨਿਸ਼ਚਿਤ ਜਾਪਣ ਲੱਗਾ। ਹਜ਼ਾਰਾਂ ਮੀਲਾਂ ਦਾ ਪੈਂਡਾ ਤਹਿ ਕਰਨ ਲਈ ਉਹ ਪੈਦਲ ਹੀ ਤੁਰ ਪਏ। ਅੰਨ ਮੂੰਹ ਵਿੱਚ ਪਾਏ ਬਿਨਾਂ ਹੀ ਲੋਕ ਸੜਕਾਂ ਅਤੇ ਰੇਲ ਪਟੜੀਆਂ ਉਤੇ ਤੁਰਦੇ ਰਹੇ।

ਇਹ ਓਦਾਂ ਦੀ ਹਾਲਤ ਸੀ, ਜਿਵੇਂ ਦੀ ਹਾਲਤ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਨੋਟਬੰਦੀ ਦਾ ਐਲਾਨ ਕਰਨ ਨਾਲ ਬਣੀ ਸੀ। ਪਰਵਾਸੀ ਮਜ਼ਦੂਰਾਂ ਦੇ ਪਲਾਇਨ ਨੂੰ ਰੋਕਣ ਲਈ ਸਰਕਾਰ ਨੇ ਰਾਜਾਂ ਦੀਆਂ ਹੱਦਾਂ ਬੰਦ ਕਰਨ ਦੇ ਹੁਕਮ ਦਿੱਤੇ, ਪਰ ਜਦੋਂ ਤੱਕ ਇਹ ਹੁਕਮ ਲੋਕਾਂ ਤੱਕ ਪਹੁੰਚੇ, ਉਦੋਂ ਤੱਕ ਉਹ ਆਪਣੇ ਘਰਾਂ ਤੱਕ ਪਹੁੰਚ ਚੁੱਕੇ ਸਨ। ਦਿਹਾੜੀਦਾਰ ਵਿਹਲੇ ਹੋ ਗਏ। ਮਾਲਕਾਂ ਨੇ ਮੁਲਾਜ਼ਮਾਂ ਨੂੰ ਨੌਕਰੀਆਂ ਤੋਂ ਜਵਾਬ ਦੇ ਦਿੱਤਾ। ਮਾਲਕ ਮਕਾਨਾਂ ਨੇ ਮਕਾਨ ਖਾਲੀ ਕਰਵਾ ਲਏ। ਸਰਕਾਰ ਨੇ ਐਲਾਨ ਕੀਤਾ ਕਿ ਬੈਂਕ ਕਰਜ਼ਿਆਂ ਦੀਆਂ ਕਿਸ਼ਤਾਂ ਤਿੰਨ ਮਹੀਨੇ ਮੁਲਤਵੀ ਰੱਖਾਂਗੇ, ਪਰ ਬੈਂਕਾਂ ਨੇ ਇਹ ਕਿਸ਼ਤਾਂ ਪਹਿਲਾਂ ਹੀ ਕੱਟ ਲਈਆਂ। ਇਸ ਨਾਲ ਜਮ੍ਹਾ ਰਕਮਾਂ 'ਤੇ ਬੈਂਕਾਂ ਨੇ ਵਿਆਜ ਦੀਆਂ ਦਰਾਂ ਵੀ ਘਟਾ ਦਿੱਤੀਆਂ, ਜਿਸ ਦੇ ਨਾਲ ਛੋਟੀਆਂ ਸਨਅਤਾਂ ਦਾ ਨੁਕਸਾਨ ਹੋਇਆ। ਇਸ ਕਾਰਨ ਛੋਟਾ ਸਨਅਤਕਾਰ ਮਾਰਿਆ ਗਿਆ। ਕੋਰੋਨਾ ਵਾਇਰਸ ਨੂੰ ਧਿਆਨ 'ਚ ਰੱਖ ਕੇ ਸਰਕਾਰ ਨੇ ਜਿੱਥੇ ਲੋਕਾਂ ਨੂੰ ਘਰਾਂ 'ਚੋਂ ਬਾਹਰ ਨਾ ਨਿਕਲਣ ਦੀ ਹਦਾਇਤ ਦਿੱਤੀ, ਉਥੇ ਇੱਕ ਦੂਜੇ ਤੋਂ ਦੂਰੀ ਬਣਾ ਕੇ ਰੱਖਣ ਨੂੰ ਕਿਹਾ। ਇਸ ਦਾ ਨਤੀਜਾ ਇਹ ਸੀ ਕਿ ਗੁਆਂਢੀ ਵੀ ਇੱਕ ਦੂਜੇ ਤੋਂ ਦੂਰ ਹੋ ਗਏ। ਕੋਰੋਨਾ ਤੋਂ ਡਰਦਾ ਕੋਈ ਬੰਦਾ ਇੱਕ ਦੂਜੇ ਦੇ ਨੇੜੇ ਖੜ੍ਹਨ ਲਈ ਤਿਆਰ ਨਹੀਂ ਹੁੰਦਾ। ਇਸ ਗੱਲ ਨੇ ਲੋਕਾਂ ਅੰਦਰ ਦਿਮਾਗੀ ਪ੍ਰੇਸ਼ਾਨੀਆਂ ਪੈਦਾ ਕੀਤੀਆਂ ਹਨ। ਇਹ ਸਭ ਅਫਵਾਹਾਂ ਦਾ ਨਤੀਜਾ ਹੈ।

ਪ੍ਰਵਾਸੀ ਮਜ਼ਦੂਰਾਂ ਦਾ ਇੱਕ ਸ਼ਹਿਰ 'ਚੋਂ ਪਲਾਇਨ ਸ਼ੁਰੂ ਹੋਇਆ ਤਾਂ ਉਸ ਬਾਰੇ ਅਫਵਾਹ ਫੈਲਣ ਨਾਲ ਦੂਸਰੇ ਸ਼ਹਿਰਾਂ 'ਚੋਂ ਵੀ ਸ਼ੁਰੂ ਹੋ ਗਿਆ। ਕਿਸੇ ਨੇ ਨਾ ਸੋਚਿਆ ਕਿ ਇਸ ਤਰ੍ਹਾਂ ਦਾ ਪਲਾਇਨ ਦੇਸ਼ ਲਈ ਗੰਭੀਰ ਆਰਥਿਕ ਸੰਕਟ ਪੈਦਾ ਕਰ ਸਕਦਾ ਹੈ। ਪਰਵਾਸੀ ਮਜ਼ਦੂਰ ਇਸ ਆਰਥਿਕਤਾ ਦੀ ਰੀੜ੍ਹ ਦੀ ਹੱਡੀ ਬਣ ਚੁੱਕਾ ਹੈ। ਮਕਾਨ ਉਸਾਰੀ, ਰਸੋਈ ਉਤਪਾਦਨ, ਆਮ ਸੇਵਾਵਾਂ ਤੇ ਦੁਕਾਨਦਾਰੀ ਤੇ ਮੰਡੀਆਂ 'ਚ ਇਨ੍ਹਾਂ ਦੀ ਅਹਿਮ ਭੂਮਿਕਾ ਹੈ। ਸੋਚਣ ਦੀ ਗੱਲ ਹੈ ਕਿ ਇਨ੍ਹਾਂ ਮਜ਼ਦੂਰਾਂ ਦੇ ਇੱਕ ਵਾਰ ਆਪੋ-ਆਪਣੇ ਘਰੀਂ ਜਾ ਬੈਠਣ ਤੋਂ ਬਾਅਦ ਕੀ ਇਹ ਵਾਪਸ ਕੰਮਾਂ ਉੱਤੇ ਆਉਣ ਲਈ ਤਿਆਰ ਹੋਣਗੇ। ਪਿੰਡਾਂ ਵਿੱਚ ਵਾਪਸ ਜਾਣ ਤੋਂ ਬਾਅਦ ਇਨ੍ਹਾਂ ਦੀ ਸ਼ਹਿਰਾਂ ਨੂੰ ਵਾਪਸੀ ਬੜੀ ਹੌਲੀ ਹੋਵੇਗੀ। ਸਰਕਾਰ ਵੱਲੋਂ ਕੋਰੋਨਾ ਵਾਇਰਸ ਦੇ ਕਾਰਨ ਲਾਈਆਂ ਪਾਬੰਦੀਆਂ ਹਟਾ ਲੈਣ 'ਤੇ ਵੀ ਇਨ੍ਹਾਂ ਲੋਕਾਂ ਦੇ ਮਨ ਅੰਦਰ ਅਨਿਸ਼ਚਿਤਤਾ ਦੀ ਭਾਵਨਾ ਬਣੀ ਰਹੇਗੀ, ਜਿਸ ਕਾਰਨ ਇਨ੍ਹਾਂ ਦੀ ਸ਼ਹਿਰਾਂ ਨੂੰ ਵਾਪਸੀ ਹੌਲੀ ਹੋਵੇਗੀ। ਇਸ ਦੇ ਨਤੀਜੇ ਵਜੋਂ ਫੈਕਟਰੀਆਂ, ਕਾਰਖਾਨੇ ਤੇ ਹੋਰ ਜਨਤਕ ਸੇਵਾਵਾਂ, ਜਿਨ੍ਹਾਂ ਵਿੱਚ ਪਰਵਾਸੀ ਮਜ਼ਦੂਰ ਕੰਮ ਕਰਦੇ ਸਨ, ਅਗਲਾ ਕੁਝ ਸਮਾਂ ਬੰਦ ਰਹਿਣਗੀਆਂ। ਸ਼ਹਿਰੀ ਆਰਥਿਕਤਾ ਦਾ ਨੁਕਸਾਨ ਹੋਵੇਗਾ। ਨਿੱਤ ਦੀਆਂ ਲੋੜਾਂ ਪੂਰੀਆਂ ਨਹੀਂ ਹੋਣਗੀਆਂ।

ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਲਾਕਡਾਊਨ ਦੇ ਐਲਾਨ ਨੇ ਹੋ ਸਕਦਾ ਹੈ ਕਿ ਅਫਵਾਹਾਂ ਨੂੰ ਜਨਮ ਦਿੱਤਾ ਹੋਵੇ, ਪਰ ਇਸ ਦੀ ਹਫੜਾ ਦਫੜੀ ਪੈਦਾ ਕਰਨ ਵਿੱਚ ਬਹੁਤੀ ਭੂਮਿਕਾ ਉਨ੍ਹਾਂ ਲੋਕਾਂ ਦੀ ਰਹੀ ਹੈ, ਜਿਹੜੇ ਲਾਕਡਾਊਨ ਦਾ ਪ੍ਰਚਾਰ ਕਰਦੇ ਸਨ। ਇਸ ਦੇ ਨਾਲ ਮੀਡੀਆ ਦਾ ਉਹ ਵਰਗ ਵੀ ਜ਼ਿੰਮੇਵਾਰ ਹੈ, ਜਿਹੜਾ ਪਲਾਇਨ ਕਰਦੇ ਲੋਕਾਂ ਤੋਂ ਉਨ੍ਹਾਂ ਦੇ ਸੰਕਟਮਈ ਜੀਵਨ ਬਾਰੇ ਸਵਾਲ ਪੁੱਛਦਾ ਰਿਹਾ ਹੈ। ਮੀਡੀਆ ਦੇ ਇਸ ਵਰਗ ਨੇ ਜਿੰਨਾ ਸਮਾਂ ਅਜਿਹੇ ਮਜ਼ਦੂਰਾਂ ਨਾਲ ਸਵਾਲ ਜਵਾਬ ਕਰਦਿਆਂ ਲਾਇਆ, ਓਨਾ ਇਨ੍ਹਾਂ ਮੁਸੀਬਤ ਮਾਰੇ ਲੋਕਾਂ ਦੇ ਸੰਕਟ 'ਚ ਉਨ੍ਹਾਂ ਦੀ ਸਹਾਇਤਾ ਕਰਨ ਲਈ ਸਰਕਾਰ ਨੂੰ ਕੋਈ ਸੁਝਾਅ ਦੇਣ 'ਤੇ ਨਹੀਂ ਲਾਇਆ। ਮੀਡੀਆ ਦੀ ਜ਼ਿੰਮੇਵਾਰੀ ਸੀ ਕਿ ਆਮ ਲੋਕਾਂ ਨੂੰ ਦੱਸਿਆ ਜਾਂਦਾ ਕਿ ਪਲਾਇਨ ਆਦਿ ਨਾਲ ਦੇਸ਼ ਦਾ ਕਿੰਨਾ ਨੁਕਸਾਨ ਹੋ ਸਕਦਾ ਹੈ।

ਸ਼ਹਿਰਾਂ 'ਚ ਹੀ ਨਹੀਂ, ਇਨ੍ਹਾਂ ਦਾ ਮਾੜਾ ਪ੍ਰਭਾਵ ਪਿੰਡਾਂ 'ਤੇ ਵੀ ਪਵੇਗਾ। ਪਿੰਡਾਂ ਦੀ ਆਰਥਿਕਤਾ ਕਮਜ਼ੋਰ ਹੋਵੇਗੀ ਕਿਉਂਕਿ ਪਿੰਡਾਂ ਦੀ ਆਰਥਿਕਤਾ ਦੀ ਰੀੜ੍ਹ ਸ਼ਹਿਰਾਂ 'ਚ ਕੰਮ ਕਰਦੇ ਪਰਵਾਸੀ ਮਜ਼ਦੂਰ ਹਨ। ਜਿੱਥੋਂ ਤੱਕ ਕੋਰੋਨਾ ਵਾਇਰਸ 'ਤੇ ਕਾਬੂ ਪਾਉਣ ਦਾ ਸਵਾਲ ਹੈ, ਜੇ ਸੂਬਾ ਸਰਕਾਰ ਸਹੀ ਸਮੇਂ 'ਤੇ ਡਾਕਟਰੀ ਕਾਰਵਾਈ ਕਰਨ ਤਾਂ ਵਾਇਰਸ ਦੇ ਫੈਲਣ ਨੂੰ ਠੱਲ੍ਹ ਪਾਈ ਜਾ ਸਕਦੀ ਹੈ। ਸਰਕਾਰੀ ਅਤੇ ਗੈਰ ਸਰਕਾਰੀ ਏਜੰਸੀਆਂ ਨੂੰ ਮਿਲ ਕੇ ਕੰਮ ਕਰਨਾ ਹੋਵੇਗਾ। ਸ਼ਹਿਰਾਂ ਦੇ ਨਾਲ-ਨਾਲ ਪਿੰਡਾਂ ਵੱਲ ਵੀ ਧਿਆਨ ਦੇਣਾ ਹੋਵੇਗਾ।

ਬਿਜਲੀ ਦਾ ਕੋਈ ਵੀ ਛੋਟਾ ਜਾਂ ਵੱਡਾ ਕੰਮ

FOR ALL KINDS OF ELECTRICAL WORK




INDOOR ਜਾਂ OUTDOOR LED POT LIGHTS ਲਗਵਾਉਣ ਤੇ DIMMER FREE ਲਗਵਾਉ

- ★ Industrial Lighting / Automation
- ★ Residential/ Commercial/ Industrial
- ★ Basement / Custom Homes Wiring
- ★ Service Panel Upgrading
- ★ Fire Alarm / Security System
- ★ Drive way Lights
- ★ CCTV Camera
- ★ UPS & Battery Banks



Contact: Nirmal Johal
Certified Technician
647-716-2677

## ਵਕੀਲ ਦੇ ਕਤਲ ਕੇਸ ਦੇ ਤਿੰਨ ਦੋਸ਼ੀ ਫੜੇ

ਜਲੰਧਰ, 30 ਅਪ੍ਰੈਲ (ਪੋਸਟ ਬਿਊਰੋ)- ਕਰਫਿਊ ਡਿਊਟੀ ਦੇ ਕਾਰਨ ਚੌਕਸ ਜਲੰਧਰ ਦਿਹਾਤੀ ਪੁਲਸ ਨੇ ਹੁਸ਼ਿਆਰਪੁਰ ਦੇ ਪਿੰਡ ਹਰਗੜ੍ਹ ਵਿੱਚ ਹੋਏ ਵਕੀਲ ਦੇ ਅੰਨ੍ਹੇ ਕਤਲ ਨੂੰ ਟ੍ਰੇਸ ਕਰ ਕੇ ਤਿੰਨ ਕਾਤਲਾਂ ਨੂੰ ਫੜ ਲਿਆ ਤੇ ਕਾਤਲਾਂ ਦੇ ਕਬਜ਼ੇ 'ਚੋਂ ਵਾਰਦਾਤ ਵਿੱਚ ਵਰਤੀ ਗਈ ਬਾਈਕ, ਦਾਤਰ ਅਤੇ ਲੁੱਟ ਦੀ ਰਕਮ ਵਿੱਚੋਂ 60 ਹਜ਼ਾਰ ਰੁਪਏ ਅਤੇ ਦੋ ਕਿਲੋ ਚਾਂਦੀ ਦੇ ਭਾਂਡੇ ਬਰਾਮਦ ਕੀਤੇ ਹਨ। ਇਹ ਲੁਟੇਰਾ ਗੈਂਗ ਆਦਮਪੁਰ ਦੇ ਪਿੰਡ ਢਹੇਪੁਰ ਵਿੱਚ ਲੁੱਟ ਦੀ ਵੱਡੀ ਵਾਰਦਾਤ ਲਈ ਆਇਆ ਸੀ। ਲੁਟੇਰਿਆਂ ਦੇ ਖਿਲਾਫ ਥਾਣਾ ਆਦਮ-ਪੁਰ ਵਿੱਚ ਕੇਸ ਦਰਜ ਕਰ ਲਿਆ ਹੈ। ਇਸ ਤੋਂ ਪਹਿਲਾਂ ਇਨ੍ਹਾਂ 'ਤੇ ਹੁਸ਼ਿਆਰਪੁਰ ਦੇ ਥਾਣਾ ਬੁੱਲੋਵਾਲ ਵਿੱਚ ਕਤਲ ਅਤੇ ਡਕੈਤੀ ਦਾ ਕੇਸ ਦਰਜ ਕੀਤਾ ਗਿਆ ਸੀ।

ਐੱਸ ਐੱਸ ਪੀ ਦਿਹਾਤੀ ਨਵਜੋਤ ਸਿੰਘ ਮਾਹਲ ਨੇ ਦੱਸਿਆ ਕਿ ਸੀ ਆਈ ਏ ਇੰਚਾਰਜ ਸ਼ਿਵ ਕੁਮਾਰ ਆਪਣੀ ਟੀਮ ਦੇ ਨਾਲ ਕਠਾਰ ਅੱਡੇ 'ਤੇ ਮੌਜੂਦ ਸਨ। ਇਸੇ ਦੌਰਾਨ ਮੁਖਬਰ ਨੇ ਸੂਚਨਾ ਦਿੱਤੀ ਕਿ ਪਿੰਡ ਢਹੇਪੁਰ ਤੋਂ ਪੰਡੋਰੀ ਰੋਡ 'ਤੇ ਲੁੱਟ ਦੀ ਕਿਸੇ ਵਾਰਦਾਤ ਲਈ ਲੁਟੇਰੇ ਖੜ੍ਹੇ ਹਨ। ਪੁਲਸ ਟੀਮ ਨੇ ਨਾਕਾਬੰਦੀ ਕਰ ਕੇ ਬਾਈਕ ਸਵਾਰ ਤਿੰਨ ਨੌਜਵਾਨਾਂ ਨੂੰ ਸ਼ੱਕ ਦੇ ਆਧਾਰ 'ਤੇ ਰੋਕ ਕੇ ਚੈਕਿੰਗ ਕੀਤੀ ਤਾਂ ਉਨ੍ਹਾਂ ਕੋਲੋਂ ਦਾਤਰ, ਬਾਈਕ ਅਤੇ 60 ਹਜ਼ਾਰ ਦੀ ਨਕਦੀ, ਦੋ ਕਿਲੋ ਚਾਂਦੀ ਬਰਾਮਦ ਕੀਤੀ ਗਈ। ਤਿੰਨਾਂ ਨੌਜਵਾਨਾਂ ਦੀ ਪਛਾਣ ਸੁਰਿੰਦਰ ਸਿੰਘ ਉਰਫ ਸੰਨੀ ਪੁੱਤਰ ਜਗਦੀਪ ਸਿੰਘ ਵਾਸੀ ਹਰਗੜ੍ਹ, ਸੰਦੀਪ ਸਿੰਘ ਪੁੱਤਰ ਬਲਦੇਵ ਸਿੰਘ ਵਾਸੀ ਰਾਜੋਵਾਲ, ਗੁਰਜਿੰਦਰ ਸਿੰਘ ਉਰਫ ਗੱਗੀ ਪੁੱਤਰ ਓਂਕਾਰ ਸਿੰਘ ਵਾਸੀ ਕਠਾਰ ਦੇ ਰੂਪ ਵਿੱਚ ਹੋਈ ਹੈ। ਦੋਸ਼ੀਆਂ ਨੇ ਪੁੱਛਗਿੱਛ ਦੌਰਾਨ ਮੰਨਿਆ ਹੈ ਕਿ 25 ਅਪ੍ਰੈਲ ਦੀ ਦੇਰ ਰਾਤ ਨੂੰ ਵਕੀਲ ਮਲਕੀਤ ਸਿੰਘ ਰਿਆੜ ਦਾ ਕਤਲ ਅਤੇ ਲੁੱਟ ਦੀ ਵਾਰਦਾਤ ਕਰ ਕੇ ਫਰਾਰ ਹੋ ਗਏ ਸਨ।

## ਮੋਰਾਂਵਾਲੀ ਵਿੱਚ ਕੋਰੋਨਾ ਦੇ ਚਾਰ ਪਾਜ਼ੀਟਿਵ ਕੇਸ ਮਿਲਣ ਮਗਰੋਂ ਪਿੰਡ ਨੂੰ ਮੁੜ ਸੀਲ ਕੀਤਾ ਗਿਆ

ਗੜ੍ਹਸ਼ੰਕਰ, 30 ਅਪ੍ਰੈਲ (ਪੋਸਟ ਬਿਊਰੋ)- ਇਥੋਂ ਦੇ ਪਿੰਡ ਮੋਰਾਂਵਾਲੀ ਵਿੱਚ ਕੋਰੋਨਾ ਦੀ ਦੋਬਾਰਾ ਐਂਟਰੀ ਕਾਰਨ ਪੁਲਸ ਤੇ ਪ੍ਰਸ਼ਾਸਨ ਨੇ ਪਿੰਡ ਦੇ ਬਾਹਰ ਜਾਣ ਵਾਲੇ ਰਸਤਿਆਂ ਨੂੰ ਸੀਲ ਕਰ ਦਿੱਤਾ ਹੈ।




ਡੀ ਐੱਸ ਪੀ ਸਤੀਸ਼ ਕੁਮਾਰ ਨੇ ਦੱਸਿਆ ਕਿ ਕੱਲ੍ਹ ਰਾਤ ਪਿੰਡ ਵਿੱਚ ਪੁਲਸ ਫੋਰਸ ਲਾ ਦਿੱਤੀ ਗਈ ਹੈ ਤੇ ਪਿੰਡ ਤੋਂ ਬਾਹਰ ਨੂੰ ਜਾਣ ਵਾਲੇ ਸਾਰੇ ਰਸਤਿਆਂ 'ਤੇ ਪੂਰੀ ਤਰ੍ਹਾਂ ਸੀਲ ਕਰ ਦਿੱਤਾ ਹੈ। ਵਰਨਣ ਯੋਗ ਹੈ ਕਿ ਪਿੰਡ ਮੋਰਾਂਵਾਲੀ ਵਿੱਚ ਕੱਲ੍ਹ ਇੱਕ ਵਿਅਕਤੀ ਜੀਵਨ ਕੁਮਾਰ ਦੇ ਪਾਜ਼ੀਟਿਵ ਆਉਣ ਨਾਲ ਇਲਾਕੇ ਵਿੱਚ ਕੋਰੋਨਾ ਦੀ ਮੁੜ ਦਸਤਕ ਹੋ ਗਈ ਸੀ। ਜੀਵਨ ਕਮਾਰ ਸ੍ਰੀ ਹਜ਼ੂਰ ਸਾਹਿਬ ਤੋਂ ਸ਼ਰਧਾਲੂਆਂ ਨੂੰ ਵਾਪਸ ਲੈ ਕੇ ਆਪਣੀ ਗੱਡੀ ਵਿੱਚ ਆਇਆ ਸੀ, ਉਸ ਨਾਲ ਕੁੱਲ 17 ਲੋਕਾਂ ਦੇ ਸੈਂਪਲ ਕੋਰੋਨਾ ਟੈਸਟ ਲਈ ਭੇਜੇ ਗਏ ਸਨ। ਇਨ੍ਹਾਂ ਟੈਸਟਾਂ ਵਿੱਚੋਂ ਕੱਲ੍ਹ 16 ਦੇ ਰਿਜ਼ਲਟ ਆਏ ਸਨ, ਜਿਨ੍ਹਾਂ ਵਿੱਚੋਂ ਤਿੰਨ ਹੋਰ ਪਾਜ਼ੀਟਿਵ ਕੇਸ ਇਸ ਪਿੰਡ ਹਨ। ਇਸ ਤਰ੍ਹਾਂ ਇਸ ਵਕਤ ਚਾਰ ਜਣੇ ਇਸ ਪਿੰਡ ਦੇ ਕੋਰੋਨਾ ਪਾਜ਼ੀਟਿਵ ਹਨ, ਜੋ ਹੁਸ਼ਿਆਰਪੁਰ ਦੇ ਸਰਕਾਰੀ ਹਸਪਤਾਲ ਵਿੱਚ ਆਈਸੋਲੇਸ਼ਨ ਵਾਰਡ ਵਿੱਚ ਹਨ।

ਇਸ ਦੌਰਾਨ ਤਹਿਸੀਲ ਗੜ੍ਹਸ਼ੰਕਰ ਦੇ ਵੱਖ-ਵੱਖ ਪਿੰਡਾਂ ਦੇ 27 ਲੋਕਾਂ ਨੂੰ ਘਰਾਂ ਵਿੱਚ ਕੁਆਰੰਟਾਈਨ ਕੀਤਾ ਜਾਣ ਨਾਲ ਕੁੱਲ ਗਿਣਤੀ 1890 ਹੋ ਗਈ ਹੈ। ਐੱਸ ਐੱਮ ਓ ਪੋਸੀ ਡਾਕਟਰ ਰਘਵੀਰ ਸਿੰਘ ਨੇ ਦੱਸਿਆ ਕਿ ਕੱਲ੍ਹ ਤਹਿਸੀਲ ਗੜ੍ਹਸ਼ੰਕਰ ਦੇ ਵੱਖ-ਵੱਖ ਪਿੰਡਾਂ ਵਿੱਚ 27 ਵਿਅਕਤੀ ਹੋਮ ਕੁਆਰੰਟਾਈਨ ਕੀਤੇ ਹਨ। ਕੱਲ੍ਹ ਬਲਾਕ ਦੇ ਵੱਖ-ਵੱਖ ਪਿੰਡਾਂ ਦੇ 23 ਲੋਕਾਂ ਦੇ ਕੋਰੋਨਾ ਸੰਬੰਧੀ ਸੈਂਪਲ ਲਏ ਗਏ, ਜਿਨ੍ਹਾਂ ਵਿੱਚ ਸੈਲਾ ਖੁਰਦ ਦੇ 10 ਵਿਅਕਤੀ, ਕੁਨੈਲ ਦੇ ਦੋ, ਗੜ੍ਹਸ਼ੰਕਰ ਦੇ ਦੋ, ਮੋਰਾਂਵਾਲੀ ਦੇ ਤਿੰਨ ਅਤੇ ਬੀਤ ਦੇ ਛੇ ਵਿਅਕਤੀਆਂ ਦੇ ਟੈਸਟ ਲਏ ਗਏ ਹਨ।

## ਲਵਲੀ ਯੂਨੀਵਰਸਿਟੀ ਨੇ ਸਾਬਕਾ ਮੰਤਰੀ ਵਿਜੇ ਸਾਂਪਲਾ ਦੇ ਵਿਰੁੱਧ ਕੇਸ ਦਾਇਰ ਕੀਤਾ


ਕਪੂਰਥਲਾ, 30 ਅਪ੍ਰੈਲ (ਪੋਸਟ ਬਿਊਰੋ)- ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਦੇ ਵਧੀਕ ਰਜਿਸਟਰਾਰ ਮਨੀਸ਼ ਗੁਪਤਾ ਨੇ ਫਗਵਾੜਾ ਕੋਰਟ ਵਿੱਚ ਸਾਬਕਾ ਕੇਂਦਰੀ ਮੰਤਰੀ ਵਿਜੇ ਸਾਂਪਲਾ, ਉਨ੍ਹਾਂ ਦੇ ਬੇਟੇ ਅਤੇ ਸਮਰਥਕ ਉੱਤੇ ਯੂਨੀਵਰਸਿਟੀ ਦੇ ਖਿਲਾਫ ਬਿਆਨਬਾਜ਼ੀ ਕਰਨ 'ਤੇ ਰੋਕ ਲਾਉਣ ਦੀ ਮੰਗ ਕੀਤੀ ਹੈ। ਸਿਵਲ ਜੱਜ ਜੂਨੀਅਰ ਡਿਵੀਜ਼ਨ ਰਵੀਪਾਲ ਸਿੰਘ ਦੀ ਅਦਾਲਤ ਨੇ ਸਾਂਪਲਾ ਅਤੇ ਹੋਰਨਾਂ ਨੂੰ ਨੋਟਿਸ ਜਾਰੀ ਕਰ ਕੇ 13 ਮਈ ਨੂੰ ਸੁਣਵਾਈ ਰੱਖੀ ਹੈ।



ਇਸ ਕੇਸ ਵਿੱਚ ਯੂਨੀਵਰਸਿਟੀ ਨੇ ਦੋਸ਼ ਲਾਇਆ ਹੈ ਕਿ ਸਾਂਪਲਾ ਤੇ ਕਈ ਹੋਰ ਯੂਨੀਵਰਸਿਟੀ ਨੂੰ ਬਦਨਾਮ ਕਰ ਰਹੇ ਹਨ, ਜਦ ਤੱਕ ਕੋਰਟ ਵਿੱਚ ਦਾਅਵਾ ਚੱਲਦਾ ਹੈ, ਤਦ ਤੱਕ ਅਜਿਹਾ ਕਰਨ 'ਤੇ ਰੋਕ ਲਗਾਈ ਜਾਏ। ਕੋਰਟ ਨੇ ਹੁਕਮ ਦਿੱਤਾ ਹੈ ਕਿ ਬਿਨਾਂ ਕਿਸੇ ਸਬੂਤ ਦੇ ਅਜਿਹਾ ਕੋਈ ਕੰਮ ਨਾ ਕੀਤਾ ਜਾਏ। ਯੂਨੀਵਰਸਿਟੀ ਨੇ ਕਿਹਾ ਹੈ ਕਿ 13 ਮਾਰਚ ਨੂੰ ਡਿਪਾਰਟਮੈਂਟ ਆਫ ਹਾਇਰ ਐਜੂਕੇਸ਼ਨ ਪੰਜਾਬ ਨੇ 14 ਮਾਰਚ ਤੋਂ 31 ਮਾਰਚ ਤੱਕ ਕਲਾਸਾਂ ਸਸਪੈਂਡ ਕਰਨ ਦੇ ਹੁਕਮ ਦਿੱਤੇ ਸਨ। ਯੂਨੀਵਰਸਿਟੀ ਨੇ ਕਲਾਸਾਂ ਸਸਪੈਂਡ ਕਰ ਦਿੱਤੀਆਂ ਸਨ। ਹੁਕਮ ਵਿੱਚ ਹੋਸਟਲ ਖਾਲੀ ਕਰਵਾਉਣ ਦਾ ਜ਼ਿਕਰ ਨਹੀਂ ਸੀ। 21 ਮਾਰਚ ਨੂੰ ਕੇਂਦਰੀ ਮਨੁੱਖੀ ਸਰੋਤ ਮੰਤਰਾਲੇ ਨੇ ਪੱਤਰ ਜਾਰੀ ਕੀਤਾ ਕਿ ਵਿਦਿਆਰਥੀਆਂ ਨੂੰ ਹੋਸਟਲ ਵਿੱਚ ਰਹਿਣ ਦੇਣ। 27 ਮਾਰਚ ਨੂੰ ਕੇਂਦਰ ਨੇ ਫਿਰ ਹੁਕਮ ਦਿੱਤੇ ਕਿ ਯੂਨੀਵਰਸਿਟੀ ਵਿਦਿਆਰਥੀਆਂ, ਸਟਾਫ ਤੇ ਅਫਸਰਾਂ ਦਾ ਪੂਰਾ ਧਿਆਨ ਰੱਖੇ। ਹੋਸਟਲ ਵਿੱਚ 22625 ਵਿਦਿਆਰਥੀ ਰਹਿੰਦੇ ਸਨ ਜਿਨ੍ਹਾਂ ਵਿੱਚੋਂ 20090 ਚਲੇ ਗਏ ਸਨ। ਹਵਾਈ ਯਾਤਰਾ ਬੰਦ ਹੋਣ ਕਾਰਨ ਬਾਕੀ ਲੋਕ ਘਰ ਨਹੀਂ ਜਾ ਸਕੇ। ਸਾਂਪਲਾ, ਉਨ੍ਹਾਂ ਦੇ ਬੇਟੇ ਅਤੇ ਸਮਰਥਕ ਨੇ ਬਿਆਨ ਦਿੱਤੇ ਸਨ ਕਿ ਯੂਨੀਵਰਸਿਟੀ ਨੇ ਕੋਰੋਨਾ ਪਾਜ਼ੀਟਿਵ ਦੀ ਸਹੀ ਜਾਣਕਾਰੀ ਨਹੀਂ ਦਿੱਤੀ। ਇੱਕ ਵਿੱਚੋਂ ਇੱਕ ਜਣੇ ਨੇ ਸੋਸ਼ਲ ਮੀਡੀਆ 'ਤੇ ਯੂਨੀਵਰਸਿਟੀ ਦੀ ਤੁਲਨਾ ਤਬਲੀਗੀ ਜਮਾਤ ਨਾਲ ਕਰ ਦਿੱਤੀ ਹੈ। ਝੂਠੀਆਂ ਖਬਰਾਂ ਦੇ ਕੇ ਵਿਦਿਆਰਥੀਆਂ ਤੇ ਸਟਾਫ ਨੂੰ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਕਰ ਰਹੇ ਹਨ।

ਦੂਸਰੇ ਪਾਸੇ ਸਾਬਕਾ ਕੇਂਦਰੀ ਮੰਤਰੀ ਵਿਜੇ ਸਾਂਪਲਾ ਦਾ ਕਹਿਣਾ ਹੈ ਕਿ ਅਸੀਂ ਇਸ ਵਿੱਚ ਕੁਝ ਵੀ ਗਲਤ ਨਹੀਂ ਕੀਤਾ। ਯੂਨੀਵਰਸਿਟੀ ਨੇ ਗੈਰ ਕਾਨੂੰਨੀ ਕੰਮ ਕੀਤਾ ਹੈ ਤਾਂ ਹਾਈ ਕੋਰਟ ਵਿੱਚ ਅਰਜ਼ੀ ਦਾਇਰ ਕੀਤੀ ਹੈ। ਪ੍ਰਧਾਨ ਮੰਤਰੀ, ਗਵਰਨਰ ਅਤੇ ਮੁੱਖ ਮੰਤਰੀ ਕੋਲ ਵੀ ਸ਼ਿਕਾਇਤ ਕੀਤੀ ਹੈ। ਪੰਜਾਬ ਸਰਕਾਰ ਨੇ ਡਿਪਟੀ ਕਮਿਸ਼ਨਰ ਤੋਂ ਇਸ ਮਾਮਲੇ ਦੀ ਰਿਪੋਰਟ ਮੰਗੀ ਹੈ। ਐੱਸ ਡੀ ਐੱਮ ਨੇ ਰਿਪੋਰਟ ਵਿੱਚ ਲਿਖਿਆ ਹੈ ਕਿ ਪ੍ਰਸ਼ਾਸਨ ਨੂੰ ਵਾਰ-ਵਾਰ ਗਲਤ ਅੰਕੜਾ ਦਿੱਤਾ ਗਿਆ। ਸਰਕਾਰ ਨੇ ਯੂਨੀਵਰਸਿਟੀ ਨੂੰ ਇਸ ਬਾਰੇ ਨੋਟਿਸ ਵੀ ਦਿੱਤਾ ਹੈ।

## ਮੇਅਰ ਦਾ ਓ ਐੱਸ ਡੀ ਪਾਜ਼ੀਟਿਵ ਹੋਣ ਦੇ ਸੱਤ ਦਿਨ ਲੰਘਣ ਪਿੱਛੋਂ ਆਈਸੋਲੇਟ ਦਾ ਸਟਿੱਕਰ ਲਾਇਆ




ਜਲੰਧਰ, 30 ਅਪ੍ਰੈਲ (ਪੋਸਟ ਬਿਊਰੋ)- ਇਸ ਮਹਾਨਗਰ ਵਿੱਚ ਕੋਰੋਨਾ ਵਾਇਰਸ ਦੇ ਮਰੀਜ਼ਾਂ ਦੀ ਗਿਣਤੀ ਵਧਣ ਨਾਲ ਸਿਹਤ ਵਿਭਾਗ ਅਤੇ ਜ਼ਿਲਾ ਪ੍ਰਸ਼ਾਸਨ ਦੀ ਲਾਪਰਵਾਹੀ ਵੀ ਦਿੱਸਣ ਲੱਗੀ ਹੈ।

ਤਾਜ਼ਾ ਮਾਮਲਾ ਨਗਰ ਨਿਗਮ ਪ੍ਰਸ਼ਾਸਨ ਨਾਲ ਜੁੜਿਆ ਹੈ, ਜਿੱਥੇ ਮੇਅਰ ਜਗਦੀਸ਼ ਰਾਜਾ ਦੇ ਓ ਐੱਸ ਡੀ ਹਰਪ੍ਰੀਤ ਵਾਲੀ ਦੇ ਪਾਜ਼ੀਟਿਵ ਹੋਣ ਦੇ ਸੱਤ ਦਿਨ ਪਿੱਛੋਂ ਪੂਰਾ ਨਿਗਮ ਪ੍ਰਸ਼ਾਸਨਿਕ ਕੰਪਲੈਕਸ ਸਿਹਤ ਵਿਭਾਗ ਨੇ ਆਈਸੋਲੇਟ ਕਰ ਦਿੱਤਾ ਹੈ। ਦਫਤਰ ਦੇ ਮੇਨ ਐਂਟਰੀ ਗੇਟ 'ਤੇ ਆਈਸੋਲੇਟ ਦਾ ਸਟਿੱਕਰ ਚਿਪਕਾ ਦਿੱਤਾ ਹੈ, ਜਿਸ ਉਤੇ ਲਿਖਿਆ ਹੈ ਕਿ ਦਫਤਰ ਚਾਰ ਮਈ ਦੇ ਬਾਅਦ ਖੁੱਲ੍ਹੇਗਾ, ਜਦ ਕਿ ਕੱਲ੍ਹ ਇਹ ਕਾਰਵਾਈ ਹੋਣ ਦੇ ਬਾਵਜੂਦ ਦਫਤਰ ਨੂੰ ਆਈਸੋਲੇਟ ਕਰਨ ਦੀ ਤਰੀਕ 21 ਅਪ੍ਰੈਲ ਲਿਖੀ ਗਈ ਹੈ।

ਹਰਪ੍ਰੀਤ ਵਾਲੀਆ ਦੇ ਪਾਜ਼ੀਟਿਵ ਆਉਣ ਪਿੱਛੋਂ 22 ਅਪ੍ਰੈਲ ਦੁਪਹਿਰੇ ਸਿਹਤ ਵਿਭਾਗ ਦੀ ਟੀਮ ਨਿਗਮ ਦਫਤਰ ਆਈ ਸੀ, ਪਰ ਸੈਨੀਟਾਈਜ਼ ਕਰਾਉਣ ਦੀ ਸਲਾਹ ਦੇ ਕੇ ਚਲੇ ਗਏ। ਇੱਕ ਹਫਤੇ ਬਾਅਦ ਅਚਾਨਕ ਆ ਕੇ ਦਫਤਰ ਨੂੰ ਆਈਸੋਲੇਟ ਕਰਨ ਲਈ ਪ੍ਰਸ਼ਾਸਨ ਦੀ ਨੀਂਦ ਖੁੱਲ੍ਹ ਗਈ। ਨਿਗਮ ਕਮਿਸ਼ਨਰ ਅਪੂਰਵਾ ਲਾਕੜਾ ਦਾ ਕਹਿਣਾ ਹੈ ਕਿ ਤਿੰਨ-ਚਾਰ ਵਾਰ ਪੂਰਾ ਕੰਪਲੈਕਸ ਸੈਨੀਟਾਈਜ਼ ਕਰਵਾ ਚੁੱਕੇ ਹਨ, ਸੀਲਿੰਗ ਹੀ ਕਰਨੀ ਸੀ ਤਾਂ ਹਰਪ੍ਰੀਤ ਵਾਲੀਆ ਅਤੇ ਉਸ ਦੇ ਆਸਪਾਸ ਦੇ ਕਮਲੇ ਨੂੰ ਸੀਲ ਕਰ ਸਕਦੇ ਸਨ।

## ਮਹਾਰਾਸ਼ਟਰ ਤੋਂ ਆਏ 30 ਪੰਜਾਬੀ ਮਜ਼ਦੂਰ ਅੰਤਰਰਾਜੀ ਸਰਹੱਦ ਤੋਂ ਮੋੜ ਦਿੱਤੇ ਗਏ



ਪਾਤੜਾਂ, 30 ਅਪ੍ਰੈਲ (ਪੋਸਟ ਬਿਊਰੋ)- ਹਾੜੀ ਦੇ ਸੀਜ਼ਨ ਦੌਰਾਨ ਮਹਾਰਾਸ਼ਟਰ ਵਿੱਚ ਕਣਕ ਦੀ ਵਾਢੀ ਲਈ ਕੰਬਾਈਨਾਂ ਨਾਲ ਗਏ ਪੰਜਾਬੀ ਮਜ਼ਦੂਰਾਂ ਨੂੰ ਵਾਪਸ ਲਿਆ ਰਹੀ ਬੱਸ ਨੂੰ ਪਾਤੜਾਂ ਤੋਂ ਪ੍ਰਸ਼ਾਸਨ ਨੇ ਅੰਤਰ-ਰਾਜੀ ਸਰਹੱਦ ਤੋਂ ਵਾਪਸ ਮੋੜ ਦਿੱਤਾ ਹੈ ਅਤੇ ਇਸ ਦੀ ਹਰ ਪਾਸੇ ਚਰਚਾ ਹੋ ਰਹੀ ਹੈ।

ਪਿੰਡ ਢਾਬ ਗੁੱਜਰਾਂ ਵਿੱਚ ਨਾਕੇ ਉਤੇ ਪੁਲਸ ਨੇ ਉਚ ਅਧਿਕਾਰੀਆਂ ਨੂੰ ਮਜ਼ੂਦਰਾਂ ਦੇ ਆਉਣ ਬਾਰੇ ਦੱਸਿਆ ਤਾਂ ਡੀ ਐਸ ਪੀ ਦਲਵੀਰ ਸਿੰਘ ਗਰੇਵਾਲ ਅਤੇ ਨਾਇਬ ਤਹਿਸੀਲਦਾਰ ਰਾਜਵਰਿੰਦਰ ਸਿੰਘ ਧਨੋਆ ਨੇ ਮੌਕੇ ਉਤੇ ਪਹੁੰਚ ਕੇ ਸਥਿਤੀ ਦਾ ਜਾਇਜ਼ਾ ਲਿਆ। ਪਾਤੜਾਂ ਦੇ ਐਸ ਡੀ ਐਮ ਡਾ. ਪਾਲਿਕਾ ਅਰੋੜਾ ਨੇ ਦੱਸਿਆ ਕਿ ਮਹਾਰਾਸ਼ਟਰ ਰਾਜ ਵਿਚਲੇ ਔਰੰਗਾਬਾਦ ਇਲਾਕੇ ਵਿੱਚ ਕਣਕ ਦੀ ਕਟਾਈ ਲਈ ਕੰਬਾਈਨਾਂ ਨਾਲ ਗਏ 30 ਮਜ਼ਦੂਰ ਔਰੰਗਾਬਾਦ ਪ੍ਰਸ਼ਾਸਨ ਤੋਂ ਪਾਸ ਲੈ ਕੇ ਬੱਸ ਰਾਹੀਂ ਪੰਜਾਬ ਆਏ ਸਨ। ਇਨ੍ਹਾਂ ਵਿੱਚੋਂ 17 ਮਜ਼ਦੂਰ ਪਟਿਆਲਾ, 13-13 ਲੁਧਿਆਣਾ ਅਤੇ ਫਿਰੋਜ਼ਪੁਰ ਦੇ ਸਨ। ਸੂਬੇ ਵਿੱਚ ਕੋਰੋਨਾ ਵਾਇਰਸ ਦੀ ਨਾਜ਼ੁਕ ਸਥਿਤੀ ਨੂੰ ਦੇਖਦੇ ਹੋਏ ਪ੍ਰਸ਼ਾਸਨ ਨੇ ਉਨ੍ਹਾਂ ਨੂੰ ਵਾਪਸ ਔਰੰਗਾਬਾਦ ਭੇਜ ਦਿੱਤਾ ਹੈ। ਉਨ੍ਹਾਂ ਦੱਸਿਆ ਕਿ ਬਿਮਾਰੀ ਦੇ ਕਹਿਰ ਕਾਰਨ ਸੂਬਾ ਸਰਕਾਰ ਨੇ ਬਾਹਰੋਂ ਆਏ ਵਿਅਕਤੀਆਂ ਉਤੇ ਪਾਬੰਦੀਆਂ ਵਿੱਚ ਵਾਧਾ ਕਰ ਦਿੱਤਾ ਹੈ ਜਿਸ ਹੇਠ ਇਹ ਕਾਰਵਾਈ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਕਿਸੇ ਨੂੰ ਵੀ ਬਾਹਰੋਂ ਆਉਣ ਦੀ ਇਜਾਜ਼ਤ ਨਹੀਂ ਹੈ ਅਤੇ ਕੋਈ ਵੀ ਵਿਅਕਤੀ ਆਪਣੇ ਬਾਹਰ ਗਏ ਰਿਸ਼ਤੇਦਾਰ ਨੂੰ ਵਾਪਸ ਆਉਣ ਲਈ ਨਾ ਕਹੇ।

## ਰਾਏਪੁਰ ਫਰਾਲਾ ਪਿੰਡ ਤੋਂ ਨੌਜਵਾਨ ਦੀ ਲਾਸ਼ ਮਿਲੀ

ਜਲੰਧਰ, 30 ਅਪ੍ਰੈਲ (ਪੋਸਟ ਬਿਊਰੋ)- ਥਾਣਾ ਸਦਰ ਜਲੰਧਰ ਦੇ ਪਿੰਡ ਰਾਏਪੁਰ ਫਰਾਲਾ ਦੇ ਜਠੇਰਿਆਂ ਦੇ ਸਥਾਨ ਤੋਂ 23 ਸਾਲ ਦੇ ਇੱਕ ਨੌਜਵਾਨ ਦੀ ਲਾਸ਼ ਬਰਾਮਦ ਹੋਈ ਹੈ।

ਇਸ ਬਾਰੇ ਜਲੰਧਰ ਕੈਂਟ ਦੇ ਏ ਸੀ ਪੀ ਮੇਜਰ ਸਿੰਘ ਫਡਾ ਨੇ ਦੱਸਿਆ ਕਿ ਓਥੇ ਪਹੁੰਚੇ ਥਾਣਾ ਸਦਰ ਦੇ ਇੰਚਾਰਜ ਕਮਲਜੀਤ ਸਿੰਘ ਨੇ ਮ੍ਰਿਤਕ ਨੌਜਵਾਨ ਦੀ ਲਾਸ਼ ਬਾਰੇ ਜਾਂਚ ਕੀਤੀ ਹੈ, ਪਰ ਆਸ-ਪਾਸ ਦੇ ਪਿੰਡਾਂ ਤੋਂ ਪੁੱਛਗਿੱਛ ਕਰਨ 'ਤੇ ਵੀ ਉਸਦੀ ਪਛਾਣ ਨਹੀਂ ਹੋਈ। ਇਸ ਪਿੱਛੋਂ ਸਦਰ ਪੁਲਸ ਦੁਆਰਾ ਨੌਜਵਾਨ ਦੀ ਫੋਟੋ ਨੂੰ ਆਪਣੇ ਵਿਭਾਗੀਆਂ ਵ੍ਹਾਟਸਐਪ ਗਰੁੱਪਾਂ ਵਿੱਚ ਪਾ ਦਿੱਤਾ ਗਿਆ। ਦੇਰ ਸ਼ਾਮ ਨੌਜਵਾਨ ਦੇ ਪਰਵਾਰ ਵਾਲੇ ਥਾਣਾ ਸਦਰ ਵਿੱਚ ਗਏ ਅਤੇ ਉਸ ਦੀ ਸ਼ਿਨਾਖਤ ਕੀਤੀ। ਏ ਪੀ ਸੀ ਕੈਂਟ ਦੇ ਮੁਤਾਬਕ ਮ੍ਰਿਤਕ ਦੀ ਮਾਂ ਆਪਣੇ ਬੇਟੇ ਦੀ ਪਛਾਣ ਆਕਾਸ਼ ਪੁੱਤਰ ਪਰਮਜੀਤ ਨਿਵਾਸੀ ਮੁਹ-ੱਲਾ ਧਰਮਕੋਟ ਥਾਣਾ ਸਿਟੀ ਫਗਵਾੜਾ ਦੱਸਿਆ ਹੈ। ਉਸ ਨੇ ਪੁਲਸ ਨੂੰ ਦੱਸਿਆ ਕਿ ਉਸਦਾ ਬੇਟਾ ਕੁਝ ਸਮੇਂ ਨਾਲ ਮਾਨਸਿਕ ਤੌਰ 'ਤੇ ਪਰੇਸ਼ਾਨ ਸੀ, ਜਿਸ ਕਾਰਨ ਉਹ ਭੰਗ ਅਤੇ ਸ਼ਰਾਬ ਪੀਣ ਦਾ ਆਦੀ ਹੋ ਗਿਆ ਅਤੇ ਕੱਲ੍ਹ ਤੋਂ ਘਰੋਂ ਗਾਇਬ ਸੀ।

## ਦੁਬਈ 'ਚ ਮਰਨ ਵਾਲੇ ਬਲਵਿੰਦਰ ਦੀ ਕੋਰੋਨਾ ਰਿਪੋਰਟ ਹੋਣ ਦੇ ਕਾਰਨ ਲਾਸ਼ ਭਾਰਤ ਨਹੀਂ ਆਵੇਗੀ



ਮਾਛੀਵਾੜਾ ਸਾਹਿਬ, 30 ਅਪ੍ਰੈਲ (ਪੋਸਟ ਬਿਊਰੋ)- ਨੇੜਲੇ ਪਿੰਡ ਬਲੀਏਵਾਲ ਦੇ ਬਲਵਿੰਦਰ ਸਿੰਘ ਦੀ ਦੁਬਈ ਵਿਖੇ 16 ਅਪ੍ਰੈਲ ਨੂੰ ਹਾਦਸੇ ਦੌਰਾਨ ਮੌਤ ਹੋ ਗਈ ਸੀ, ਉਸ ਦੀ ਕੋਰੋਨਾ ਰਿਪੋਰਟ ਕਾਰਨ ਲਾਸ਼ ਏਥੇ ਨਹੀਂ ਆ ਸਕੇਗੀ।

ਪਰਵਾਰਕ ਮੈਂਬਰਾਂ ਨੇ ਕਾਫੀ ਜੱਦੋ-ਜਹਿਦ ਕੀਤੀ ਸੀ ਕਿ ਉਸ ਦੀ ਪਤਨੀ ਅਤੇ ਬੱਚੇ ਅੰਤਿਮ ਵਾਰ ਬਲਵਿੰਦਰ ਸਿੰਘ ਦਾ ਮੂੰਹ ਦੇਖ ਸਕਣ ਅਤੇ ਉਸ ਦਾ ਸਸਕਾਰ ਪਿੰਡ 'ਚ ਹੋਵੇ, ਜਿਸ ਸੰਬੰਧੀ ਦੁਬਈ ਤੋਂ ਗ੍ਰੀਸ ਪੰਥ ਨਾਂਅ ਦੀ ਇੱਕ ਸੰਸਥਾ ਨੇ ਇਹ ਲਾਸ਼ ਲਿਆਉਣ ਦਾ ਉਪਰਾਲਾ ਵੀ ਕੀਤਾ, ਪਰ ਜਦੋਂ ਡਾਕਟਰਾਂ ਨੇ ਉਸ ਦੀ ਰਿਪੋਰਟ ਕੋਰੋਨਾ ਪਾਜ਼ੀਟਿਵ ਦਿਖਾਈ ਤਾਂ ਲਾਸ਼ ਭਾਰਤ ਆਉਣ ਦੀਆਂ ਸੰਭਾਵਨਾਵਾਂ ਖਤਮ ਹੋ ਗਈਆਂ। ਪਰਵਾਰਕ ਮੈਂਬਰ ਹੈਰਾਨ ਸਨ ਕਿ ਬਲਵਿੰਦਰ ਸਿੰਘ ਦੀ ਮੌਤ ਹਾਦਸੇ ਦੌਰਾਨ ਹੋਈ ਤਾਂ ਉਸ ਦੀ ਰਿਪੋਰਟ ਕੋਰੋਨਾ ਪਾਜ਼ੀਟਿਵ ਕਿਵੇਂ ਆ ਗਈ। ਗ੍ਰੀਸ ਪੰਥ ਸੁਸਾਈਟੀ ਨੇ ਸਾਰੀਆਂ ਰਿਪੋਰਟਾਂ ਪਰਵਾਰ ਨੂੰ ਭੇਜ ਦਿੱਤੀਆਂ ਹਨ ਅਤੇ ਪਤਨੀ ਦੀ ਪ੍ਰਵਾਨਗੀ ਤੋਂ ਬਾਅਦ ਦੁਬਈ ਵਿਖੇ ਹੀ ਬਲਵਿੰਦਰ ਸਿੰਘ ਦਾ ਅੰਤਿਮ ਸਸਕਾਰ ਹੋਵੇਗਾ। ਇਹ ਸੰਸਥਾ ਇਹ ਪ੍ਰਬੰਧ ਕਰ ਰਹੀ ਹੈ ਕਿ ਬਲਵਿੰਦਰ ਸਿੰਘ ਦਾ ਅੰਤਿਮ ਸਸਕਾਰ ਪਿੰਡ ਬਲੀਏਵਾਲ ਵਿਖੇ ਰਹਿੰਦੇ ਪਰਵਾਰਕ ਮੈਂਬਰ ਲਾਈਵ ਦੇਖ ਸਕਣ। ਬਲਵਿੰਦਰ ਸਿੰਘ ਦੇ ਅੰਤਿਮ ਸਸਕਾਰ ਸੰਬੰਧੀ ਪਰਵਾਰਕ ਮੈਂਬਰਾਂ ਨੂੰ ਦੇਰ ਸ਼ਾਮ ਤੱਕ ਸੂਚਨਾ ਮਿਲਣ ਦੀ ਸੰਭਾਵਨਾ ਹੈ।

ਬਲਵਿੰਦਰ ਸਿੰਘ ਦੀ ਪਤਨੀ ਰਾਜਵਿੰਦਰ ਕੌਰ ਨੇ ਦੱਸਿਆ ਕਿ ਛੇ ਸਾਲ ਪਹਿਲਾਂ ਉਸ ਦਾ ਪਤੀ ਆਪਣੇ ਤਿੰਨ ਛੋਟੇ-ਛੋਟੇ ਬੱਚਿਆਂ ਦਾ ਪਾਲਣ-ਪੋਸ਼ਣ ਕਰਨ ਲਈ ਦੁਬਈ ਗਿਆ ਸੀ। ਰਾਜਵਿੰਦਰ ਕੌਰ ਨੇ ਕਿਹਾ ਕਿ ਉਸ ਦੀ ਇੱਛਾ ਸੀ ਕਿ ਉਸ ਦੇ ਪਤੀ ਦੀ ਲਾਸ਼ ਭਾਰਤ ਲਿਆਂਦੀ ਜਾਵੇ।

## ਵਿਦਿਆਰਥਣ ਵਲੋਂ ਜ਼ਹਿਰੀਲਾ ਪਦਾਰਥ ਨਿਗਲ ਕੇ ਖੁਦਕੁਸ਼ੀ

ਤਰਨ ਤਾਰਨ, 30 ਅਪ੍ਰੈਲ (ਪੋਸਟ ਬਿਊਰੋ)- ਏਥੋਂ ਦੇ ਮੁਹੱਲਾ ਕਾਜ਼ੀਕੋਟ ਰੋਡ ਦੀ ਵਸਨੀਕ ਇੱਕ ਕਾਲਜ ਵਿਦਿਆਰਥਣ ਨੇ ਜ਼ਹਿਰੀਲਾ ਪਦਾਰਥ ਨਿਗਲ ਕੇ ਖ਼ੁਦਕੁਸ਼ੀ ਕਰ ਲਈ। ਦੋਸ਼ ਹੈ ਕਿ ਗਆਂਢ 'ਚ ਰਹਿੰਦਾ ਨੌਜਵਾਨ ਪਹਿਲਾਂ ਉਸ ਨੂੰ ਪ੍ਰੇਮ ਸਬੰਧ ਬਣਾਉਣ ਲਈ ਪਰੇਸ਼ਾਨ ਕਰਦਾ ਸੀ ਤੇ ਜਦੋਂ ਉਹ ਨਾ ਮੰਨੀ ਤਾਂ ਉਸ ਨੂੰ ਬਦਨਾਮ ਕਰਨ ਲੱਗ ਪਿਆ, ਜਿਸ ਤੋਂ ਤੰਗ ਆਣ ਕੇ ਉਸ 22 ਸਾਲ ਵਿਦਿਆਰਥਣ ਨੇ ਖ਼ੁਦਕੁਸ਼ੀ ਕਰ ਲਈ ਹੈ। ਮ੍ਰਿਤਕ ਵਿਦਿਆਰਥਣ ਦੇ ਗੁਆਂਢ ਰਹਿੰਦਾ ਹਰਮਨਦੀਪ ਸਿੰਘ ਪੁੱਤਰ ਕੁਲਬੀਰ ਸਿੰਘ ਉਸ ਨੂੰ ਪ੍ਰੇਮ ਸਬੰਧ ਬਣਾਉਣ ਲਈ ਅਕਸਰ ਪਰੇਸ਼ਾਨ ਕਰਦਾ ਰਹਿੰਦਾ ਸੀ। ਜਦੋਂ ਗੱਲ ਮੋਹਤਬਾਰਾਂ 'ਚ ਆਈ ਤਾਂ ਲੜਕੇ ਨੂੰ ਅਜਿਹਾ ਨਾ ਕਰਨ ਤੋਂ ਵਰਜਿਆ ਗਿਆ, ਜਿਸ ਪਿੱਛੋਂ ਉਹ ਲੜਕੀ ਨੂੰ ਬਦਨਾਮ ਕਰਨ ਲੱਗ ਪਿਆ ਅਤੇ ਕਾਲਜ ਜਾਂਦੇ ਸਮੇਂ ਪਿੱਛਾ ਵੀ ਕਰਦਾ ਰਿਹਾ, ਜਿਸ ਕਾਰਨ ਲੜਕੀ ਨੇ ਜ਼ਹਿਰੀਲਾ ਪਦਾਰਥ ਨਿਗਲ ਲਿਆ ਅਤੇ ਕੱਲ੍ਹ ਸਵੇਰੇ ਹਸਪਤਾਲ 'ਚ ਇਲਾਜ ਦੌਰਾਨ ਉਸ ਦੀ ਮੌਤ ਹੋ ਗਈ। ਇਸ ਦੀ ਜਾਂਚ ਕਰ ਰਹੇ ਥਾਣਾ ਸਿਟੀ ਤਰਨਤਾਰਨ ਦੇ ਸਬ ਇੰਸਪੈਕਟਰ ਮਨਿੰਦਰ ਸਿੰਘ ਦੇ ਮੁਤਾਬਕ ਮ੍ਰਿਤਕਾ ਦੀ ਮਾਂ ਨੇ ਦੱਸਿਆ ਹੈ ਕਿ ਜਦੋਂ ਮੋਹਤਬਰਾਂ ਦੀ ਹਜ਼ਾਰੀ 'ਚ ਹਰਮਨਦੀਪ ਸਿੰਘ ਨੇ ਮਾਫ਼ੀ ਮੰਗ ਕੇ ਅੱਗੇ ਤੋਂ ਪਰੇਸ਼ਾਨ ਨਾ ਕਰਨ ਦੀ ਗੱਲ ਕਹੀ ਤਾਂ ਫਿਰ ਉਸ ਦੀ ਮਾਂ ਕਵਲਜੀਤ ਕੌਰ ਉਸ ਦੇ ਘਰ ਲੜਕੀ ਦਾ ਰਿਸ਼ਤਾ ਮੰਗਣ ਆ ਗਈ, ਜਿਸ ਨੂੰ ਉਸਨੇ ਮਨ੍ਹਾਂ ਕਰ ਦਿੱਤਾ। ਇਸ ਪਿੱਛੋਂ ਮਾਂ ਪੁੱਤ ਉਸਦੀ ਲੜਕੀ ਨੂੰ ਪਰੇਸ਼ਾਨ ਕਰਨ ਲੱਗ ਪਏ। ਉਕਤ ਸ਼ਿਕਾਇਤ ਉੱਤੇ ਹਰਮਨਦੀਪ ਨੇ ਉਸਦੀ ਮਾਂ ਕਵਲਜੀਤ ਕੌਰ ਖ਼ਿਲਾਫ਼ ਥਾਣਾ ਸਿਟੀ ਤਰਨਤਾਰਨ 'ਚ ਕੇਸ ਦਰਜ ਕਰ ਲਿਆ ਗਿਆ ਹੈ।

## ਪ੍ਰੇਮੀ ਨਾਲ ਜਾਂਦੀ ਭਾਬੀ ਦੇ ਪਿੱਛੇ ਗਏ ਦਿਓਰ ਦੀ ਲਾਸ਼ ਮਿਲੀ

ਮੋਗਾ, 30 ਅਪ੍ਰੈਲ (ਪੋਸਟ ਬਿਊਰੋ)- ਸਮਝੌਤੇ ਪਿੱਛੋਂ ਪਤੀ ਨੂੰ ਛੱਡ ਕੇ ਪ੍ਰੇਮੀ ਨਾਲ ਜਾਂਦੀ ਮਹਿਲਾ ਦਾ ਪਿੱਛਾ ਕਰਨ ਗਏ ਦਿਓਰ ਦੀ ਦੋ ਕਿਲੋਮੀਟਰ ਦੂਰ ਲਾਸ਼ ਅਤੇ ਬਾਈਕ ਟੁੱਟੀ ਹੋਈ ਮਿਲੀ ਹੈ। ਉਸ ਦੀ ਪਰਵਾਰ ਨੇ ਸ਼ੱਕ ਜਤਾਇਆ ਹੈ ਕਿ ਮਹਿਲਾ ਅਤੇ ਉਸ ਦੇ ਪ੍ਰੇਮੀ ਨੇ ਉਸ ਦੀ ਹੱਤਿਆ ਕੀਤੀ ਹੈ।

ਸਬ ਇੰਸਪੈਕਟਰ ਗੁਰਤੇਜ ਸਿੰਘ ਦੇ ਮੁਤਾਬਕ ਸਮਾਧਭਾਈ ਦੇ ਸਤਨਾਮ ਸਿੰਘ ਨੇ ਦੱਸਿਆ ਕਿ ਉਸ ਦਾ ਵਿਆਹ ਵੀਰਪਾਲ ਕੌਰ ਪਿੰਡ ਰੋਡੇ ਨਾਲ ਹੋਇਆ ਸੀ, ਪਰ ਵੀਰਪਾਲ ਕੌਰ ਉਸ ਨਾਲ ਝਗੜਾ ਕਰਦੀ ਰਹਿੰਦੀ ਸੀ ਅਤੇ ਛੇ ਮਹੀਨੇ ਤੋਂ ਬੇਟੇ ਨਾਲ ਪੇਕੇ ਰਹਿ ਰਹੀ ਸੀ। ਇਸੇ ਦੌਰਾਨ ਉਸ ਦੇ ਸੰਬੰਧ ਪਿੰਡ ਸਾਫੂਵਾਲਾ ਵਾਸੀ ਰਾਜਵੀਰ ਸਿੰਘ ਨਾਲ ਬਣ ਗਏ ਤੇ ਵੀਰਪਾਲ ਕੌਰ ਬੇਟੇ ਸਮੇਤ ਉਸ ਨਾਲ ਰਹਿਣ ਲੱਗੀ ਸੀ। ਸਤਨਾਮ ਨੇ ਦੱਸਿਆ ਕਿ 27 ਅਪ੍ਰੈਲ ਨੂੰ ਪਿੰਡ ਦੇ ਜਗਮੋਹਨ ਸਿੰਘ ਨੇ ਮੈਨੂੰ, ਵੀਰਪਾਲ ਅਤੇ ਉਸ ਦੇ ਪ੍ਰੇਮੀ ਨੂੰ ਆਪਣੇ ਘਰ ਬੁਲਾਇਆ ਸੀ। ਜਗਮੋਹਨ ਨੇ ਸਤਨਾਮ ਨੂੰ ਕਿਹਾ ਕਿ ਬੇਟਾ ਤੂੰ ਰੱਖ ਲੈ ਅਤੇ ਵੀਰਪਾਲ ਕੌਰ ਨੂੰ ਉਸ ਦੇ ਪ੍ਰੇਮੀ ਦੇ ਨਾਲ ਮੋਟਰ ਸਾਈਕਲ 'ਤੇ ਬਿਠਾ ਦਿੱਤਾ। ਸਤਨਾਮ ਨੇ ਦੱਸਿਆ ਕਿ ਉਸ ਦਾ ਛੋਟਾ ਭਰਾ ਗੋਰਾ ਸਿੰਘ ਆਇਆ ਅਤੇ ਜਗਮੋਹਨ ਨੂੰ ਕਿਹਾ ਕਿ ਉਹ ਕੌਣ ਹੁੰਦਾ ਹੈ ਉਨ੍ਹਾਂ ਦੇ ਘਰ ਦੀ ਇੱਜ਼ਤ ਨੂੰ ਕਿਸੇ ਹੋਰ ਨਾਲ ਭੇਜਣ ਵਾਲਾ। ਜਦ ਵੀਰਪਾਲ ਕੌਰ ਰਾਜਵੀਰ ਸਿੰਘ ਦੇ ਨਾਲ ਬਾਈਕ 'ਤੇ ਚਲੀ ਗਈ ਤਾਂ ਇਸ ਦੇ ਬਾਅਦ ਗੋਰਾ ਆਪਣੇ ਦੋਸਤ ਦੀ ਬਾਈਕ ਲੈ ਕੇ ਪਿੱਛੇ ਗਿਆ ਤਾਂ ਕੁਝ ਦੂਰੀ 'ਤੇ ਗੋਰਾ ਦੀ ਲਾਸ਼ ਅਤੇ ਬਾਈਕ ਟੁੱਟੀ ਮਿਲੀ। ਉਸ ਨੂੰ ਸ਼ੱਕ ਹੈ ਕਿ ਵੀਰਪਾਲ ਨੇ ਪ੍ਰੇਮੀ ਨਾਲ ਮਿਲ ਕੇ ਹੱਤਿਆ ਕੀਤੀ ਹੈ।

## ਤਿੰਨ ਮਈ ਤੱਕ ਜਲੰਧਰ ਜ਼ਿਲੇ ਤੋਂ ਬਾਹਰ ਜਾਣ ਉੱਤੇ ਰੋਕ ਲਾਈ ਗਈ

ਜਲੰਧਰ, 30 ਅਪ੍ਰੈਲ (ਪੋਸਟ ਬਿਊਰੋ)- ਇਸ ਮਹਾਨਗਰ ਵਿੱਚ ਵਧ ਰਹੇ ਕੋਰੋਨਾ ਵਾਇਰਸ ਦੇ ਮਰੀਜ਼ਾਂ ਦੀ ਗਿਣਤੀ ਨੂੰ ਦੇਖ ਕੇ ਪ੍ਰਸ਼ਾਸਨ ਨੇ ਜ਼ਿਲੇ ਤੋਂ ਬਾਹਰ ਜਾਣ 'ਤੇ ਤਿੰਨ ਮਈ ਤੱਕ ਰੋਕ ਲਾ ਦਿੱਤੀ ਹੈ। ਜ਼ਿਲੇ ਤੋਂ ਬਾਹਰ ਜਾਂ ਦੂਸਰੇ ਰਾਜਾਂ ਨੂੰ ਜਾਣ ਦੇ ਜਾਰੀ ਹੋਏ ਈ-ਪਾਸ ਸੋਮਵਾਰ ਤੋਂ ਬਣਾਉਣੇ ਬੰਦ ਕਰ ਦਿੱਤੇ ਗਏ ਹਨ। ਇਸ ਦੇ ਬਾਅਦ ਕੇਵਲ ਲੋਕਲ ਦੇ ਪਾਸ ਜਾਰੀ ਕੀਤੇ ਜਾ ਰਹੇ ਹਨ। ਪ੍ਰਸ਼ਾਸਨ ਨੇ ਕੱਲ੍ਹ ਤੱਕ ਕਰੀਬ 52 ਹਜ਼ਾਰ ਪਾਸ ਜਾਰੀ ਕੀਤੇ ਹਨ। ਇਨ੍ਹਾਂ ਵਿੱਚ ਦੁੱਧ, ਸਬਜ਼ੀ, ਵਠੰਡਰ ਤੋਂ ਲੈ ਕੇ ਜ਼ਿਲੇ ਤੋਂ ਬਾਹਰ ਆਉਣ ਜਾਣ ਵਾਲੇ ਹਰ ਤਰ੍ਹਾਂ ਦੇ ਆਨਲਾਈਨ ਪਾਸ ਸ਼ਾਮਲ ਹਨ।



ਕੋਰੋਨਾ ਦੇ ਮਰੀਜ਼ਾਂ ਦੀ ਲਗਾਤਾਰ ਵਧਦੀ ਗਿਣਤੀ ਨੂੰ ਦੇਖ ਕੇ ਜਲੰਧਰ ਨੂੰ ਪੂਰੀ ਤਰ੍ਹਾਂ ਸੀਲ ਕਰ ਦਿੱਤਾ ਗਿਆ ਹੈ। ਜਲੰਧਰ ਤੋਂ ਨਿਕਲਦੇ ਨੈਸ਼ਨਲ ਹਾਈਵੇ ਤੇ ਲਿੰਕ ਰੋਡ ਨੂੰ ਵੀ ਸੀਲ ਕਰ ਦਿੱਤਾ ਗਿਆ ਹੈ। ਵਰਨਣ ਯੋਗ ਹੈ ਕਿ ਜ਼ਿਲੇ ਤੋਂ ਕਿਸੇ ਵਿਅਕਤੀ ਨੂੰ ਹੁਸ਼ਿਆਰਪੁਰ ਜ਼ਿਲੇ ਵਿੱਚ ਦਾਖਲ ਹੋਣ ਦੀ ਮਨਜ਼ੂਰੀ ਨਹੀਂ ਦਿੱਤੀ ਜਾਏਗੀ ਅਤੇ ਨਾ ਉਸ ਨੂੰ ਕਿਸੇ ਹੋਰ ਜ਼ਿਲੇ ਰਾਹੀਂ ਇਸ ਜ਼ਿਲੇ ਵਿੱਚ ਦਾਖਲ ਹੋਣ ਦੀ ਮਨਜ਼ੂਰੀ ਦਿੱਤੀ ਜਾਏਗੀ। ਜੇ ਕੋਈ ਸਰਕਾਰੀ ਕਰਮਚਾਰੀ ਜਲੰਧਰ ਜ਼ਿਲੇ ਦਾ ਵਾਸੀ ਤੇ ਹੁਸ਼ਿਆਰਪੁਰ ਜ਼ਿਲੇ ਵਿੱਚ ਤੈਨਾਤ ਹੈ ਤਾਂ ਉਹ ਹੁਸ਼ਿਆਰਪੁਰ ਵਿੱਚ ਨਿਵਾਸ ਰੱਖੇਗਾ ਜਾਂ ਉਹ ਆਪਣੇ ਵਿਭਾਗ ਦੇ ਮੁਖੀ ਤੋਂ ਇਸ ਸ਼ਰਤ ਉਤੇ ਛੋਟ ਲਵੇਗਾ ਕਿ ਵਿਭਾਗ ਦੇ ਮੁਖੀ ਨੇ ਉਸ ਅਧਿਕਾਰੀ ਜਾਂ ਕਰਮਚਾਰੀ ਦੇ ਬੈਠਣ ਦਾ ਬਦਲਵਾਂ ਪ੍ਰਬੰਧ ਕੀਤਾ ਹੈ। ਜ਼ਿਲਾ ਦੇ ਲੋਕਾਂ ਨੂੰ ਜ਼ਿਲੇ ਦੇ ਬਾਹਰ ਜਾਂ ਦੂਸਰੇ ਸੂਬੇ ਨੂੰ ਜਾਣ ਦੀ ਮਨਜ਼ੂਰੀ ਦੇਣ ਦਾ ਫੈਸਲਾ ਤਿੰਨ ਮਈ ਦੇ ਬਾਅਦ ਕੀਤਾ ਜਾਏਗਾ, ਕਿਉਂਕਿ ਸੂਬਾ ਸਰਕਾਰ ਵੱਲੋਂ ਤਿੰਨ ਮਈ ਤੱਕ ਕਰਫਿਊ ਦਾ ਐਲਾਨ ਹੈ।


ਇਸ ਦੌਰਾਨ ਸਿਹਤ ਵਿਭਾਗ ਬਾਹਰੀ ਰਾਜਾਂ ਤੋਂ ਆਉਣ ਵਾਲੇ ਲੋਕਾਂ ਨੂੰ ਮੈਰੀਟੋਰੀਅਸ ਸਕੂਲ ਵਿੱਚ ਰੱਖ ਰਿਹਾ ਹੈ। ਹਜ਼ੂਰ ਸਾਹਿਬ ਤੋਂ ਆਏ ਯਾਤਰੀਆਂ ਨੂੰ ਫਿਲੌਰ ਵਿੱਚ ਆਈਸੋਲੇਟ ਕੀਤਾ ਗਿਆ ਅਤੇ ਕੋਟਾ ਤੋਂ ਆਏ ਵਿਦਿਆਰਥੀਆਂ ਦਾ ਸੈਂਪਲ ਲੈਣ ਮਗਰੋਂ ਉਨ੍ਹਾਂ ਨੂੰ ਮੈਰੀਟੋਰੀਅਸ ਸਕੂਲ ਵਿਚਲੇ ਆਈਸੋਲੇਸ਼ਨ ਸੈਂਟਰ ਵਿੱਚ ਰੱਖਿਆ ਹੈ। ਸਿਵਲ ਸਰਜਨ ਡਾਕਟਰ ਗੁਰਿੰਦਰ ਕੌਰ ਚਾਵਲਾ ਨੇ ਕਿਹਾ ਕਿ ਹਜ਼ੂਰ ਸਾਹਿਬ ਅਤੇ ਬਾਹਰੀ ਰਾਜਾਂ ਤੋਂ ਆਏ ਲੋਕਾਂ ਦੇ ਸੈਂਪਲ ਪਹਿਲ ਦੇ ਆਧਾਰ 'ਤੇ ਲੈਬਾਰਟਰੀ ਵਿੱਚ ਚੈਕ ਕੀਤੇ ਜਾਣਗੇ। ਸਿਹਤ ਵਿਭਾਗ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਜੇ ਕੋਈ ਵਿਅਕਤੀ ਕਿਸੇ ਮਰੀਜ਼ ਦੇ ਸੰਪਰਕ ਵਿੱਚ ਆਇਆ ਹੈ ਤਾਂ ਖੁਦ ਸਰਕਾਰੀ ਹਸਪਤਾਲ ਜਾਂ ਸਿਹਤ ਵਿਭਾਗ ਦੀ ਹੈਲਪਲਾਈਨ ਨੰਬਰ 'ਤੇ ਜਾਣਕਾਰੀ ਦੇਵੇ, ਪਰ ਨਿਰਦੇਸ਼ਾਂ ਦੇ ਬਾਵਜੂਦ ਕਈ ਲੋਕ ਪਾਜ਼ੀਟਿਵ ਮਰੀਜ਼ਾਂ ਦੇ ਸੰਪਰਕ ਵਿੱਚ ਆਉਣ ਦੇ ਬਾਅਦ ਵੀ ਇਹ ਜਾਣਕਾਰੀ ਨਹੀਂ ਦੇ ਰਹੇ। ਇਸ ਕਾਰਨ ਸਿਹਤ ਵਿਭਾਗ ਵੱਲੋਂ ਪਾਜ਼ੀਟਿਵ ਮਰੀਜ਼ ਦੇ ਮੋਬਾਈਲ ਨੰਬਰ ਦੀ ਲੋਕੇਸ਼ਨ ਕਢਵਾ ਕੇ ਉਹ ਉਨ੍ਹਾਂ ਲੋਕਾਂ ਤੱਕ ਪਹੁੰਚ ਕਰ ਰਿਹਾ ਹੈ।

## ਕੈਪਟਨ ਅਮਰਿੰਦਰ ਨੂੰ ਵੀ ਨਿੱਜੀ ਥਰਮਲ ਪਲਾਂਟ ਚੁੱਭਣ ਲੱਗੇ

ਚੰਡੀਗੜ੍ਹ, 30 ਅਪ੍ਰੈਲ (ਪੋਸਟ ਬਿਊਰੋ)- ਲਾਕਡਾਊਨ ਕਾਰਨ ਪੰਜਾਬ ਦੀ ਵਿਗੜੀ ਵਿੱਤੀ ਹਾਲਤ 'ਚ ਰਾਜ ਸਰਕਾਰ ਨੂੰ ਨਿੱਜੀ ਥਰਮਲ ਪਲਾਂਟਾਂ ਨੂੰ ਹਰ ਮਹੀਨੇ ਕੀਤਾ ਜਾਂਦਾ ਭੁਗਤਾਨ ਚੁੱਭਣ ਲੱਗਾ ਹੈ। ਇਹ ਪਹਿਲਾ ਮੌਕਾ ਹੈ ਕਿ ਰਾਜ ਸਰਕਾਰ ਇਸ ਬਾਰੇ ਚਿੰਤਤ ਲੱਗ ਰਹੀ ਹੈ। ਬਿਨਾਂ ਬਿਜਲੀ ਖ਼ਰੀਦੇ ਹਰ ਮਹੀਨੇ ਹੁੰਦੇ 200 ਕਰੋੜ ਰੁਪਏ ਦੇ ਭੁਗਤਾਨ ਨੂੰ ਵੇਖ ਕੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਵੀ ਇਹ ਮੁੱਦਾ ਚੁੱਕਣਾ ਸ਼ੁਰੂ ਕਰ ਦਿੱਤਾ ਹੈ। ਅਜੇ ਤੱਕ ਵਿਰੋਧੀ ਧਿਰ ਅਤੇ ਕਾਂਗਰਸ ਪਾਰਟੀ ਦੇ ਆਗੂ ਹੀ ਇਸ ਮੁੱਦੇ ਨੂੰ ਉਠਾਉਂਦੇ ਰਹੇ ਸਨ।

ਵਿਧਾਨ ਸਭਾ ਦੇ ਬਜਟ ਸੈਸ਼ਨ ਵਿੱਚ ਨਿੱਜੀ ਥਰਮਲ ਪਲਾਂਟ ਨਾਲ ਸਮਝੌਤਿਆਂ ਦਾ ਮੁੱਦਾ ਗਰਮ ਸੀ। ਕਾਂਗਰਸ ਦੇ ਸੂਬਾ ਪ੍ਰਧਾਨ ਸੁਨੀਲ ਜਾਖੜ ਤੋਂ ਲੈ ਕੇ ਮੰਤਰੀ ਤੇ ਵਿਧਾਇਕ ਤੱਕ ਥਰਮਲ ਪਲਾਂਟਾਂ ਨਾਲ ਸਮਝੌਤੇ ਰੱਦ ਕਰਨ ਦੇ ਹੱਕ 'ਚ ਸਨ, ਪਰ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਸਮਝੌਤੇ ਬਾਰੇ ਵ੍ਹਾਈਟ ਪੇਪਰ ਲਿਆਉਣ 'ਤੇ ਅੜੇ ਰਹੇ। ਵਿਰੋਧੀ ਧਿਰ ਓਦੋਂ ਬਜਟ ਸੈਸ਼ਨ 'ਚ ਹੀ ਵ੍ਹਾਈਟ ਪੇਪਰ ਲਿਆਉਣ ਲਈ ਮੁੱਖ ਮੰਤਰੀ 'ਤੇ ਦਬਾਅ ਪਾਉਂਦੀ ਰਹੀ ਸੀ। ਬਜਟ ਸੈਸ਼ਨ ਦੇ ਕਰੀਬ ਦੋ ਮਹੀਨੇ ਬਾਅਦ ਮੁੱਖ ਮੰਤਰੀ ਨੂੰ ਵੀ ਨਿੱਜੀ ਥਰਮਲ ਪਲਾਂਟਾਂ ਨੂੰ ਹਰ ਮਹੀਨੇ ਕੀਤੇ ਜਾਣ ਵਾਲੇ 200 ਰੁਪਏ ਦਾ ਭੁਗਤਾਨ ਚੁੱਭਣ ਲੱਗਾ ਹੈ।

ਇਸ ਦੌਰਾਨ ਪੰਜਾਬ ਵਿੱਚ ਲਾਕਡਾਊਨ ਖੋਲ੍ਹਣ ਲਈ ਮੁੱਖ ਮੰਤਰੀ ਵੱਲੋਂ ਬਣਾਏ ਐਕਸਪਰਟ ਗਰੁੱਪ ਦੇ



ਚੇਅਰਮੈਨ ਕੇ ਆਰ ਲਖਨਪਾਲ ਨੇ ਵੀ ਇਸ ਨੂੰ ਆਪਣੀ ਰਿਪੋਰਟ 'ਚ ਉਠਾਇਆ ਹੈ। ਲਖਨਪਾਲ ਨੇ ਰਿਪੋਰਟ 'ਚ ਸਪੱਸ਼ਟ ਕਿਹਾ ਹੈ ਕਿ ਪੰਜਾਬ ਪਾਵਰਕਾਮ (ਪੀ ਐਸ ਪੀ ਸੀ ਐਲ) ਉੱਤੇ 30 ਹਜ਼ਾਰ ਕਰੋੜ ਰੁਪਏ ਦਾ ਕਰਜ਼ਾ ਹੈ। ਅਜਿਹੇ ਵਿੱਚ ਪੀ ਐਸ ਪੀ ਸੀ ਐਲ ਵੱਲ ਧਿਆਨ ਨਾ ਦਿੱਤਾ ਗਿਆ ਤਾਂ ਸਥਿਤੀ ਹੋਰ ਖ਼ਰਾਬ ਹੋ ਸਕਦੀ ਹੈ। ਲਾਕਡਾਊਨ ਕਾਰਨ ਬਿਜਲੀ ਦੀ ਮੰਗ 'ਚ ਕਮੀ ਤੇ ਬਿੱਲਾਂ ਦੇ ਭੁਗਤਾਨ ਨਾ ਹੋਣ ਕਾਰਨ ਪੀ ਐਸ ਪੀ ਸੀ ਐਲ ਦੀ ਪਰੇਸ਼ਾਨੀ ਵਧ ਰਹੀ ਹੈ। ਪੰਜਾਬ ਸਰਕਾਰ ਨੇ ਪਹਿਲਾਂ ਇਹ ਮੁੱਦਾ ਊਰਜਾ ਮੰਤਰਾਲੇ ਸਾਹਮਣੇ ਚੁੱਕਿਆ ਸੀ ਪਰ ਮੰਤਰਾਲੇ ਨੇ ਨਿੱਜੀ ਥਰਮਲ ਪਲਾਂਟਾਂ ਨੂੰ ਸਮਝੌਤੇ ਤਹਿਤ ਭੁਗਤਾਨ ਕਰਨ ਲਈ ਕਿਹਾ ਹੈ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕੇਂਦਰੀ ਊਰਜਾ ਰਾਜ ਮੰਤਰੀ ਰਾਜ ਕੁਮਾਰ ਸਿੰਘ ਨੂੰ ਪੱਤਰ ਲਿਖ ਕੇ ਕੋਰੋਨਾ ਵਾਇਰਸ ਕਾਰਨ ਪੈਦਾ ਹੋਏ ਅਣਕਿਆਸੇ ਹਾਲਾਤ ਦਾ ਹਵਾਲਾ ਦੇ ਕੇ ਰਾਹਤ ਦਾ ਮੁੱਦਾ ਚੁੱਕਿਆ ਹੈ। ਕਾਂਗਰਸ ਦੇ ਸੂਬਾ ਪ੍ਰਧਾਨ ਸੁਨੀਲ ਜਾਖੜ ਨੇ ਵੀ ਇਸ ਬਾਰੇ ਪ੍ਰਧਾਨ ਮੰਤਰੀ ਨੂੰ ਪੱਤਰ ਲਿਖਿਆ ਹੈ।

ਖਾਸ ਗੱਲ ਇਹ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਪਹਿਲੀ ਵਾਰ ਨਿੱਜੀ ਥਰਮਲ ਪਲਾਂਟਾਂ ਨੂੰ ਹਰ ਮਹੀਨੇ ਹੋਣ ਵਾਲੇ ਭੁਗਤਾਨ ਬਾਰੇ ਗੰਭੀਰ ਨਜ਼ਰ ਆਏ ਹਨ। ਅਨੁਮਾਨ ਹੈ ਕਿ ਨਿੱਜੀ ਥਰਮਲ ਪਲਾਂਟਾਂ ਨਾਲ ਹੋਏ ਸਮਝੌਤੇ ਕਾਰਨ ਪੰਜਾਬ ਸਰਕਾਰ ਨੂੰ 25 ਸਾਲਾਂ 'ਚ 65000 ਕਰੋੜ ਰੁਪਏ ਦਾ ਵਾਧੂ ਬੋਝ ਚੁੱਕਣਾ ਪਵੇਗਾ।



# ਫਸੇ ਪਰਵਾਸੀ ਮਜ਼ਦੂਰ, ਟੂਰਿਸਟ, ਵਿਦਿਆਰਥੀ ਆਪਣੇ ਰਾਜਾਂ ਨੂੰ ਭੇਜਣ ਦੀ ਆਗਿਆ ਮਿਲੀ



ਨਵੀਂ ਦਿੱਲੀ, 30 ਅਪ੍ਰੈਲ (ਪੋਸਟ ਬਿਊਰੋ)- ਭਾਰਤ ਦੇ ਕੇਂਦਰੀ ਗ੍ਰਹਿ ਮੰਤਰਾਲੇ ਨੇ ਦੇਸ਼ ਦੇ ਵੱਖ-ਵੱਖ ਇਲਾਕਿਆਂ ਵਿੱਚ ਫਸੇ ਹੋਏ ਪਰਵਾਸੀ ਮਜ਼ਦੂਰਾਂ, ਟੂਰਿਸਟਾਂ, ਵਿਦਿਆਰਥੀਆਂ ਆਦਿ ਨੂੰ ਆਵਾਜਾਈ ਦੀ ਖੁੱਲ੍ਹ ਦੇ ਦਿੱਤੀ ਹੈ।

ਗ੍ਰਹਿ ਮੰਤਰਾਲਾ ਵੱਲੋਂ ਜਾਰੀ ਹੁਕਮ ਵਿੱਚ ਕਿਹਾ ਗਿਆ ਹੈ ਕਿ ਸਾਰੇ ਸੂਬੇ ਤੇ ਕੇਂਦਰ ਸ਼ਾਸਿਤ ਪ੍ਰਦੇਸ਼ ਆਪਣੇ ਕੋਲ ਫਸੇ ਲੋਕਾਂ ਨੂੰ ਉਨ੍ਹਾਂ ਦੇ ਰਾਜਾਂ ਵਿੱਚ ਭੇਜਣ ਤੇ ਦੂਜੀਆਂ ਥਾਵਾਂ ਤੋਂ ਆਪੋ-ਆਪਣੇ ਨਾਗਰਿਕਾਂ ਨੂੰ ਲਿਆਉਣ ਲਈ ਸਟੈਂਡਰਡ ਪ੍ਰੋਟੋਕਾਲ ਤਿਆਰ ਕਰਨ। ਇਸ ਪਿੱਛੋਂ ਹਰ ਸੂਬਾ ਹੋਰਨਾਂ ਰਾਜਾਂ ਤੋਂ ਆਪਣੇ ਨਾਗਰਿਕ ਵਾਪਸ ਲਿਆ ਸਕੇਗਾ ਅਤੇ ਆਪਣੇ ਕੋਲ ਫਸੇ ਦੂਜੇ ਸੂਬਿਆਂ ਦੇ ਨਾਗਰਿਕਾਂ ਨੂੰ ਉਥੋਂ ਭੇਜ ਸਕੇਗਾ। ਇਸ ਸੰਬੰਧ ਵਿੱਚ ਗ੍ਰਹਿ ਮੰਤਰਾਲਾ ਨੇ ਹੁਕਮ ਕੀਤਾ ਹੈ ਕਿ ਸੂਬਾ ਤੇ ਕੇਂਦਰ ਸ਼ਾਸਿਤ ਪ੍ਰਦੇਸ਼ ਇਸ ਕੰਮ ਲਈ ਨੋਡਲ ਅਥਾਰਟੀਜ਼ ਤੈਅ ਕਰਨਗੇ ਤੇ ਫਿਰ ਇਹ ਅਥਾਰਟੀਜ਼ ਆਪਣੇ-ਆਪਣੇ ਕੋਲ ਫਸੇ ਲੋਕਾਂ ਦੀ ਰਜਿਸਟੇਰਸ਼ਨ ਕਰਨਗੀਆਂ। ਜਿਨ੍ਹਾਂ ਰਾਜਾਂ ਵਿੱਚ ਲੋਕਾਂ ਦੀ ਆਵਾਜਾਈ ਹੋਣੀ ਹੈ, ਉਥੇ ਦੀਆਂ ਅਥਾਰਟੀਜ਼ ਇੱਕ ਦੂਜੇ ਨਾਲ ਸੰਪਰਕ ਕਰ ਕੇ ਸੜਕ ਰਾਹੀਂ ਇਹ ਆਵਾਜਾਈ ਤੈਅ ਕਰਨਗੀਆਂ। ਜੋ ਲੋਕ ਜਾਣਾ ਚਾਹੁਣ, ਉਨ੍ਹਾਂ ਦੀ ਸਕ੍ਰੀਨਿੰਗ ਕੀਤੀ ਜਾਵੇਗੀ। ਜੇ ਉਨ੍ਹਾਂ ਵਿੱਚ ਕੋਰੋਨਾ ਦੇ ਕੋਈ ਲੱਛਣ ਨਹੀਂ ਦਿੱਸਦੇ ਤਾਂ ਜਾਣ ਦੀ ਆਗਿਆ ਦੇ ਦਿੱਤੀ ਜਾਵੇਗੀ। ਲੋਕਾਂ ਦੀ ਆਵਾਜਾਈ ਲਈ ਬੱਸਾਂ ਦੀ ਵਰਤੋਂ ਕੀਤੀ ਜਾ ਸਕੇਗੀ ਤੇ ਬੱਸਾਂ ਨੂੰ ਸੈਨੇਟਾਈਜ਼ ਕਰਨ ਤੋਂ ਬਾਅਦ ਸੋਸ਼ਲ ਡਿਸਟੈਂਸਿੰਗ ਦੇ ਨਿਯਮ ਮੁਤਾਬਕ ਲੋਕਾਂ ਨੂੰ ਬਿਠਾਇਆ ਜਾਵੇਗਾ। ਕੋਈ ਵੀ ਸੂਬਾ ਇਨ੍ਹਾਂ ਬਸਾਂ ਨੂੰ ਆਪਣੀ ਸਰਹੱਦ ਵਿੱਚ ਦਾਖਲ ਕਰਨ ਤੋਂ ਰੋਕੇਗਾ ਨਹੀਂ ਤੇ ਉਨ੍ਹਾਂ ਨੂੰ ਲੰਘਣ ਦੀ ਆਗਿਆ ਦੇਵੇਗਾ। ਟਿਕ-ਾਣੇ ਪਹੁੰਚਣ ਪਿੱਛੋਂ ਲੋਕਾਂ ਦੀ ਲੋਕਲ ਹੈਲਥ ਅਥਾਰਟੀਜ਼ ਵੱਲੋਂ ਜਾਂਚ ਕੀਤੀ ਜਾਵੇਗੀ। ਬਾਹਰ ਤੋਂ ਆਏ ਲੋਕਾਂ ਨੂੰ ਘੁੰਮਣ-ਫਿਰਨ ਦੀ ਆਗਿਆ ਨਹੀਂ ਹੋਵੇਗੀ ਤੇ ਉਨ੍ਹਾਂ ਨੂੰ ਹੋਮ ਕੁਆਰੰਟਾਈਨ ਰਹਿਣਾ ਹੋਵੇਗਾ। ਲੋੜ ਪੈਣ 'ਤੇ ਉਨ੍ਹਾਂ ਨੂੰ ਹਸਪਤਾਲਾਂ, ਸਿਹਤ ਕੇਂਦਰਾਂ ਵਿੱਚ ਵੀ ਦਾਖਲ ਕੀਤਾ ਜਾ ਸਕਦਾ ਹੈ। ਉਨ੍ਹਾਂ ਦੀ ਸਮੇਂ-ਸਮੇਂ 'ਤੇ ਜਾਂਚ ਹੁੰਦੀ ਰਹੇਗੀ।

## ਵ੍ਹਾਈਟ ਹਾਊਸ ਨੇ ਨਰਿੰਦਰ ਮੋਦੀ ਸਮੇਤ ਸਾਰੇ ਭਾਰਤੀ ਟਵਿੱਟਰ ਨੂੰ ਅਨਫਾਲੋ ਕੀਤਾ



ਨਵੀਂ ਦਿੱਲੀ, 30 ਅਪ੍ਰੈਲ (ਪੋਸਟ ਬਿਊਰੋ)- ਭਾਰਤ ਸਰਕਾਰ ਦੇ ਟਵਿੱਟਰ ਹੈਂਡਲ ਨੂੰ ਲੈ ਕੇ ਅਮਰੀਕਾ ਦਾ ਰੁਖ਼ ਅਚਾਨਕ ਬਦਲ ਗਿਆ ਹੈ। ਵ੍ਹਾਈਟ ਹਾਊਸ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਪ੍ਰਧਾਨ ਮੰਤਰੀ ਦਫਤਰ, ਰਾਸ਼ਟਰਪਤੀ ਭਵਨ ਸਣੇ ਭਾਰਤ ਨਾਲ ਸੰਬੰਧਤ ਸਾਰੇ ਟਵਿੱਟਰ ਹੈਂਡਲ ਨੂੰ ਅਚਾਨਕ ਅਨਫਾਲੋ ਕਰ ਦਿੱਤਾ ਹੈ।

ਵਰਨਣ ਯੋਗ ਹੈ ਕਿ ਭਾਰਤ ਵੱਲੋਂ ਹਾਈਡ੍ਰਾਕਸੀਕਲੋਰੋਕਵੀਨ ਭੇਜਣ ਦਾ ਫੈਸਲਾ ਕਰਨ ਦੇ ਬਾਅਦ 10 ਅਪ੍ਰੈਲ ਨੂੰ ਵ੍ਹਾਈਟ ਹਾਊਸ ਦੇ ਟਵਿੱਟਰ ਹੈਂਡਲ ਨੇ ਇਨ੍ਹਾਂ ਭਾਰਤੀ ਟਵਿੱਟਰ ਹੈਂਡਲ ਨੂੰ ਫਾਲੋ ਕੀਤਾ ਸੀ ਤੇ ਭਾਰਤ ਵਿੱਚ ਅਮਰੀਕਾ ਦੇ ਰਾਜਦੂਤ ਕੇਨ ਜਸਟਰ ਨੂੰ ਵੀ ਫਾਲੋ ਕੀਤਾ ਗਿਆ ਸੀ। ਓਦੋਂ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਸੀ ਕਿ ਭਾਰਤ ਦੀ ਮਦਦ ਨੂੰ ਉਹ ਕਦੇ ਨਹੀਂ ਭੁਲਾ ਸਕਣਗੇ। ਉਨ੍ਹਾਂ ਕਿਹਾ ਸੀ ਕਿ ਚੁਣੌਤੀ ਦੇ ਸਮੇਂ ਵਿੱਚ ਦੋਸਤਾਂ ਵਿੱਚ ਕਰੀਬੀ ਸਹਿਯੋਗ ਦੀ ਲੋੜ ਹੁੰਦੀ ਹੈ। ਅਮਰੀਕਾ ਦੁਨੀਆ ਦੇ ਕਿਸੇ ਹੋਰ ਦੇਸ਼ ਜਾਂ ਉਸ ਦੇ ਮੁਖੀ ਦੇ ਟਵਿੱਟਰ ਹੈਂਡਲ ਨੂੰ ਫਾਲੋ ਨਹੀਂ ਕਰਦਾ ਅਤੇ ਵ੍ਹਾਈਟ ਹਾਊਸ ਨੇ ਭਾਰਤ ਦੇ ਇਹ ਹੈਂਡਲਸ ਨਿਵੇਕਲੀ ਮਿਸਾਲ ਵਜੋਂ ਫਾਲੋ ਕੀਤੇ ਸਨ, ਪਰ ਬਾਅਦ ਵਿੱਚ ਅਚਾਨਕ ਰੁਖ਼ ਵਿੱਚ ਬਦਲ ਲਿਆ ਹੈ ਅਤੇ ਵ੍ਹਾਈਟ ਹਾਊਸ ਅੱਜਕੱਲ੍ਹ ਫਿਰ ਕਿਸੇ ਵੀ ਬਾਹਰਲੇਨੂੰ ਫਾਲੋ ਨਹੀਂ ਕਰ ਰਿਹਾ। ਇਹ ਬਦਲਾਅ ਕਿਉਂ ਆਇਆ, ਇਸ ਬਾਰੇ ਵਿੱਚ ਅਜੇ ਕੁਝ ਨਹੀਂ ਕਿਹਾ ਗਿਆ।

ਅਮਰੀਕੀ ਰਾਸ਼ਟਰਪਤੀ ਦਾ ਦਫਤਰ ਅੱਜਕੱਲ੍ਹ ਕੇਵਲ 13 ਟਵਿੱਟਰ ਹੈਂਡਲਸ ਨੂੰ ਫਾਲੋ ਕਰ ਰਿਹਾ ਹੈ। ਇਹ ਸਾਰੇ ਅਕਾਊਂਟ ਅਮਰੀਕੀ ਹਨ। 10 ਅਪ੍ਰੈਲ ਨੂੰ ਜਦ ਅਮਰੀਕਾ ਨੇ ਭਾਰਤ ਦੇ ਛੇ ਅਕਾਊਂਟਸ ਨੂੰ ਫਲੋ ਕਰਨਾ ਸ਼ੁਰੂ ਕੀਤਾ ਤਾਂ ਉਹ 19 ਅਕਾਊਂਟਸ ਨੂੰ ਫਾਲੋ ਕਰਨ ਲੱਗਾ ਸੀ। ਭਾਰਤ ਦੇ ਪ੍ਰਧਾਨ ਮੰਤਰੀ ਨਰਿੰ-ਦਰ ਮੋਦੀ ਵ੍ਹਾਈਟ ਹਾਊਸ ਵੱਲੋਂ ਫਾਲੋ ਕੀਤੇ ਜਾਣ ਵਾਲੇ ਦੁਨੀਆ ਦੇ ਇੱਕੋ-ਇੱਕ ਲੀਡਰ ਸਨ। ਅਮਰੀਕੀ ਰਾਸ਼ਟਰਪਤੀ ਦਫਤਰ ਦਾ ਤਾਜ਼ਾ ਕਦਮ ਹੈਰਾਨੀ ਵਾਲਾ ਮੰਨਿਆ ਜਾ ਰਿਹਾ ਹੈ, ਉਹ ਵੀ ਤਦ ਜਦ ਭਾਰਤ ਲਗਾਤਾਰ ਅਮਰੀਕਾ ਦੀ ਮਦਦ ਕਰ ਰਿਹਾ ਹੈ।

## ਯੂ ਪੀ ਦੇ ਮੰਦਰ ਵਿੱਚ ਦੋ ਸਾਧੂਆਂ ਦੀ ਹੱਤਿਆ, ਇੱਕ ਗ੍ਰਿਫ਼ਤਾਰ

ਲਖਨਊ, 30 ਅਪ੍ਰੈਲ (ਪੋਸਟ ਬਿਊਰੋ)- ਉੱਤਰ ਪ੍ਰਦੇਸ਼ ਦੇ ਬੁਲੰਦ ਸ਼ਹਿਰ ਜ਼ਿਲ੍ਹੇ ਦੇ ਅਨੂਪ ਸ਼ਹਿਰ ਥਾਣੇ ਦੇ ਪਗੋਨਾ ਪਿੰਡ ਦੇ ਸ਼ਿਵ ਮੰਦਰ ਵਿੱਚ ਕੱਲ੍ਹ ਦੋ ਸਾਧੂਆਂ ਜਗਦੀਸ਼ (55) ਅਤੇ ਸ਼ੇਰ ਸਿੰਘ (45) ਦੀ ਇੱਕ ਸਥਾਨਕ ਨੌਜਵਾਨ ਨੇ ਹੱਤਿਆ ਕਰ ਦਿੱਤੀ ਸੀ। ਪੁਲਸ ਨੇ ਹੱਤਿਆਰੇ ਨੂੰ ਗ੍ਰਿਫ਼ਤਾਰ ਕਰ ਲਿਆ।

ਪੁਲਸ ਦੇ ਮੁਤਾਬਿਕ ਦੋਸ਼ੀ ਮੁਰਾਰੀ ਉਰਫ਼ ਰਾਜੂ ਨਸ਼ੇੜੀ ਹੈ, ਜਿਸ ਦੀ ਦੋ ਦਿਨ ਪਹਿਲਾਂ ਮਾਰੇ ਗਏ ਸਾਧੂਆਂ ਨਾਲ ਉਨ੍ਹਾਂ ਦੇ ਚਿਮਟੇ ਚੋਰੀ ਹੋਣ ਦੇ ਕਾਰਨ ਬਹਿਸ ਹੋਈ ਸੀ ਅਤੇ ਉਸ ਨੇ 'ਭੰਗ' ਦੀ ਲੋਰ 'ਚ ਬੀਤੀ ਰਾਤ ਸੁੱਤੇ ਪਏ ਸਾਧੂਆਂ ਦੀ ਹੱਤਿਆ ਕਰ ਦਿੱਤੀ। ਦੋਸ਼ੀ ਦਾ ਕਹਿਣਾ ਹੈ ਕਿ ਉਸਨੇ ਇਹ ਸਭ 'ਰੱਬ ਦੀ ਮਰਜ਼ੀ' ਨਾਲ ਕੀਤਾ ਹੈ। ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਅਦਿੱਤਿਆਨਾਥ ਨੇ ਇਸ ਬਾਰੇ ਸਖ਼ਤ ਕਾਰਵਾਈ ਕਰਨ ਦੇ ਨਿਰਦੇਸ਼ ਦਿੱਤੇ ਹਨ। ਵਿਰੋਧੀ ਧਿਰ ਦੇ ਨੇਤਾਵਾਂ ਨੇ ਸੂਬੇ 'ਚ ਵਧਦੇ ਅਪਰਾਧਾਂ ਬਾਰੇ ਭਾਜਪਾ ਦੀ ਸਰਕਾਰ ਨੂੰ ਘੇਰਿਆ ਹੈ। ਮਹਾਰਾਸ਼ਟਰ ਦੇ ਮੁੱਖ ਮੰਤਰੀ ਊਧਵ ਠਾਕਰੇ ਨੇ ਵੀ

## ਭਾਰਤ ਵਰਗੇ ਦੇਸ਼ ਮੁੱਖ ਭੂਮਿਕਾ ਨਿਭਾਉਣ: ਡਬਲਿਊ ਐਚ ਓ




ਨਵੀਂ ਦਿੱਲੀ, 30 ਅਪ੍ਰੈਲ (ਪੋਸਟ ਬਿਊਰੋ)- ਵਿਸ਼ਵ ਸਿਹਤ ਸੰਗਠਨ (ਡਬਲਯੂ ਐਚ ਓ) ਨੇ ਕੱਲ੍ਹ ਕਿਹਾ ਕਿ ਦੁਨੀਆ ਵਿੱਚ ਦੱਖਣ-ਪੂਰਬ ਏਸ਼ੀਆ ਖੇਤਰ (ਐਸ ਈ ਏ ਆਰ) ਤੋਂ ਵੈਕਸੀਨ ਦਾ ਸਭ ਤੋਂ ਵੱਧ ਉਤਪਾਦਨ ਕਰਨ ਵਾਲੇ ਭਾਰਤ, ਇੰਡੋਨਸ਼ੀਆ ਤੇ ਥਾਈਲੈਂਡ ਵਰਗੇ ਦੇਸ਼ਾਂ ਨੂੰ ਕੋਵਿਡ ਮਹਾਮਾਰੀ ਨਾਲ ਨਜਿੱਠਣ ਵਿੱਚ ਮੋਹਰੀ ਭੂਮਿਕਾ ਨਿਭਾਉਣੀ ਚਾਹੀਦੀ ਹੈ। ਡਬਲਯੂ ਐਚ ਓ ਨੇ ਇਸ ਸੰਬੰਧ ਵਿੱਚ ਐਸ ਈ ਏ ਆਰ ਦੇ ਵੈਕਸੀਨ ਉਤਪਾਦਕਾਂ ਅਤੇ ਰਾਸ਼ਟਰੀ ਰੈਗੂਲੇਟਰੀ ਅਥਾਰਿਟੀਆਂ ਨੂੰ ਕੋਵਿਡ ਦਾ ਟੀਕਾ ਵਿਕਸਤ ਕਰਨ ਦੇ ਕੰਮ ਵਿੱਚ ਤੇਜ਼ੀ ਲਿਆਉਣ ਦੀ ਅਪੀਲ ਵੀ ਕੀਤੀ ਹੈ।

ਕੱਲ੍ਹ ਵੀਡੀਓ ਲਿੰਕ ਰਾਹੀਂ ਡਬਲਯੂ ਐਚ ਓ ਵੱਲੋਂ ਐਸ ਈ ਏ ਆਰ ਦੇ ਵੈਕਸੀਨ ਉਤਪਾਦਕਾਂ ਅਤੇ ਰਾਸ਼ਟਰੀ ਰੈਗੂਲੇਟਰੀ ਅਥਾਰਿਟੀਆਂ ਦੀ ਬੈਠਕ ਕਰਵਾਈ ਗਈ ਅਤੇ ਕੋਰੋਨਾ ਵਾਇਰਸ ਦੇ ਟੀਕੇ ਦੇ ਵਿਕਾਸ ਲਈ ਸਮਾਂ ਸੀਮਾ ਤੇ ਉਤਪਾਦਨ ਸਮਰੱਥਾ ਵਰਗੇ ਮੁੱਦਿਆ 'ਤੇ ਚਰਚਾ ਕੀਤੀ। ਡਬਲਯੂ ਐਚ ਓ ਨੇ ਇੱਕ ਬਿਆਨ ਵਿੱਚ ਕਿਹਾ ਕਿ ਇਸ ਬੈਠਕ ਵਿੱਚ ਭਾਰਤ, ਇੰਡੋਨੇਸ਼ੀਆ ਅਤੇ ਥਾਈਲੈਂਡ ਦੇ ਟੀਕਾ ਉਤਪਾਦਕਾਂ ਨੇ ਸਮਾਂ ਸੀਮਾ ਅਤੇ ਉਤਪਾਦਨ ਸਮਰੱਥਾ 'ਤੇ ਚਰਚਾ ਕੀਤੀ, ਜਦ ਕਿ ਰੈਗੂਲੇਟਰੀ ਸੰਸਥਾਵਾਂ ਨੇ ਸਮਾਂ ਬੱਧ ਯੋਜਨ ਦੀ ਚਰਚਾ ਕੀਤੀ, ਜਿਸ ਦੀ ਕੋਵਿਡ-19 ਦੇ ਟੀਕੇ ਨੂੰ ਛੇਤੀ ਤੋਂ ਛੇਤੀ ਉਪਲੱਬਧ ਕਰਾਉਣ ਦੇ ਕੰਮ ਵਿੱਚ ਲੋੜ ਹੋਵੇਗੀ। ਦੱਖਣ-ਪੂਰਬ ਏਸ਼ੀਆ ਦੀ ਡਬਲਯੂ ਐਚ ਓ ਦੀ ਰੀਜਨਲ ਡਾਇਰੈਕਟਰ ਪੂਨਮ ਖੇਤਰਪਾਲ ਸਿੰਘ ਨੇ ਕਿਹਾ ਕਿ ਇਹ ਖੇਤਰ ਟੀਕਾ ਉਤਪਾਦਨ ਦਾ ਕੇਂਦਰ ਹੈ ਅਤੇ ਇਸ ਮਹਾਮਾਰੀ ਨਾਲ ਨਜਿੱਠਣ ਵਿੱਚ ਮੋਹਰੀ ਭੂਮਿਕਾ ਨਿਭਾਉਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਕੋਵਿਡ-19 ਦੇ ਟੀਕੇ ਦੀ ਵੱਡੇ ਪੱਧਰ 'ਤੇ ਵਰਤੋਂ ਤੋਂ ਪਹਿਲਾਂ ਕਈ ਕੰਮ ਕਰਨੇ ਚਾਹੀਦੇ ਹਨ।


## ਆਕਾਸ਼ੀ ਟੁਕੜਾ ਬਿਨਾਂ ਨੁਕਸਾਨ ਕੀਤੇ ਧਰਤੀ ਨੇੜਿਓਂ ਲੰਘ ਗਿਆ

ਨਵੀਂ ਦਿੱਲੀ, 30 ਅਪ੍ਰੈਲ (ਪੋਸਟ ਬਿਊਰੋ)- ਕਿਸੇ ਪਹਾੜ ਜਿੱਡਾ ਐਸਟ੍ਰੋਇਡ 1998 ਓ ਆਰ 2 ਕੱਲ੍ਹ ਧਰਤੀ ਦੇ ਬਹੁਤ ਨੇੜਿਓਂ ਲੰਘ ਗਿਆ। ਇਹ ਘਟਨਾ ਕੱਲ੍ਹ ਭਾਰਤੀ ਸਮੇਂ ਅਨੁਸਾਰ ਦੁਪਹਿਰ ਤਿੰਨ ਵਜੇ ਕੇ 26 ਮਿੰਟ 'ਤੇ ਵਾਪਰੀ ਅਤੇ ਇਸ ਨਾਲ ਧਰਤੀ ਦੇ ਕਿਸੇ ਹਿੱਸੇ ਨੂੰ ਕੋਈ ਨੁਕਸਾਨ ਨਹੀਂ ਹੋਇਆ।

ਦੱਖਣੀ ਅਫ਼ਰੀਕਾ ਦੀ ਆਬਜ਼ਰਵਰਟਰੀ ਵੱਲੋਂ ਇਸ ਪੁਲਾੜੀ ਘਟਨਾ ਦੀ ਪੁਸ਼ਟੀ ਵੀ ਕੀਤੀ ਗਈ ਹੈ। ਇੱਕ ਮੀਲ ਚੌੜਾ ਇਹ ਆਕਾਸ਼ੀ ਟੁਕੜਾ 19 ਹਜ਼ਾਰ ਕਿਲੋਮੀਟਰ ਘੰਟਾ ਦੀ ਰਫ਼ਤਾਰ ਨਾਲ ਧਰਤੀ ਦੇ ਸਭ ਤੋਂ ਨੇੜਿਓਂ ਆ ਕੇ ਨਿਕਾਲ ਗਿਆ। ਇਸ ਬਾਰੇ ਲੋਕਾਂ 'ਚ ਦਹਿਸ਼ਤ ਪੈਦਾ ਹੋ ਗਈ ਸੀ ਕਿ ਕੀ ਧਰਤੀ ਨਾਲ ਟਕਰ-ਾਏਗਾ ਜਾਂ ਇਸ ਤੋਂ ਕੋਈ ਅਣਹੋਣੀ ਹੋਣ ਵਾਲੀ ਹੈ। ਸੋਸ਼ਲ ਮੀਡੀਆ ਉੱਤੇ ਵੀ ਇਸ ਬਾਰੇ ਬਹੁਤ ਗੱਲਾਂ ਹੋ ਰਹੀਆਂ ਸਨ। ਵਿਗਿਆਨੀਆਂ ਨੇ ਸਾਫ਼ ਕੀਤਾ ਸੀ ਕਿ ਅਜਿਹਾ ਕੁਝ ਨਹੀਂ ਹੋਵੇਗਾ। ਐਸਟ੍ਰੋਇਡ 1998 ਓ ਆਰ 2 ਧਰਤੀ ਤੋਂ 63 ਲੱਖ ਕਿਲੋਮੀਟਰ ਦੂਰੀ ਤੋਂ ਲੰਘ ਗਿਆ। ਇਹ ਚੰਦ ਅਤੇ ਧਰਤੀ ਦੇ ਵਿਚਾਲੇ ਦੀ ਦੂਰੀ ਦਾ ਕਰੀਬ 16 ਗੁਣਾ ਹੈ। ਜੇ ਇਹ 2 ਕਿਲੋਮੀਟਰ ਤੋਂ ਘੱਟ ਨੇੜੇ ਆਉਂਦਾ ਤਾਂ ਇਹ ਅੱਜ ਤੱਕ ਦਾ ਸਭ ਤੋਂ ਖ਼ਤਰਨਾਕ ਅਤੇ ਤਬਾਹੀ ਮਚਾਉਣ ਵਾਲਾ ਟੁਕਵਾ ਹੁੰਦਾ। ਇਹ 19 ਹਜ਼ਾਰ ਮੀਲ ਪ੍ਰਤੀ ਘੰਟਾ ਦਾ ਰਫ਼ਤਾਰ ਨਾਲ ਨਿਕਲ ਗਿਆ। ਪਿਊਰਟੋ ਰਿਕੋ ਦੀ ਅਰੇਸਿਬੋ ਆਬਜ਼ਰਵੇਟਰੀ ਨੇ ਇਸ ਦੀ ਤਸਵੀਰ ਲਈ ਹੈ।

## ਦਿੱਲੀ ਤੇ ਹਰਿਆਣਾ ਦੇ ਟਕਰਾਅ ਬਾਰੇ ਕੇਜਰੀਵਾਲ ਨੇ ਖੱਟਰ ਨਾਲ ਗੱਲ ਕੀਤੀ





ਚੰਡੀਗੜ੍ਹ, 30 ਅਪ੍ਰੈਲ (ਪੋਸਟ ਬਿਊਰੋ)- ਕੋਰੋਨਾ ਦੀ ਮਹਾਮਾਰੀ ਕਾਰਨ ਹਰਿਆਣਾ ਅਤੇ ਦਿੱਲੀ ਦੀਆਂ ਸਰਕਾਰਾਂ ਵਿਚਾਲੇ ਟਕਰਾਅ ਵਧ ਗਿਆ ਹੈ। ਇੱਕ-ਦੂਸਰੇ ਦੇ ਸੂਬੇ ਵਿੱਚ ਲੋਕਾਂ ਦੀ ਆਵਾਜਾਈ ਨਾਲ ਇਨਫੈਕਸ਼ਨ ਫੈਲਣ ਦੇ ਦੋਸ਼ਾਂ ਵਿਚਾਲੇ ਹਰਿਆਣਾ ਨੇ ਸਾਫ ਕੀਤਾ ਕਿ ਕੋਰੋਨਾ ਪੀੜਤਾਂ ਨੂੰ ਦਿੱਲੀ ਤੋਂ ਏਥੇ ਨਹੀਂ ਆਉਣ ਦਿੱਤਾ ਜਾਏਗਾ ਅਤੇ ਦਿੱਲੀ ਨਾਲ ਦੀਆਂ ਹਰਿਆਣਾ ਦੀਆਂ ਸਭ ਹੱਦਾਂ ਸੀਲ ਕਰ ਦਿੱਤੀਆਂ ਹਨ, ਪਰ ਦੁੱਧ, ਸਬਜ਼ੀਆਂ ਦੀ ਸਪਲਾਈ 'ਤੇ ਰੋਕ ਨਹੀਂ ਲਾਈ ਗਈ। ਇਸ ਪਿੱਛੋਂ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਮਨੋਹਰ ਲਾਲ ਨਾਲ ਫੋਨ 'ਤੇ ਗੱਲਬਾਤ ਕੀਤੀ ਹੈ।

ਇਸ ਤਰ੍ਹਾਂ ਦਾ ਟਕਰਾਅ ਵਧਦਾ ਦੇਖ ਕੇ ਕੱਲ੍ਹ ਹਰਿਆਣਾ ਸਰਕਾਰ ਨੇ ਨਵੇਂ ਹੁਕਮ ਜਾਰੀ ਕਰ ਦਿੱਤੇ ਹਨ। ਇਸ ਪਿੱਛੋਂ ਦੁਪਹਿਰ 12 ਵਜੇ ਦੇ ਬਾਅਦ ਦਿੱਲੀ ਵਿੱਚ ਕੰਮ ਕਰਦੇ ਡਾਕਟਰ, ਬੈਂਕ ਮੁਲਾਜ਼ਮ ਤੇ ਪੁਲਸ ਵਾਲੇ ਵੀ ਫਰੀਦਾਬਾਦ ਵਿੱਚ ਦਾਖਲ ਨਹੀਂ ਹੋ ਸਕਦੇ, ਸਿਰਫ ਕੇਂਦਰ ਸਰਕਾਰ ਦੇ ਜਾਰੀ ਪਾਸ ਨਾਲ ਐਂਟਰੀ ਮਿਲੇਗੀ। ਹਰਿਆਣਾ ਨੇ ਦਿੱਲੀ ਦੀ ਸਰਕਾਰ ਦੇ ਪਾਸ ਨੂੰ ਅਯੋਗ ਕਰਾਰ ਦਿੱਤਾ, ਪਰ ਸਾਫ ਕਿਹਾ ਹੈ ਕਿ ਜ਼ਰੂਰੀ ਸੇਵਾਵਾਂ 'ਤੇ ਰੋਕ ਨਹੀਂ ਲਾਈ ਗਈ। ਰਾਜ ਦੇ ਗ੍ਰਹਿ ਮੰਤਰੀ ਅਨਿਲ ਵਿਜ ਨੇ ਮੰਨਿਆ ਕਿ ਮੁੱਖ ਮੰਤਰੀ ਮਨੋਹਰ ਲਾਲ ਨੂੰ ਅਰਵਿੰਦ ਕੇਜਰੀਵਾਲ ਦਾ ਫੋਨ ਆਇਆ ਸੀ। ਸੋਨੀਪਤ ਅਤੇ ਝੱਜਰ ਦੇ ਬਾਅਦ ਫਰੀਦਾਬਾਦ-ਦਿੱਲੀ ਬਾਰਡਰ ਪੂਰੀ ਤਰ੍ਹਾਂ ਸੀਲ ਕੀਤਾ ਜਾ ਚੁੱਕਾ ਸੀ। ਕੇਜਰੀਵਾਲ ਦੇ ਕਹਿਣ ਦੇ ਬਾਅਦ ਵੀ ਹਰਿਆਣਾ ਬਾਰਡਰ 'ਤੇ ਕੋਈ ਢਿੱਲ ਦੇਣ ਦੀ ਸਹਿਮਤੀ ਨਹੀਂ ਬਣੀ। ਮੁੱਖ ਮੰਤਰੀ ਮਨੋਹਰ ਲਾਲ ਖੱਟੜ ਨੇ ਸਾਫ ਕਹਿ ਦਿੱਤਾ ਕਿ ਛੇ ਦਿਨ ਦੇ ਅੰਦਰ ਦਿੱਲੀ ਤੋਂ ਕੋਰੋਨਾ ਦੇ 28 ਕੇਸ ਹਰਿਆਣਾ ਵਿੱਚ ਆ ਚੁੱਕੇ ਹਨ।

## ਨਵਾਂ ਖਤਰਾ ਹਰ ਸਾਲ ਵਾਪਸ ਆ ਸਕਦਾ ਹੈ ਕੋਰੋਨਾ ਵਾਇਰਸ

ਨਵੀਂ ਦਿੱਲੀ, 30 ਅਪ੍ਰੈਲ (ਪੋਸਟ ਬਿਊਰੋ)- ਦੁਨੀਆ ਵਿੱਚ ਫੈਲੇ ਕੋਰੋਨਾ ਵਾਇਰਸ ਬਾਰੇ ਇੱਕ ਲੂੰ ਕੰਡੇ ਕਰ ਦੇਣ ਵਾਲੀ ਜਾਣਕਾਰੀ ਪਤਾ ਲੱਗੀ ਹੈ। ਮਾਹਰਾਂ ਦਾ ਕਹਿਣਾ ਹੈ ਕਿ ਕੋਰੋਨਾ ਵਾਇਰਸ ਹਰ ਸਾਲ ਵਾਪਸ ਆ ਸਕਦਾ ਹੈ।

ਚੀਨ ਦੇ ਪ੍ਰਮੁੱਖ ਵਿਗਿਆਨੀਆਂ ਨੇ ਕਿਹਾ ਕਿ ਕੋਰੋਨਾ ਵਾਇਰਸ ਬਿਮਾਰੀ ਫੈਲਾਉਣ ਵਾਲਾ ਸਾਰਸ ਕੋਵ-2 ਹੋਰ ਫਲੂ ਵਾਂਗ ਹੀ ਹੈ ਅਤੇ ਇਹ ਰੁਕੇਗਾ ਨਹੀਂ। ਵਰਲਡ ਹੈਲਥ ਆਰਗੇਨਾਈਜ਼ੇਸ਼ਨ (ਡਬਲਯੂ ਐਚ ਓ) ਦਾ ਦਾਅਵਾ ਹੈ ਕਿ ਹਰ ਸਾਲ ਦੁਨੀਆ ਵਿੱਚ ਫਲੂ ਤਿੰਨ ਲੱਖ ਤੋਂ ਲੈ ਕੇ ਸਾਢੇ ਛੇ ਲੱਖ ਲੋਕਾਂ ਦੀ ਜਾਨ ਲੈਂਦਾ ਹੈ। ਚੀਨ ਦੇ ਚੋਟੀ ਦੀ ਮੈਡੀਕਲ ਖੋਜ ਸੰਸਥਾ ਚਾਈਨੀਜ਼ ਅਕੈਡਮੀ 'ਚ ਪੈਥੋਜਨ ਬਾਇਓਲਾਜੀ ਸੰਸਥਾ ਦੇ ਡਾਇਰੈਕਟਰ ਜਿਨ ਕਯੂਈ ਨੇ ਕਿਹਾ ਕਿ ਇਹ ਅਜਿਹੀ ਮਹਾਮਾਰੀ ਹੋ ਸਕਦੀ ਹੈ, ਜੋ ਇਨਸਾਨਾਂ ਦੇ ਸਰੀਰ ਵਿੱਚ ਲੰਮੇ ਸਮੇਂ ਤੱਕ ਰਹੇਗੀ। ਇਹ ਸੀਜ਼ਨਲ ਹੋ ਸਕਦੀ ਹੈ, ਜੋ ਸਰੀਰ ਦੇ ਅੰਦਰ ਹੀ ਰਹਿੰਦੀ ਹੈ। ਅਮਰੀਕਾ ਦੇ ਨੈਸ਼ਨਲ ਇੰਸਟੀਚਿਊਟ ਆਫ ਐਲਰਜੀ ਐਂਡ ਇੰਫੈਕਸ਼ੀਅਸ ਡਿਜੀਜ ਦੇ ਡਾਇਰੈਕਟਰ ਐਂਥੋਨੀ ਫੌਸੀ ਸਮੇਤ ਕਈ ਵਿਗਿਆਨੀਆਂ ਨੇ ਕਿਹਾ ਹੈ ਕਿ ਨਵਾਂ ਕੋਰੋਨਾ ਵਾਇਰਸ ਸਰਦੀਆਂ ਦੇ ਮੌਸਮ ਵਿੱਚ ਸਭ ਤੋਂ ਹਾਨੀਕਾਰਕ ਹੋਵੇਗਾ। ਭਾਰਤ 'ਚ ਵੀ ਪਬਲਿਕ ਹੈਲਥ ਦੇ ਮਾਹਰ ਮੰਨਦੇ ਹਨ ਕਿ ਸਾਰਸ-ਕੋਵ-2 ਇਥੇ ਲੰਮਾਂ ਸਮਾਂ ਰਹਿਣ ਵਾਲਾ ਹੈ। ਇੰਡੀਅਨ ਇੰਸਟੀਚਿਊਟ ਆਫ ਪਬਲਿਕ ਹੈਲਥ (ਗਾਂਧੀਨਗਰ) ਦੇ ਡਾਇਰੈਕਟਰ ਡਾਕਟਰ ਦਿਲੀਪ ਮਾਵਲੰਕਰ ਨੇ ਕਿਹਾ ਕਿ ਵਾਇਰਸ ਦਾ ਸਾਡੇ ਆਲੇ-ਦੁਆਲੇ ਰਹਿਣਾ ਪੱਕਾ ਹੈ ਕਿਉਂਕਿ ਇਸ ਦਾ ਟ੍ਰਾਂਸਮਿਸ਼ਨ ਦਰ ਕਾਫੀ ਵੱਧ ਹੈ ਅਤੇ ਕੁਝ ਲੋਕਾਂ ਵਿੱਚ ਜੇ ਥੋੜ੍ਹੀ ਬਹੁਤ ਵੀ ਬਿਮਾਰੀ ਹੋਵੇਗੀ ਤਾਂ ਉਹ ਜ਼ਿਆਦਾ ਲੋਕਾਂ ਨੂੰ ਇਨਫੈਕਟਿਡ ਕਰੇਗਾ। ਇਨਫੈਕਸ਼ਨ ਨਾਲ ਫੈਲਣ ਵਾਲੇ ਰੋਕਾਂ ਨੂੰ ਰੋਕਣਾ ਕਾਫੀ ਮੁਸ਼ਕਲ ਹੁੰਦਾ ਹੈ ਕਿਉਂਕਿ ਸਾਰਿਆਂ ਨੂੰ ਸੁਰ-ਕਿਆ ਦਾ ਇਸਤੇਮਾਲ ਕਰਨਾ ਪੈਂਦਾ ਹੈ, ਜੋ ਕਿ ਲੰਮੇ ਸਮੇਂ ਤੱਕ ਇੰਨੀ ਆਬਾਦੀ ਲਈ ਬਣਾਏ ਰੱਖਣਾ ਆਸਾਨ ਨਹੀਂ ਹੁੰਦਾ।

## ਕੇਂਦਰ ਦੀ ਨਵੀਂ ਤਜਵੀਜ਼, ਦਾਗੀ ਅਫਸਰਾਂ ਨੂੰ ਕੋਈ ਵੀ ਮੌਕਾ ਨਹੀਂ ਮਿਲੇਗਾ

ਨਵੀਂ ਦਿੱਲੀ, 30 ਅਪ੍ਰੈਲ (ਪੋਸਟ ਬਿਊਰੋ)- ਭਾਰਤ ਦੀ ਨਰਿੰਦਰ ਮੋਦੀ ਸਰਕਾਰ ਦਾਗੀ ਅਫਸਰਾਂ ਨੂੰ ਕੋਈ ਮੌਕਾ ਦੇਣ ਦੇ ਮੂਡ ਵਿੱਚ ਨਹੀਂ ਹੈ। ਇਸ ਲਈ ਸਰਕਾਰ ਨੇ ਨਿਯਮਾਂ ਵਿੱਚ ਬਦਲਾਅ ਦੀ ਤਜਵੀਜ਼ ਰੱਖੀ ਹੈ, ਜਿਸ ਨਾਲ ਅਦਾਲਤਾਂ ਤੋਂ ਭ੍ਰਿਸ਼ਟਾਚਾਰ ਅਤੇ ਅਪਰਾਧਕ ਕੇਸਾਂ ਵਿੱਚ ਦੋਸ਼ੀ ਠਹਿਰਾਏ ਗਏ ਆਈ ਏ ਐੱਸ, ਆਈ ਪੀ ਐੱਸ ਅਤੇ ਆਈ ਐੱਫ ਐੱਸ ਅਫਸਰਾਂ ਦੀ ਸਸਪੈਂਸ਼ਨ ਦੇ ਹੁਕਮ ਦੀ ਕੋਈ ਸਮੀਖਿਆ ਨਹੀਂ ਹੋਵੇਗੀ।

ਪਰਸੋਨਲ ਐਂਡ ਟਰੇਨਿੰਗ ਵਿਭਾਗ (ਡੀ ਓ ਪੀ ਟੀ) ਨੇ ਇਸ ਬਾਰੇ ਆਲ ਇੰਡੀਆ ਸਰਵਿਸਿਜ਼ (ਡਿਸਿਪਲਿਨ ਅਤੇ ਅਪੀਲ) ਨਿਯਮ 1969 ਵਿੱਚ ਸੋਧ ਕਰਨ ਦਾ ਫੈਸਲਾ ਕੀਤਾ ਹੈ। ਇਹ ਇੰਡੀਅਨ ਐਡਮਨਿਸਟਰੇਟਿਵ ਸਰਵਿਸ (ਆਈ ਏ ਐੱਸ), ਇੰਡੀਅਨ ਪੁਲਸ ਸਰਵਿਸ (ਆਈ ਪੀ ਐੱਸ) ਅਤੇ ਇੰਡੀਅਨ ਫਾਰੈਸਟ ਸਰਵਿਸ (ਆਈ ਐੱਫ ਐੱਸ) ਦੇ ਅਧਿਕਾਰੀਆਂ 'ਤੇ ਲਾਗੂ ਹੋਵੇਗਾ। ਇੱਕ ਉੱਚ ਅਧਿਕਾਰੀ ਨੇ ਦੱਸਿਆ ਕਿ ਪਰਸੋਨਲ ਮੰਤਰਾਲੇ ਨੇ ਸਰਵਿਸ ਰੂਲਜ਼ ਵਿੱਚ ਵੱਡਾ ਬਦਲਾਅ ਕਰਨ ਦਾ ਫੈਸਲਾ ਕੀਤਾ ਹੈ ਤਾਂ ਕਿ ਆਲ ਇੰਡੀਆ ਸਰਵਿਸ ਦੇ ਭ੍ਰਿਸ਼ਟ ਅਧਿਕਾਰੀਆਂ ਨੂੰ ਸਰਕਾਰ ਵਿੱਚ ਵਾਪਸ ਆਉਣ ਦੀ ਖੁੱਲ੍ਹ ਨਾ ਮਿਲੇ। ਇਸ ਤਜਵੀਜ਼ ਦੇ ਮੁਤਾਬਕ ਅਜਿਹੇ ਅਧਿਕਾਰੀਆਂ ਜੇ ਅਦਾਲਤ ਨੇ ਦੋਸ਼ੀ ਠਹਿਰਾਇਆ ਹੈ ਤਾਂ ਉਨ੍ਹਾਂ ਨੂੰ ਦੇ ਕੇਸਾਂ ਦੀ ਸਮੀਖਿਆ ਕਿਸੇ ਕਮੇਟੀ ਵੱਲੋਂ ਨਹੀਂ ਕੀਤੀ ਜਾਏਗੀ। ਇਸ ਦਾ ਅਰਥ ਹੈ ਕਿ ਅਜਿਹੇ ਅਧਿਕਾਰੀ ਤਦ ਤੱਕ ਅਣਮਿੱਥੇ ਸਮੇਂ ਲਈ ਸਸਪੈਂਡ ਰਹਿਣਗੇ, ਜਦ ਤੱਕ ਕਿ ਵੱਡੀ ਅਦਾਲਤ ਦਾ ਹੁਕਮ ਉਨ੍ਹਾਂ ਦੇ ਹੱਕ ਵਿੱਚ ਨਹੀਂ ਆ ਜਾਂਦਾ। ਇਸ ਬਾਰੇ ਡੀ ਓ ਪੀ ਟੀ ਨੇ ਕੇਂਦਰੀ ਗ੍ਰਹਿ ਮੰਤਰਾਲੇ ਤੇ ਵਾਤਾਵਰਣ, ਜੰਗਲਾਤ ਅਤੇ ਜਲਵਾਯੂ ਮੰਤਰਾਲੇ ਨੂੰ ਪੱਤਰ ਲਿਖਿਆ ਹੈ। ਇਸ ਦੇ ਨਾਲ ਸਾਰੇ ਸੂਬਿਆਂ ਅਤੇ ਕੇਂਦਰ ਸ਼ਾਸਿਤ ਸੂਬਿਆਂ ਦੇ ਚੀਫ ਸੈਕਟਰੀਆਂ ਨੂੰ ਵੀ ਪੱਤਰ ਲਿਖ ਕੇ ਇਸ ਬਾਰੇ 15 ਮਈ ਤੱਕ ਟਿੱਪਣੀਆਂ ਮੰਗੀਆਂ ਹਨ। ਜੇ ਓਦੋਂ ਤੱਕ ਕਿਸੇ ਸੂਬੇ ਦਾ ਜਵਾਬ ਨਾ ਮਿ-ਲਿਆ ਤਾਂ ਮੰਨ ਲਿਆ ਜਾਏਗਾ ਕਿ ਉਨ੍ਹਾਂ ਨੂੰ ਇਸ ਸੋਧ 'ਤੇ ਕੋਈ ਇਤਰਾਜ਼ ਨਹੀਂ ਹੈ।

## ਚੀਨ ਦੀਆਂ ਕੋਰੋਨਾ ਟੈਸਟ ਕਿੱਟਾਂ ਵਿੱਚ 61 ਫ਼ੀਸਦੀ ਦਲਾਲੀ ਖਾਧੀ ਗਈ



ਨਵੀਂ ਦਿੱਲੀ, 30 ਅਪ੍ਰੈਲ (ਪੋਸਟ ਬਿਊਰੋ)- ਦਿੱਲੀ ਹਾਈ ਕੋਰਟ ਅੱਗੇ ਪੇਸ਼ ਕੀਤੇ ਦਸਤਾਵੇਜ਼ਾਂ 'ਚ ਪਤਾ ਲੱਗਾ ਹੈ ਕਿ ਚੀਨ ਤੋਂ ਖ਼ਰੀਦੀਆਂ ਰੈਪਿਡ ਕੋਰੋਨਾ ਟੈਸਟ ਕਿੱਟਾਂ 'ਚ ਵਿਚੋਲੇ ਨੇ 61 ਫ਼ੀਸਦੀ ਮੁਨਾਫ਼ਾ ਕਮਾਇਆ ਹੈ।

ਮਿਲੇ ਦਸਤਾਵੇਜ਼ਾਂ ਮੁਤਾਬਕ ਇੰਡੀਅਨ ਕੌਂਸਲ ਫਾਰ ਮੈਡੀਕਲ ਰਿਸਰਚ (ਆਈ ਸੀ ਐਮ ਆਰ) ਵੱਲੋਂ 30 ਕਰੋੜ ਰੁਪਏ ਦੇ ਆਰਡਰ ਵਿੱਚੋਂ 18.7 ਕਰੋੜ ਰੁਪਏ ਦਲਾਲ ਦਾ ਹਿੱਸਾ ਸਨ। ਮੁਨਾਫ਼ੇ ਦਾ ਸ਼ੇਅਰ ਚੀਨ ਤੋਂ ਕਿੱਟ ਇੰਪੋਰਟ ਕਰਨ ਵਾਲੀ ਮੈਟ੍ਰਿਕਸ ਲੈਬ ਅਤੇ ਭਾਰਤ ਵਿੱਚ ਇਸ ਦੀ ਡਿਸਟ੍ਰੀਬਿਊਟਰ ਰੇਅਰ ਮੈਟਾਬੋਲਿਕਸ ਵਿਚਾਲੇ ਵੰਡਿਆ ਗਿਆ। ਇਸ ਪਟੀਸ਼ਨ 'ਤੇ ਸੁਣਵਾਈ ਦੌਰਾਨ 26 ਅਪ੍ਰੈਲ ਨੂੰ ਦਿੱਲੀ ਹਾਈ ਕੋਰਟ ਨੇ ਕਿਹਾ ਕਿ ਟੈਸਟ ਕਿੱਟ 400 ਰੁਪਏ ਤੋਂ ਵੱਧ ਮੁੱਲ 'ਤੇ ਨਹੀਂ ਵੇਚੀ ਜਾਣੀ ਚਾਹੀਦੀ। ਰੇਅਰ ਮੈਟਾਬੋਲਿਕਸ ਲਾਈਫ ਸਾਇੰਸਿਜ਼ ਪ੍ਰਾਈਵੇਟ ਲਿਮਟਡ ਤੇ ਆਰਕ ਫਾਰਮਾਸਿਟੀਕਲਸ ਦੀ ਪਟੀਸ਼ਨ 'ਤੇ ਸੁਣਵਾਈ ਵੇਲੇ ਹਾਈ ਕੋਰਟ ਨੇ ਇਹ ਹੁਕਮ ਦਿੱਤਾ ਸੀ। ਪਟੀਸ਼ਨ ਕਰਤਾ ਨੇ ਮੈਟ੍ਰਿਕਸ ਨਾਲ 7.24 ਲੱਖ ਕੋਰੋਨਾ ਟੈਸਟ ਕਿੱਟ ਜਾਰੀ ਕਰਨ ਦੀ ਮੰਗ ਕੀਤੀ। ਅਦਾਲਤ ਨੂੰ ਦੱਸਿਆ ਗਿਆ ਕਿ 7.24 ਲੱਖ ਕਿੱਟਾਂ 'ਚੋਂ ਪੰਜ ਲੱਖ ਕਿੱਟਾਂ ਆਰਕ ਵੱਲੋਂ ਆਈ ਸੀ ਐਮ ਆਰ ਨੂੰ 2.76 ਲੱਖ ਪਹਿਲਾਂ ਡਿਲੀਵਰ ਕੀਤੀਆਂ ਗਈਆਂ ਹਨ ਤੇ ਅੱਗੋਂ ਮੈਟ੍ਰਿਕਸ ਨੇ ਕਿਹਾ ਹੈ ਕਿ ਬਾਕੀ 2.24 ਲੱਖ ਕਿੱਟਾਂ ਭਾਰਤ ਨੂੰ ਉਦੋਂ ਤੱਕ ਨਹੀਂ ਦੇਵੇਗੀ, ਜਦੋਂ ਤੱਕ ਉਸ ਨੂੰ ਪੂਰਾ ਭੁਗਤਾਨ ਨਹੀਂ ਕੀਤਾ ਜਾਂਦਾ।

# ਵੱਡੇ ਪੂੰਜੀਪਤੀਆਂ ਦਾ 68000 ਕਰੋੜ ਤੋਂ ਵੱਧ ਦਾ ਕਰਜ਼ਾ ਵੱਟੇ ਖਾਤੇ ਵਿੱਚ ਪਾ ਦਿੱਤਾ ਗਿਆ

### * ਕੋਰੋਨਾ ਮਹਾਮਾਰੀ ਵਿੱਚ ਜਨ ਧਨ ਗਬਨ ਯੋਜਨਾ: ਕਾਂਗਰਸ



ਨਵੀਂ ਦਿੱਲੀ, 30 ਅਪ੍ਰੈਲ (ਪੋਸਟ ਬਿਊਰੋ)- ਭਾਰਤ ਦੇ ਕਈ ਵੱਡੇ ਸੇਠਾਂ ਦਾ 68000 ਕਰੋੜ ਤੋਂ ਵੱਧ ਦਾ ਕਰਜ਼ਾ ਵੱਟੇ ਖਾਤੇ ਪਾਏ ਜਾਣ ਦੀ ਜੁੜੀ ਖਬਰ ਬਾਰੇ ਕਾਂਗਰਸ ਪਾਰਟੀ ਨੇ ਦੋਸ਼ ਲਾਇਆ ਹੈ ਕਿ ਕੋਰੋਨਾ ਦੀ ਮਹਾਮਾਰੀ ਦੇ ਦੌਰਾਨ ਨਰਿੰਦਰ ਮੋਦੀ ਸਰਾਕਰ ਦੀ 'ਜਨ ਧਨ ਗਬਨ ਯੋਜਨਾ'' ਦਾ ਪਰਦਾ ਫਾਸ਼ ਹੋਇਆ ਹੈ।

ਇਸ ਸੰਬੰਧ ਵਿੱਚ ਕਾਂਗਰਸ ਪਾਰਟੀ ਦੇ ਮੁੱਖ ਬੁਲਾਰੇ ਰਣਦੀਪ ਸੂਰਜੇਵਾਲਾ ਨੇ ਵੀਡੀਓ ਰਾਹੀਂ ਪੱਤਰਕਾਰਾਂ ਨਾਲ ਗੱਲਬਾਤ ਵਿੱਚ ਦੋਸ਼ ਲਾਇਆ ਕਿ ਬੈਂਕ ਲੁਟੇਰਿਆਂ ਵੱਲੋਂ 'ਪੈਸਾ ਲੁੱਟੋ, ਵਿਦੇਸ਼ ਜਾਓ-ਲੋਨ ਮੁਆਫ ਕਰਾਓ' ਟਰੈਵਲ ਏਜੰਸੀ ਦਾ ਭੇਦ ਖੁੱਲ੍ਹ ਹੋ ਗਿਆ ਹੈ। ਉਨ੍ਹਾਂ ਕਿਹਾ ਕਿ ਭਾਜਪਾ ਸਰਕਾਰ ਦਾ ਮੂਲ ਮੰਤਰ 'ਭਗੌੜਿਆਂ ਦਾ ਸਾਥ, ਭਗੌੜਿਆਂ ਦਾ ਲੋਨ ਮੁਆਫ' ਬਣ ਗਿਆ ਹੈ। ਸੂਰਜੇਵਾਲਾ ਨੇ ਕਿਹਾ ਕਿ ਬੀਤੀ 16 ਮਾਰਚ ਨੂੰ ਪਾਰਲੀਮੈਂਟ ਵਿੱਚ ਰਾਹੁਲ ਗਾਂਧੀ ਨੇ ਦੇਸ਼ ਦੇ ਸਭ ਤੋਂ ਵੱਡੇ ਪੰਜਾਹ ਬੈਂਕ ਘੋਟਾਲੇਬਾਜ਼ਾਂ ਦੇ ਨਾਂਅ ਮੋਦੀ ਸਰਕਾਰ ਤੋਂ ਪੁੱਛੇ ਸਨ ਤਾਂ ਵਿੱਤ ਮੰਤਰੀ ਅਤੇ ਸਰਕਾਰ ਨੇ ਚੁੱਪ ਵੱਟ ਕੇ ਇਹ ਨਾਂ ਦੱਸਣ ਤੋਂ ਪਾਸਾ ਵੱਟ ਲਿਆ ਸੀ। ਪਿਛਲੀ 24 ਅਪ੍ਰੈਲ ਨੂੰ ਆਰ ਟੀ ਆਈ ਅਰਜ਼ੀ ਦੇ ਜਵਾਬ ਵਿੱਚ ਰਿਜ਼ਰਵ ਬੈਂਕ ਨੇ ਪੰਜਾਹ ਸਭ ਤੋਂ ਵੱਡੇ ਘੋਟਾਲੇਬਾਜ਼ਾਂ ਦਾ 68607 ਕਰੋੜ ਰੁਪਿਆ ਮੁਆਫ ਕਰਨ ਦੀ ਗੱਲ ਮੰਨ ਲਈ ਹੈ। ਇਨ੍ਹਾਂ ਵਿੱਚ ਭਗੌੜਾ ਮੇਹੁਲ ਚੋਕਸੀ ਸ਼ਾਮਲ ਸੀ। ਉਨ੍ਹਾਂ ਦੱਸਿਆ ਕਿਹਾ ਕਿ ਛੋਟੇ ਉਦਯੋਗ, ਦੁਕਾਨਦਾਰੀ ਅਤੇ ਕਾਰੋਬਾਰ ਠੱਪ ਹੋ ਗਏ ਹਨ, ਪਰ ਸ਼ਰਮ ਦੀ ਗੱਲ ਹੈ ਕਿ ਮੋਦੀ ਸਰਕਾਰ ਅਜਿਹੇ ਲੋਕਾਂ ਨੂੰ 68607 ਕਰੋੜ ਰੁਪਏ ਦੀ ਮੁਆਫੀ ਦੇ ਰਹੀ ਹੈ। ਇਸ ਤਰ੍ਹਾਂ ਮੋਦੀ ਸਰਕਾਰ ਦੀ 'ਜਨ ਧਨ ਗਬਨ' ਯੋਜਨਾ ਦਾ ਪਰਦਾ ਫਾਸ਼ ਹੋਇਆ ਹੈ।

ਸੂਰਜੇਵਾਲਾ ਨੇ ਦਾਅਵਾ ਕੀਤਾ ਕਿ ਮੋਦੀ ਸਰਕਾਰ ਨੇ 2014-15 ਤੋਂ 2019-20 ਦੌਰਾਨ ਬੈਂਕ ਘੋਟਾਲੇਬਾਜ਼ਾਂ ਦਾ 6,66,00 ਕਰੋੜ ਰੁਪਿਆ ਮੁਆਫ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਇਸ ਵਿੱਚ 2014-15 ਤੋਂ ਸਤੰਬਰ 2019 ਤੱਕ 100 ਕਰੋੜ ਰੁਪਏ ਤੋਂ ਵੱਧ ਕਰਜ਼ਾ ਲੈਣ ਵਾਲੇ ਬੈਂਕ ਘੋਟਾਲੇਬਾਜ਼ਾਂ ਦਾ 5,10,014 ਕਰੋੜ ਰੁਪਏ ਦਾ ਕਰਜ਼ਾ ਵੱਟੇ ਖਾਤੇ ਪਾ ਦਿੱਤਾ ਗਿਆ। ਸੂਰਜੇਵਾਲਾ ਨੇ ਕਿਹਾ ਕਿ ਇਸ ਬਾਰੇ ਪ੍ਰਧਾਨ ਮੰਤਰੀ ਮੋਦੀ ਚੁੱਪ ਨਹੀਂ ਰਹਿ ਸਕਦੇ, ਉਨ੍ਹਾਂ ਨੂੰ ਦੇਸ਼ ਨੂੰ ਜਵਾਬ ਦੇਣਾ ਚਾਹੀਦਾ ਹੈ। ਇਸ ਦੌਰਾਨ ਰਾਹੁਲ ਗਾਂਧੀ ਨੇ ਟਵੀਟ ਕਰ ਕੇ ਕਿਹਾ, ਪਾਰਲੀਮੈਂਟ ਵਿੱਚ ਮੈਂ ਇੱਕ ਸਾਧਾਰਨ ਪ੍ਰਸ਼ਨ ਪੁੱਛਿਆ ਸੀ ਕਿ ਮੈਨੂੰ ਦੇਸ਼ ਦੇ ਪੰਜਾਹ ਸਭ ਤੋਂ ਵੱਡੇ ਬੈਂਕਾਂ ਚੋਰਾਂ ਦੇ ਨਾਂਅ ਦੱਸੋ। ਓਦੋਂ ਵਿੱਤ ਮੰਤਰੀ ਨੇ ਜਵਾਬ ਦੇਣ ਤੋਂ ਮਨ੍ਹਾ ਕਰ ਦਿੱਤਾ ਸੀ। ਆਰ ਬੀ ਆਈ ਨੇ ਨੀਰਵ ਮੋਦੀ, ਮੇਹੁਲ ਚੋਕਸੀ ਸਮੇਤ ਭਾਜਪਾ ਦੇ ਦੋਸਤਾਂ ਦੇ ਨਾਂਅ ਬੈਂਕ ਚੋਰਾਂ ਦੀ ਲਿਸਟ ਵਿੱਚ ਪਾਏ ਹਨ ਤਾਂ ਸਾਫ ਹੈ ਕਿ ਪਾਰਲੀਮੈਂਟ ਵਿੱਚ ਸੱਚ ਨੂੰ ਲੁਕ-ਾਇਆ ਗਿਆ ਹੈ।




## ਕੋਰੋਨਾ ਦਾ ਪਤਾ ਅੱਗੇ ਤੋਂ 45 ਮਿੰਟਾਂ ਵਿੱਚ ਲੱਗੇਗਾ

ਲਾਸ ਏਂਜਲਸ, 30 ਅਪ੍ਰੈਲ (ਪੋਸਟ ਬਿਊਰੋ)- ਵਿਗਿਆਨੀਆਂ ਨੇ ਘੱਟ ਲਾਗਤ ਵਾਲੀ ਲਾਰ ਟੈਸਟ ਦੀ ਕਿੱਟ ਬਣਾਈ ਹੈ ਜਿਸ ਨਾਲ ਕੋਰੋਨਾ ਵਾਇਰਸ ਦਾ ਲਾਗ਼ ਦਾ ਪਤਾ ਕਰੀਬ 45 ਮਿੰਟਾਂ 'ਚ ਲੱਗ ਜਾਵੇਗਾ। ਦੁਨੀਆ ਭਰ 'ਚ ਕੋਰੋਨਾ ਪੀੜਤਾਂ ਦੀ ਵਧਦੀ ਗਿਣਤੀ ਨੂੰ ਦੇਖ ਕੇ ਲੋਕਾਂ ਦੀ ਟੈਸਟਿੰਗ ਲਈ ਇਹ ਕਿੱਟ ਸਹਾਈ ਹੋ ਸਕਦੀ ਹੈ। ਟੈਸਟ ਦਾ ਨਾਮ 'ਸਾਰਸ-ਕੋਵ-2 ਡਿਟੈਕਟਰ' ਰੱਖਿਆ ਗਿਆ ਹੈ। ਯੂਨੀਵਰਸਿਟੀ ਆਫ਼ ਕੈਲੀਫੋਰਨੀਆ ਸਾਨ ਫਰਾਂਸਿਸਕੋ ਦੇ ਖੋਜੀਆਂ ਨੇ ਕਿਹਾ ਕਿ ਟੈਸਟ ਲਈ ਕਿਸੇ ਵਿਸ਼ੇਸ਼ ਜੰਤਰ ਦੀ ਲੋੜ ਨਹੀਂ ਪੈਂਦੀ। ਉਨ੍ਹਾਂ ਕਿਹਾ ਕਿ ਕੋਵਿਡ-19 ਦੀਆਂ ਟੈਸਟ ਕਿੱਟਾਂ ਨਾਲੋਂ ਇਹ ਵੱਧ ਗਿਣਤੀ 'ਚ ਹਾਸਲ ਕਰਵਾਈਆਂ ਜਾ ਸਕਦੀਆਂ ਹਨ। ਉਂਜ ਇਸ ਨਵੇਂ ਟੈਸਟ ਨੂੰ ਯੂ ਐਸ ਫੂਡ ਐਂਡ ਡਰੱਗ ਐਡਮਿਨੀਸਟ੍ਰੇਸ਼ਨ ਤੋਂ ਅਜੇ ਰਸਮੀ ਪ੍ਰਵਾਨਗੀ ਮਿਲਣੀ ਹੈ। ਨਵਾਂ ਟੈਸਟ ਵਿਕਸਤ ਕਰਨ 'ਚ ਸਹਿਯੋਗ ਦੇਣ ਵਾਲੇ ਕੈਲੀਫੋਰਨੀਆ ਯੂਨੀਵਰਸਿਟੀ ਦੇ ਪ੍ਰੋਫ਼ੈਸਰ ਚਾਰਲਸ ਚਿਯੂ ਨੇ ਕਿਹਾ ਕਿ ਵੱਡੀ ਗਿਣਤੀ 'ਚ ਕੋਰੋਨਾ ਲਾਗ਼ ਦਾ ਪਤਾ ਲਾਉਣ ਵਿੱਚ ਸੀ ਆਰ ਆਈ ਐਸ ਪੀ ਆਰ ਤਕਨਾਲੋਜੀ ਸਹਾਈ ਹੋ ਸਕਦੀ ਹੈ।

## ਬ੍ਰਿਟਿਸ਼ ਪੀ ਐੱਮ ਬੋਰਿਸ ਜਾਨਸਨ ਦੀ ਮੰਗੇਤਰ ਨੇ ਬੱਚੀ ਨੂੰ ਜਨਮ ਦਿੱਤਾ

ਲੰਡਨ, 30 ਅਪ੍ਰੈਲ (ਪੋਸਟ ਬਿਊਰੋ)- ਕੋਰੋਨਾ ਦੀ ਮਹਾਮਾਰੀ ਨਾਲ ਜੂਝ ਚੁੱਕੇ ਬ੍ਰਿਟੇਨ ਦੇ ਪ੍ਰਧਾਨ ਮੰਤਰੀ ਬੋਰਿਸ ਜਾਨਸਨ ਕੱਲ੍ਹ ਭਾਵ ਬੁੱਧਵਾਰ ਨੂੰ ਪਿਤਾ ਬਣ ਗਏ। ਜਾਨਸਨ ਦੀ ਮੰਗੇਤਰ ਕੈਰੀ ਸਾਇਮੰਡਜ਼ ਨੇ ਕੱਲ੍ਹ ਲੰਡਨ ਦੇ ਇੱਕ ਹਸਪਤਾਲ ਵਿੱਚ ਬੇਟੇ ਨੂੰ ਜਨਮ ਦਿੱਤਾ। ਦੱਸਿਆ ਗਿਆ ਹੈ ਕਿ ਮਾਂ ਅਤੇ ਬੱਚਾ ਦੋਵੇਂ ਸਿਹਤਮੰਦ ਹਨ।

ਕੈਰੀ ਦੇ ਮਾਂ ਬਣਨ ਦੀ ਖਬਰ ਓਦੋਂ ਆਈ, ਜਦੋਂ ਆਸ ਕੀਤੀ ਜਾਂਦੀ ਸੀ ਕਿ ਉਹ ਗਰਮੀਆਂ ਵਿੱਚ ਬੱਚੇ ਨੂੰ ਜਨਮ ਦੇਵੇਗੀ। ਬ੍ਰਿਟਿਸ਼ ਜੋੜੇ ਦੇ ਬੁਲਾਰੇ ਨੇ ਕਿਹਾ ਕਿ ਬੱਚੇ ਦੇ ਜਨਮ ਨਾਲ ਦੋਵੇਂ ਬਹੁਤ ਹੀ ਖੁਸ਼ ਹਨ। ਜਾਨਸਨ ਅਤੇ ਉਨ੍ਹਾਂ ਦੀ ਮੰਗੇਤਰ ਲਈ ਇਹ ਬਹੁਤ ਭਾਵੁਕ ਕਰਨ ਵਾਲਾ ਪਲ ਹੈ। ਜਾਨਸਨ (55) ਮਾਰਚ ਵਿੱਚ ਕੋਰੋਨਾ ਪਾਜ਼ੀਟਿਵ ਪਾਏ ਗਏ ਤੇ ਅਪ੍ਰੈਲ ਦੇ ਸ਼ੁਰੂ ਵਿੱਚ ਉਨ੍ਹਾਂ ਨੂੰ ਹਸਪਤਾਲ ਵਿੱਚ ਵੀ ਭਰਤੀ ਕਰਵਾਉਣਾ ਪਿਆ ਸੀ। ਉਨ੍ਹਾਂ ਨੂੰ ਬਿਮਾਰੀ ਤੋਂ ਠੀਕ ਹੋਣ ਦੇ ਬਾਅਦ



12 ਅਪ੍ਰੈਲ ਨੂੰ ਸੈਂਟ ਥਾਮਸ ਹਸਪਤਾਲ ਤੋਂ ਛੁੱਟੀ ਦਿੱਤੀ ਗਈ ਸੀ। ਕੋਰੋਨਾ ਸੰਕਟ ਨੂੰ ਦੇਖਦੇ ਹੋਏ ਹਾਲੇ ਇਹ ਸਪੱਸ਼ਟ ਨਹੀਂ ਕਿ ਬੋਰਿਸ ਜਾਨਸਨ ਪੈਟਰਨਿਟੀ ਲੀਵ ਲੈਣਗੇ ਜਾਂ ਨਹੀਂ। ਜਾਨਸਨ ਨੇ ਦੱਸਿਆ ਕਿ ਕੋਰੋਨਾ ਨਾਲ ਪੀੜਤ ਹੋਣ ਦੇ ਬਾਅਦ ਹਸਪਤਾਲ ਵਿੱਚ ਭਰਤੀ ਹੋਣ ਦੇ ਬਾਅਦ ਵੀ ਕੈਰੀ ਉਨ੍ਹਾਂ ਨੂੰ ਬੱਚੇ ਨਾਲ ਸੰਬੰਧਤ ਹਰ ਜਾਣਕਾਰੀ ਭੇਜਦੀ ਰਹੀ ਸੀ। ਇਸ ਨਾਲ ਉਨ੍ਹਾਂ ਵਿੱਚ ਕੋਰੋਨਾ ਨਾਲ ਜੰਗ ਲਜਡਨ ਦਾ ਉਤਸ਼ਾਹ ਬਣਿਆ ਰਹਿੰਦਾ ਸੀ। ਦੂਸਰੇ ਪਾਸੇ ਕੈਰੀ ਸੈਲਫ ਆਈਸੋਲੇਸ਼ਨ ਵਿੱਚ ਰਹਿਣ ਦੇ ਬਾਅਦ ਜਾਨਸਨ ਨਾਲ ਰਹਿਣ ਲਈ ਘਰ ਪਰਤ ਚੁੱਕੀ ਹੈ। ਉਸ ਦੇ ਅੰਦਰ ਵੀ ਕੋਰੋਨਾ ਵਾਇਰਸ ਦੇ ਲੱਛਣ ਪਾਏ ਗਏ ਸਨ। ਇਸ ਦੇ ਬਾਅਦ ਉਹ ਆਈਸੋਲੇਸ਼ਨ ਵਿੱਚ ਰਹਿਣ ਲਈ ਵੱਖਰੀ ਜਗ੍ਹਾ ਚਲੀ ਗਈ ਸੀ। ਜਾਨਸਨ ਦੇ ਕੁੱਤੇ ਦੇ ਅੰਦਰ ਵੀ ਕੋਰੋਨਾ ਵਾਇਰਸ ਦੇ ਲੱਛਣ ਪਾਏ ਗਏ ਹਨ। ਇਸ ਮਹਾ-ਸੰਕਟ ਦੇ ਵਿੱਚ ਬੱਚੇ ਦੇ ਜਨਮ ਨਾਲ ਜਾਨਸਨ ਦੇ ਘਰ ਖੁਸ਼ੀਆਂ ਪਰਤ ਆਈਆਂ ਹਨ।

## ਅਮਰੀਕਾ ਵਿੱਚ ਪਹਿਲੀ ਮੌਤ ਬਾਰੇ ਖੁਲਾਸਾ ਕੋਰੋਨਾ ਦੇ ਕਾਰਨ ਫਟ ਗਿਆ ਸੀ ਮਰੀਜ਼ ਦਾ ਦਿਲ

ਨਿਊਯਾਰਕ, 30 ਅਪ੍ਰੈਲ (ਪੋਸਟ ਬਿਊਰੋ)- ਅਮਰੀਕਾ ਵਿੱਚ ਕੋਰੋਨਾ ਨਾਲ ਹੋਈ ਪਹਿਲੀ ਮੌਤ ਬਾਰੇ ਬਹੁਤ ਚੌਂਕਾਉਣ ਵਾਲੀ ਜਾਣਕਾਰੀ ਪਤਾ ਲੱਗੀ ਹੈ। ਦ ਮਰਕਰੀ ਨਿਊਜ਼ ਵਿੱਚ ਛਪੀ ਖ਼ਬਰ ਅਨੁਸਾਰ ਜਿਸ ਪਹਿਲੇ ਮਰੀਜ਼ ਦੀ ਕੋਰੋਨਾ ਨਾਲ ਮੌਤ ਹੋਈ, ਉਸ ਦਾ ਦਿਲ ਫਟ ਗਿਆ ਸੀ।

ਇਸ ਬਾਰੇ ਅਮਰੀਕੀ ਫੋਰੈਂਸਿਕ ਪੈਥੋਲਾਜਿਸਟ ਨੇ ਦਾਅਵਾ ਕੀਤਾ ਹੈ ਕਿ ਜਿਸ ਮਹਿਲਾ ਦੀ ਮੌਤ ਹੋਈ, ਉਸਦਾ ਦਿਲ ਫਟ ਗਿਆ ਸੀ ਅਤੇ ਬਾਅਦ ਵਿੱਚ ਉਸਦੇ ਇਨਫੈਕਟਿਡ ਹੋਣ ਦੀ ਪੁਸ਼ਟੀ ਹੋਈ ਸੀ। ਪੈਟ੍ਰਿਸ਼ੀਆ ਨਾਮ ਦੀ ਇਹ 57 ਸਾਲ ਮਹਿਲਾ ਕੈਲੇਫੋਰਨੀਆ ਦੇ



ਸੈਨ ਹੋਜੇ ਇਲਾਕੇ ਵਿੱਚ ਰਹਿੰਦੀ ਸੀ ਤੇ ਘਰ ਵਿੱਚ ਹੀ ਉਸਦੀ ਮੌਤ ਹੋ ਗਈ ਸੀ, ਜਿਸ ਦਾ ਸ਼ੁਰੂਆਤੀ ਕਾਰਨ ਫਲੂ ਨੂੰ ਮੰਨਿਆ ਗਿਆ ਸੀ। ਬਾਅਦ ਵਿੱਚ ਜਦੋਂ ਉਸ ਦਾ ਕੋਰੋਨਾ ਟੈਸਟ ਹੋਇਆ ਤਾਂ ਰਿਪੋਰਟ ਪਾਜ਼ੀਟਿਵ ਆਈ ਸੀ। ਪੈਟਰੀਸ਼ੀਆ ਦੀ ਮੌਤ 6 ਫਰਵਰੀ 2020 ਨੂੰ ਹੋਈ ਸੀ। ਅਧਿਕਾਰੀਆਂ ਦਾ ਕਹਿਣਾ ਸੀ ਕਿ ਉਸ ਸਮੇਂ ਉਨ੍ਹਾਂ ਵਿੱਚ ਕੋਰੋਨਾ ਦਾ ਪਤਾ ਨਹੀਂ ਚਲਿਆ ਸੀ। 25 ਅਪ੍ਰੈਲ ਨੂੰ ਉਸ ਦਾ ਦੁਬਾਰਾ ਪੋਸਟਮ-ਾਰਟਮ ਕੀਤਾ ਤਾਂ ਪਤਾ ਲੱਗਾ ਕਿ ਉਸਦੇ ਸਰੀਰ ਨੇ ਵਾਇਰਸ ਨਾਲ ਲੜਨ ਲਈ ਇੰਨੀ ਮਿਹਨਤ ਕੀਤੀ ਕਿ ਉਸਦੇ ਦਿਲ ਵਿੱਚ ਇੱਕ ਵਾਲਵ ਫਟ ਗਿਆ। ਫੋਰੈਂਸਿਕ ਪੈਥੋਲਾਜਿਸਟ ਡਾ. ਜੂਡੀ ਮਲਿਨਕ ਦਾ ਕਹਿਣਾ ਹੈ ਕਿ ਉਸਦੇ ਮਸਲਜ਼ ਪ੍ਰਭਾਵਤ ਹੋ ਗਈ ਸੀ ਜਿਸ ਦੇ ਕਾਰਨ ਦਿਲ ਫਟ ਗਿਆ। ਡਾ. ਨੇ ਦੱਸਿਆ ਕਿ ਆਮ ਤੌਰ 'ਤੇ ਅਜਿਹਾ ਉਨ੍ਹਾਂ ਲੋਕਾਂ ਵਿੱਚ ਹੁੰਦਾ ਹੈ।

## ਐਫ ਏ ਟੀ ਐਫ ਵੱਲੋਂ ਪਾਕਿ ਨੂੰ ਵੱਡੀ ਰਾਹਤ ਮਿਲੀ

ਲਾਹੌਰ, 30 ਅਪ੍ਰੈਲ (ਪੋਸਟ ਬਿਊਰੋ)- ਫਾਈਨੈਂਸ਼ਲ ਐਕਸ਼ਨ ਟਾਸਕ ਫੋਰਸ (ਐਫ ਏ ਟੀ ਐਫ) ਨੇ ਕੋਰੋਨਾ ਵਾਇਰਸ ਮਹਾਂਮਾਰੀ ਦੇ ਕਾਰਨ ਪਾਕਿਸਤਾਨ ਨੂੰ ਚਾਰ ਮਹੀਨਿਆਂ ਦੀ ਅੰਤਰਿਮ ਰਾਹਤ ਦਿੱਤੀ ਹੈ।

ਅਸਲ ਵਿੱਚ ਐਫ ਏ ਟੀ ਐਫ ਦੀ ਗਰੇਅ ਸੂਚੀ 'ਚ ਚੱਲ ਰਹੇ ਪਾਕਿ ਨੂੰ ਕਾਲੀ ਸੂਚੀ 'ਚ ਲਿਆਉਣ ਬਾਰੇ ਫ਼ੈਸਲਾ ਜੂਨ 'ਚ ਲਿਆ ਜਾਣਾ ਸੀ, ਪਰ ਇਸ ਵਕਤ ਇਹ ਫ਼ੈਸਲਾ ਅਕਤੂਬਰ 'ਚ ਹੋਣ ਵਾਲੀ ਬੈਠਕ ਉੱਤੇ ਪਾ ਦਿੱਤਾ ਗਿਆ ਹੈ। ਇਸ ਬੈਠਕ 'ਚ ਤੈਅ ਕੀਤਾ ਜਾਵੇਗਾ ਕਿ ਕੀ ਪਾਕਿਸਤਾਨ ਨੂੰ ਗਰੇਅ ਸੂਚੀ 'ਚੋਂ ਹਟਾ ਦਿੱਤਾ ਜਾਵੇ ਜਾਂ ਕਾਲੀ ਸੂਚੀ ਵਿੱਚ ਪਾ ਦਿੱਤਾ ਜਾਵੇ। ਐਫ ਏ ਟੀ ਐਫ ਨੇ ਇੱਕ ਬਿਆਨ ਜਾਰੀ ਕਰ ਕੇ ਕਿਹਾ ਕਿ ਨਿਗਰਾਨ ਸੂਚੀ 'ਚ ਸ਼ਾਮਲ ਪਾਕਿ ਨੂੰ ਚਾਰ ਮਹੀਨਿਆਂ ਦੀ ਵਾਧੂ ਰਾਹਤ ਦਿੱਤੀ ਜਾ ਰਹੀ ਹੈ ਅਤੇ ਨਾਲ ਹੀ ਚਿਤਾਵਨੀ ਦਿੱਤੀ ਕਿ ਉਸ ਵੱਲੋਂ ਪਾਕਿ ਨੂੰ ਅੱਤਵਾਦੀ ਸੰਗਠਨਾਂ ਨੂੰ ਫ਼ੰਡ ਦੇਣ ਜਾਂ ਉਨ੍ਹਾਂ ਦੀਆਂ ਗਤੀਵਿਧੀਆਂ ਰੋਕਣ ਦੀ ਕੋਸ਼ਿਸ਼ ਲਈ ਕੋਈ ਛੋਟ



ਨਹੀਂ ਦਿੱਤੀ ਜਾ ਰਹੀ। ਇਸ ਗਲੋਬਲ ਸੰਸਥਾ ਨੇ ਕਿਹਾ ਕਿ ਉਹ ਕੋਰੋਨਾ ਵਾਇਰਸ ਸੰਕਟ ਦੇ ਕਾਰਨ ਅੱਤਵਾਦੀਆਂ ਦੀ ਫੰਡਿੰਗ 'ਤੇ ਪੈਣ ਵਾਲੇ ਪ੍ਰਭਾਵਾਂ 'ਤੇ ਪੂਰੀ ਨਜ਼ਰ ਰੱਖੇਗੀ। ਇਸ ਤੋਂ ਪਹਿਲਾਂ ਕੋਰੋਨਾ ਸੰਕਟ ਵਿੱਚ ਪਾਕਿ ਨੇ ਆਪਣੇ ਆਪ ਨੂੰ ਐਫ ਏ ਟੀ ਐਫ ਦੀ ਗਰੇਅ ਸੂਚੀ ਤੋਂ ਹਟਾਉਣ ਲਈ ਇੱਕ ਵੱਡਾ ਕਦਮ ਚੁਕ ਕੇ ਪਿਛਲੇ 18 ਮਹੀਨਿਆਂ 'ਚ ਹਜ਼ਾਰਾਂ ਅੱਤਵਾਦੀਆਂ ਦੇ ਨਾਂਅ ਨਿਗਰਾਨ ਸੂਚੀ 'ਚੋਂ ਹਟਾ ਦਿੱਤੇ ਸਨ। ਐਫ ਏ ਟੀ ਐਫ ਨੇ ਅੱਗੋਂ ਪਾਕਿ ਨੂੰ 27 ਬਿੰਦੂਆਂ 'ਤੇ ਕਾਰਵਾਈ ਕਰਨ ਲਈ ਅਕਤੂਬਰ ਤੱਕ ਦਾ ਸਮਾਂ ਦਿੱਤਾ ਹੈ ਅਤੇ ਜੇ ਪਾਕਿ 27 ਬਿੰਦੂਆਂ ਨੂੰ ਪੂਰਾ ਕਰਨ 'ਚ ਅਸਫ਼ਲ ਰਿਹਾ ਤਾਂ ਐਫ ਏ ਟੀ ਐਫ ਉਸ ਨੂੰ ਬਲੈਕ ਲਿਸਟ (ਕਾਲੀ ਸੂਚੀ) ਕਰ ਸਕਦੀ ਹੈ।

## ਬ੍ਰਿਟੇਨ ਵਿੱਚ ਜੇ ਬੱਚਿਆਂ ਦੇ ਬੁੱਲ੍ਹ ਨੀਲੇ ਜਾਂ ਸਰੀਰ ਪੀਲਾ ਪਵੇ ਤਾਂ ਕੋਰੋਨਾ ਟੈਸਟ ਹੋਵੇਗਾ

ਲੰਡਨ, 30 ਅਪ੍ਰੈਲ (ਪੋਸਟ ਬਿਊਰੋ)- ਕੋਰੋਨਾ ਬਿਮਾਰੀ ਦੇ ਕਹਿਰ ਨੂੰ ਰੋਕਣ ਲਈ ਵਿਗਿਆਨੀਆਂ ਦੀ ਕੋਸ਼ਿਸ਼ ਲਗਾਤਾਰ ਜਾਰੀ ਹੈ, ਪਰ ਇਸ ਦਾ ਸਰੀਰ 'ਤੇ ਕਈ ਤਰ੍ਹਾਂ ਨਾਲ ਅਸਰ ਇਨ੍ਹਾਂ ਕੋਸ਼ਿਸ਼ਾਂ ਨੂੰ ਹੋਰ ਮੁਸ਼ਕਲ ਬਣਾ ਰਿਹਾ ਹੈ।

ਇਨਫੈਕਸ਼ਨ ਦੇ ਕਈ ਅਜਿਹੇ ਕੇਸ ਪਤਾ ਲੱਗੇ ਹਨ ਜਿਸ ਵਿੱਚ ਵਿਅਕਤੀ ਦੇ ਵਿੱਚ ਕੋਈ ਲੱਛਣ ਦੇਖਣ ਨੂੰ ਨਹੀਂ ਮਿਲਿਆ। ਇਸ ਲਈ ਬ੍ਰਿਟੇਨ ਦੇ ਸਿਹਤ ਮੁਲਾਜ਼ਮਾਂ ਨੇ ਨਵੀਂ ਚਿਤਾਵਨੀ ਜਾਰੀ ਕੀਤੀ ਹੈ ਜਿਸ ਨਾਲ ਇਸ ਇਨਫੈਕਸ਼ਨ ਦਾ ਇੱਕ ਹੋਰ ਖਤਰਨਾਕ ਰੂਪ ਸਾਹਮਣੇ ਆਇਆ ਹੈ। ਕੋਵਿਡ-19 ਦੇ ਕਹਿਰ ਨਾਲ ਬੇਹਾਲ ਬ੍ਰਿਟੇਨ 'ਚ ਕੁਝ ਅਜਿਹੇ ਬੱਚੇ ਕੋਰੋਨਾ ਦੀ ਲਪੇਟ ਵਿੱਚ ਆਏ ਹਨ ਜਿਨ੍ਹਾਂ ਵਿੱਚ ਬਿਲਕੁਲ ਵੱਖਰੇ ਅਤੇ ਕਈ ਤਰ੍ਹਾਂ ਦੇ ਲੱਛਣ ਦੇਖਣ ਨੂੰ ਮਿਲੇ ਹਨ। ਵੱਖ-ਵੱਖ ਉਮਰ ਦੇ ਨੌਜਵਾਨਾਂ ਦੀ ਹਾਲਤ ਬੇਹੱਦ ਗੰਭੀਰ ਦਿਸੀ, ਜਿਨ੍ਹਾਂ ਵਿੱਚ ਬੁਖਾਰ, ਲੋਅ ਬਲੱਡ ਪ੍ਰੈਸ਼ਰ, ਸਰੀਰ 'ਤੇ ਨਿਸ਼ਾਨ ਦੇਖੇ ਗਏ। ਨਾਲ ਹੀ ਉਨ੍ਹਾਂ ਵਿੱਚ ਪੇਟ ਦਰਦ, ਡਾਇਰੀਆ ਅਤੇ ਦਿਲ 'ਚ ਸੋਜ਼ਿਸ਼ ਦੇਖਣ ਨੂੰ ਮਿਲੀ। ਮਾਹਰਾਂ ਦਾ ਕਹਿਣਾ ਹੈ ਕਿ ਘੱਟ ਉਮਰ ਦੇ ਬੱਚਿਆਂ 'ਚ ਖਾਸ ਕਰ ਕੇ ਇਸ ਤਰ੍ਹਾਂ ਦੀ ਸਮੱਸਿਆ ਚਿੰਤਾ ਜਨਕ ਹੈ ਅਤੇ ਉਨ੍ਹਾਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਜੇ ਇਸ ਤਰ੍ਹਾਂ ਦੇ ਲੱਛਣ ਉਨ੍ਹਾਂ ਦੇ ਬੱਚਿਆਂ 'ਚ ਦੇਖਣ ਨੂੰ ਮਿਲਦੇ ਹਨ ਤਾਂ ਉਹ ਡਾਕਟਰਾਂ ਨਾਲ ਸੰਪਰਕ ਕਰਨ। ਮੀਡੀਆ ਰਿਪੋਰਟਾਂ ਮੁਤਾਬਕ ਅਜੇ ਇਹ ਸਪੱਸ਼ਟ ਨਹੀਂ ਕਿ ਇਸ ਤਰ੍ਹਾਂ ਦੇ ਲੱਛਣ ਵਾਲੇ ਕਿੰਨੇ ਬੱਚੇ ਕੋਰੋਨਾ ਇਨਫੈਕਟਿਡ ਹਨ, ਪਰ ਇਹ ਵੱਡੀ ਮੁਸ਼ਕਲ ਬਣ ਸਕਦੀ ਹੈ। ਇਨ੍ਹਾਂ ਲੱਛਣਾਂ ਵਿੱਚ ਸਰੀਰ ਦਾ ਪੀਲਾ ਪੈਣਾ, ਧੱਬਾ ਜਾਂ ਛੂਹ 'ਤੇ ਠੰਢਾ ਲੱਗਣਾ, ਸਾਹ ਲੈਣ 'ਚ ਮੁਸ਼ਕਲ, ਸਾਹ ਲੈਣ ਦੀ ਮੁਸ਼ਕਲ ਇਸ ਕਦਰ ਵਧ ਜਾਂਦੀ ਹੈ ਕਿ ਸਰੀਰ ਕੰਮ ਕਰਨਾ ਬੰਦ ਕਰ ਦੇਵੇ, ਬੁੱਲ੍ਹਾਂ ਦਾ ਨੀਲਾ ਪੈਣਾ, ਸਰੀਰ ਦਾ ਸੁੰਨ ਪੈ ਜਾਣਾ, ਬਹੁਤ ਜ਼ਿਆਦਾ ਪਰੇਸ਼ਾਨ ਹੋਣਾ (ਰੋਣ ਲੱਗਣਾ), ਕੰਫਿਊਜ਼ਡ ਅਤੇ ਸੁਸਤ ਪੈ ਜਾਣਾ, ਟੈਸਟੀਕੂਲਰ ਪੇਨ ਖਾਸ ਕਰ ਕੇ ਛੋਟੀ ਉਮਰ ਦੇ ਬੱਚਿਆਂ 'ਚ ਸ਼ਾਮਲ ਹੈ।

## ਬਰਤਾਨੀਆ ਨੇ ਵਿਦੇਸ਼ੀ ਸਿਹਤ ਕਾਮਿਆਂ ਦਾ ਵੀਜ਼ਾ ਵਧਾਇਆ

ਲੰਡਨ, 30 ਅਪ੍ਰੈਲ (ਪੋਸਟ ਬਿਊਰੋ)- ਬਰਤਾਨੀਆ ਵਿੱਚ ਕੰਮ ਕਰਦੇ ਅਜਿਹੇ ਡਾਕਟਰ ਤੇ ਸਿਹਤ ਕਾਮੇ ਜਿਨ੍ਹਾਂ ਦਾ ਵੀਜ਼ਾ ਪਹਿਲੀ ਅਕਤੂਬਰ ਜਾਂ ਇਸ ਤੋਂ ਪਹਿਲਾਂ ਖ਼ਤਮ ਹੋ ਰਿਹਾ ਸੀ, ਸਰਕਾਰ ਨੇ ਉਸ ਨੂੰ ਬਿਨਾਂ ਕਿਸੇ ਫੀਸ ਦੇ ਵਧਾਉਣ ਦਾ ਐਲਾਨ ਕੀਤਾ ਹੈ। ਵੀਜ਼ਾ ਮਿਆਦ ਵਿੱਚ ਇਹ ਵਾਧਾ ਇੱਕ ਸਾਲ ਲਈ ਹੋਵੇਗਾ।

ਸਰਕਾਰ ਦੇ ਇਸ ਫ਼ੈਸਲੇ ਦਾ ਲਾਭ ਬਰਤਾਨੀਆਂ ਵਿੱਚ ਵੱਡੀ ਗਿਣਤੀ ਵਿੱਚ ਕੰਮ ਕਰਦੇ ਭਾਰਤੀਆਂ ਤੇ ਹੋਰ ਦੇਸ਼ਾਂ ਦੇ ਸਿਹਤ ਕਾਮਿਆਂ ਨੂੰ ਹੋਵੇਗਾ। ਕੋਰੋਨਾ ਵਾਇਰਸ ਵਰਗੀ ਮਹਾਮਾਰੀ ਕਰਾਨ ਬਰਤਾਨੀਆ ਨੂੰ ਇਸ ਸਮੇਂ



ਵੱਡੀ ਗਿਣਤੀ ਵਿੱਚ ਡਾਕਟਰਾਂ ਤੇ ਹੋਰ ਸਿਹਤ ਕਾਮਿਆਂ ਦੀ ਲੋੜ ਹੈ। ਜਿਹੜੇ ਵਿਦੇਸ਼ੀ ਸਿਹਤ ਕਾਮੇ ਉਥੇ ਕੰਮ ਕਰ ਰਹੇ ਹਨ, ਉਨ੍ਹਾਂ ਨੂੰ ਬਿਨਾਂ ਕਿਸੇ ਰੁਕ-ਾਵਟ ਦੇ ਕੰਮ ਵਿੱਚ ਲੱਗੇ ਰਹਿਣ ਲਈ ਜ਼ਰੂਰੀ ਹੈ ਕਿ ਉਨ੍ਹਾਂ ਨੂੰ ਵੀਜ਼ਾ ਨਵੀਨੀਕਰਨ ਦੀ ਲੰਬੀ ਰਸਮੀ ਕਾਰਵਾਈ ਤੋਂ ਮੁਕਤ ਰੱਖਿਆ ਜਾਵੇ। ਇਸੇ ਲਈ ਸਰਕਾਰ ਨੇ ਪਹਿਲੀ ਅਕਤੂਬਰ ਜਾਂ ਇਸ ਤੋਂ ਪਹਿਲਾਂ ਵੀਜ਼ਾ ਮਿਆਦ ਪੂਰੀ ਕਰਨ ਵਾਲੇ ਸਿਹਤ ਕਾਮਿਆਂ ਦਾ ਖ਼ੁਦ ਵੀਜ਼ਾ ਵਧਾਉਣ ਦਾ ਐਲਾਨ ਕੀਤਾ ਹੈ। ਇਹ ਵਿਵਸਥਾ ਸਰਕਾਰੀ ਖੇਤਰ ਅਤੇ ਨਿੱਜੀ ਖੇਤਰ ਦੋਵਾਂ ਦੇ ਸਿਹਤ ਕਾਮਿਆਂ 'ਤੇ ਲਾਗੂ ਹੋਵੇਗੀ। ਇਸ ਦਾ ਲਾਭ ਸਿਹਤ ਕਾਮਿਆਂ ਦੇ ਪਰਵਾਰਕ ਮੈਂਬਰਾਂ ਨੂੰ ਵੀ ਮਿਲੇਗਾ। ਇਸ ਦਾ ਐਲਾਨ ਕੱਲ੍ਹ ਗ੍ਰਹਿ ਮੰਤਰੀ ਪ੍ਰੀਤੀ ਪਟੇਲ ਨੇ ਕੀਤਾ। ਸਰਕਾਰ ਨੇ ਇਸ ਫ਼ੈਸਲੇ ਦੇ ਸੰਕੇਤ ਕਰੀਬ ਇੱਕ ਮਹੀਨੇ ਪਹਿਲਾਂ ਹੀ ਦੇ ਦਿੱਤੇ ਸਨ। ਪਟੇਲ ਨੇ ਕਿਹਾ ਕਿ ਸੰਕਟ ਦੇ ਸਮੇਂ ਜਿਸ ਤਰ੍ਹਾਂ ਨਾਲ ਵਿਦੇਸ਼ੀ ਸਿਹਤ ਕਾਮੇ ਸਾਡੇ ਦੇਸ਼ ਦੀ ਸੇਵਾ ਵਿੱਚ ਲੱਗੇ ਹੋਏ ਹਨ, ਉਸ ਲਈ ਅਸੀਂ ਉਨ੍ਹਾਂ ਦੇ ਧੰਨਵਾਦੀ ਹਾਂ।

## ਯੂ ਐੱਨ ਦੇ ਮੁਖੀ ਨੇ ਕਿਹਾ: ਲਾਕਡਾਊਨ ਦਾ ਲਾਭ ਉਠਾ ਰਹੇ ਹਨ ਕੱਟੜਪੰਥੀ ਗਰੁੱਪ

### * ਨੌਜਵਾਨਾਂ ਨੂੰ ਗੁੰਮਰਾਹ ਕਰਨ ਦੀ ਕੋਸ਼ਿਸ਼ ਜਾਰੀ

ਯੂ ਐੱਨ ਓ, 30 ਅਪ੍ਰੈਲ (ਪੋਸਟ ਬਿਊਰੋ)- ਯੂ ਐੱਨ ਓ ਦੇ ਮੁਖੀ ਐਂਟੋਨੀਓ ਗੁਤਾਰੇਸ ਨੇ ਦੁਨੀਆ ਨੂੰ ਸਾਵਧਾਨ ਕੀਤਾ ਹੈ ਕਿ ਕੱਟੜਪੰਥੀ ਗਰੁੱਪ ਇਸ ਵਕਤ ਕੋਵਿਡ 19 ਦੇ ਕਾਰਨ ਲਾਗੂ ਲਾਕਡਾਊਨ ਦਾ ਲਾਭ ਉਠਾ ਰਹੇ ਹਨ ਅਤੇ ਸੰਕਟ ਦੇ ਸਮੇਂ 'ਚ ਉਨ੍ਹਾਂ ਨੇ ਨੌਜਵਾਨਾਂ ਦੇ ਗੁੱਸੇ ਅਤੇ ਨਿਰਾਸ਼ਾ ਕਾਰਨ ਉਨ੍ਹਾਂ ਨੇ ਆਨਲਾਈਨ ਭਰਤੀ ਕਰਨ ਲਈ ਸੋਸ਼ਲ ਮੀਡੀਆ 'ਤੇ ਆਪਣੇ ਯਤਨ ਪਹਿਲਾਂ ਤੋਂ ਤੇਜ਼ ਕਰ ਦਿੱਤੇ ਹਨ। ਉਨ੍ਹਾਂ ਕਿਹਾ ਕਿ ਦੁਨੀਆਂ ਇਸ ਸੰਸ-ਾਰਕ ਸੰਕਟ ਕਾਰਨ ਇੱਕ ਪੀੜ੍ਹੀ ਦਾ ਭਟਕਣਾ ਬਰਦਾਸ਼ਤ ਨਹੀਂ ਕਰ ਸਕਦੀ।

ਇਸ ਸੰਬੰਧ ਵਿੱਚ ਯੂ ਐੱਨ ਓ ਦੇ ਜਨਰਲ ਸਕੱਤਰ ਗੁਤਾਰੇਸ ਨੇ ਯੁਵਾ, ਸ਼ਾਂਤੀ ਅਤੇ



ਸੁਰੱਖਿਆ 'ਤੇ ਇਤਿਹਾਸਕ ਤਜਵੀਜ਼ ਅਪਣਾਉਣ ਲਈ ਪੰਜ ਸਾਲ ਬਾਅਦ ਸਮੀਖਿਆ ਲਈ ਸੋਮਵਾਰ ਵੀਡੀਓ ਕਾਨਫਰੰਸ ਰਾਹੀਂ ਸੱਦੀ ਬੈਠਕ ਦੌਰਾਨ ਇਹ ਟਿੱਪਣੀ ਕੀਤੀ। ਉਨ੍ਹਾ ਕਿਹਾ ਕਿ ਅਸੀਂ ਦੇਖ ਸਕਦੇ ਹਾਂ ਕਿ ਅਜਿਹੇ ਗਰੁੱਪ ਕੋਵਿਡ 19 ਲਾਕਡਾਊਨ ਦਾ ਲਾਭ ਉਠਾ ਰਹੇ ਹਨ। ਉਨ੍ਹਾਂ ਨੇ ਸੋਸ਼ਲ ਮੀਡੀਆ ਰਾਹੀਂ ਨਫਰਤ ਫੈਲਾਉਣ ਅਤੇ ਉਨ੍ਹਾਂ ਨੌਜਵਾਨਾਂ ਦੀ ਭਰਤੀ ਕਰਨ ਦੇ ਆਪਣੇ ਯਤਨ ਤੇਜ਼ ਕਰ ਦਿੱਤੇ ਹਨ, ਜੋ ਆਪਣਾ ਬਹੁਤਾ ਸਮਾਂ ਘਰ ਵਿੱਚ ਆਨਲਾਈਨ ਬਿਤਾ ਰਹੇ ਹਨ। ਗੁਤਾਰੇਸ ਨੇ ਸੁਰੱਖਿਆ ਕੌਂਸਲ ਨੂੰ ਕਿਹਾ ਕਿ ਇਸ ਸੰਕਟ ਤੋਂ ਪਹਿਲਾਂ ਨੌਜਵਾਨ ਕਈ ਚੁਣੌਤੀਆਂ ਦਾ ਸਾਹਮਣਾ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਹਰ ਪੰਜਾਂ ਵਿੱਚੋਂ ਇੱਕ ਨੌਜਵਾਨ ਨੂੰ ਪਹਿਲਾਂ ਹੀ ਸਿਖਿਆ, ਟਰੇਨਿੰਗ ਜਾਂ ਰੋਜ਼ਗਾਰ ਨਹੀਂ ਮਿਲਦਾ ਅਤੇ ਹਰ ਚੌਥਾ ਨੌਜਵਾਨ ਹਿੰਸਾ ਜਾਂ ਸੰਘਰਸ਼ ਤੋਂ ਪ੍ਰਭਾਵਤ ਹੈ। ਅਜਿਹੇ ਵਿੱਚ ਕੱਟੜਪੰਥੀ ਸਮੂਹਾਂ ਲਈ ਰੋਸ ਅਤੇ ਮਾਯੂਸੀ ਦਾ ਲਾਭ ਉਠਾਉਣਾ ਸੌਖਾ ਹੋ ਜਾਂਦਾ ਹੈ ਤੇ ਇਸ ਨਾਲ ਨੌਜਵਾਨਾਂ ਦੇ ਕੱਟੜਪੰਥੀ ਵੱਲ ਵਧਣ ਦਾ ਖਤਰਾ ਵਧ ਰਿਹਾ ਹੈ। ਗੁਤਾਰੇਸ ਨੇ ਸਕਿਓਰਟੀ ਕੌਂਸਲ ਦੇ ਮੈਂਬਰਾਂ ਨੂੰ ਨੌਜਵਾਨਾਂ ਦੀ ਹਿੱਸੇਦਾਰੀ ਵਧਾਉਣ ਅਤੇ ਯੁਵਾ ਲੋਕਾਂ ਦੇ ਸਾਹਮਣੇ ਆਉਣ ਵਾਲੀਆਂ ਵੱਖ-ਵੱਖ ਚੁਣੌਤੀਆਂ ਦਾ ਹੱਲ ਕਰਨ ਲਈ ਹੋਰ ਵੱਧ ਯਤਨ ਕਰਨ ਦੀ ਬੇਨਤੀ ਕੀਤੀ।

## ਰੋਸ ਪ੍ਰਗਟਾਵੇ ਦਾ ਨਵਾਂ ਤਰੀਕਾ: ਡਾਕਟਰ ਕੱਪੜੇ ਲਾਹ ਕੇ ਕਰ ਰਹੇ ਹਨ ਕੋਰੋਨਾ ਵਾਲੇ ਮਰੀਜ਼ਾਂ ਦਾ ਇਲਾਜ

ਨਿਊ ਯਾਰਕ, 30 ਅਪ੍ਰੈਲ (ਪੋਸਟ ਬਿਊਰੋ)- ਦੇਖਦੇ ਹੀ ਦੇਖਦੇ ਚੀਨ ਦੇ ਵੁਹਾਨ ਤੋਂ ਸ਼ੁਰੂ ਹੋਏ ਕੋਰੋਨਾ ਵਾਇਰਸ ਨੇ ਅੱਜ ਪੂਰੀ ਦੁਨੀਆ 'ਚ ਤਬਾਹੀ ਮਚਾ ਦਿੱਤੀ ਹੈ। ਇਸ ਨਾਲ ਤੱਕ ਦੁਨੀਆ 'ਚ ਕੁੱਲ ਪੀੜਤਾਂ ਦੀ ਗਿਣਤੀ ਤੀਹ ਲੱਖ ਟੱਪ ਚੁੱਕੀ ਅਤੇ ਮੌਤ ਦਾ ਅੰਕੜਾ ਵੀ ਦੋ ਲੱਖ ਪਾਰ ਕਰ ਚੁੱਕਾ ਹੈ। ਇਸ ਵਾਇਰਸ ਨਾਲ ਲੜਨ ਲਈ ਅਜੇ ਤੱਕ ਕੋਈ ਦਵਾਈ ਨਹੀਂ ਬਣੀ ਹੈ, ਪਰ ਜਿਨ੍ਹਾਂ ਲੋਕਾਂ ਨੂੰ ਕੋਰੋਨਾ ਵਾਰੀਅਰਸ ਦਾ ਨਾਂਅ ਦਿੱਤਾ ਗਿਆ ਹੈ, ਉਹ ਜਾਨ ਜੋਖਮ 'ਚ ਪਾ ਕੇ ਕੋਰੋਨਾ ਨਾਲ ਲੜ ਰਹੇ ਹਨ, ਪਰ ਇਨ੍ਹਾਂ ਨੂੰ ਉਚਿਤ ਸਹੂਲਤਾਂ ਨਾ ਮਿਲਣ ਕਾਰਨ ਜਾਨ ਤੋਂ ਹੱਥ ਧੋਣਾ ਪੈ ਰਿਹਾ ਹੈ। ਕਈ ਦੇਸ਼ਾਂ 'ਚ ਕਈ ਡਾਕਟਰ ਖੁਦ ਵਾਇਰਸ ਦੀ ਲਪੇਟ 'ਚ ਆ ਚੁੱਕੇ ਹਨ।

ਜਰਮਨੀ ਦੇ ਡਾਕਟਰਾਂ ਨੇ ਸਰਕਾਰ ਤੋਂ ਉਚਿਤ ਪੀ ਪੀ ਈ ਕਿਟਸ ਦੀ ਮੰਗ ਕਰਦੇ ਹੋਏ ਵਿਰੋਧ ਪ੍ਰਦਰਸ਼ਨ ਸ਼ੁਰੂ ਕੀਤਾ ਹੈ, ਪਰ ਇਸ ਵਿਰੋਧ ਦਾ ਤਰੀਕਾ ਬਹੁਤ ਵੱਖਰਾ ਹੈ। ਪਾਕਿ-ਸਤਾਨ 'ਚ ਕਈ ਡਾਕਟਰਾਂ ਨੇ ਕੋਰੋਨਾ ਨਾਲ ਲੜਨ ਲਈ ਪ੍ਰੋਟੈਕਟਿਵ ਸੂਟ ਨਾ ਮਿਲਣ ਕਾਰਨ ਨੌਕਰੀ ਛੱਡ ਦਿੱਤੀ ਹੈ, ਪਰ ਜਰਮਨ ਡਾਕਟਰਾਂ ਨੇ ਇਸ ਦਾ ਵੱਖਰਾ ਢੰਗ ਕੱਢਿਆ ਹੈ। ਜਰਮਨ ਫਰੰਟਲਾਈਨ ਨੇ ਆਪਣੀਆਂ ਨਗਨ ਸੈਲਫੀਆਂ ਸੋਸ਼ਲ ਮੀਡੀਆ 'ਤੇ ਸ਼ੇਅਰ ਕੀਤੀਆਂ ਹਨ। ਉਨ੍ਹਾਂ ਦਾ ਕਹਿਣਾ ਹੈ



ਕਿ ਜਦੋਂ ਉਨ੍ਹਾਂ ਨੂੰ ਪੀ ਪੀ ਈ ਕਿਟਸ ਨਹੀਂ ਮਿਲਦੇ ਤਾਂ ਕੁਝ ਅਜਿਹਾ ਮਹਿਸੂਸ ਹੁੰਦਾ ਹੈ। ਡਾਕਟਰ ਪ੍ਰੋਟੈਕਟਿਵ ਸੂਟ ਅਤੇ ਇਕੁਇਪਮੈਂਟ ਦੀ ਕਮੀ ਦੇ ਵਿਰੋਧ 'ਚ ਨਗਨ ਫੋਟੋਆਂ ਖਿੱਚ ਕੇ ਪੋਸਟ ਕਰ ਰਹੇ ਹਨ। ਇੱਕ ਡਾਕਟਰ ਨੇ ਟਾਇਲਟ ਪੇਪਰ ਦੇ ਪਿੱਛੇ ਬੈਠ ਕੇ ਅਤੇ ਮਾਸਕ ਲਾ ਕੇ ਫੋਟੋ ਕਲਿਕ ਕਰਵਾਈ ਹੈ। ਇਥੇ ਪੀ ਪੀ ਈ ਕਿੱਟ ਦੇ ਉਤਪਾਦਨ ਨੂੰ ਵਧਾ ਦਿੱਤਾ ਗਿਆ ਹੈ, ਫਿਰ ਵੀ ਡਾਕਟਰਾਂ ਨੂੰ ਕਮੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਗਰੁੱਪ ਦੇ ਡਾਕਟਰਾਂ ਦਾ ਕਹਿਣਾ ਹੈ ਕਿ ਜਦੋਂ ਜਨਵਰੀ 'ਚ ਪਹਿਲਾ ਮਾਮਲਾ ਆਇਆ ਸੀ ਉਦੋਂ ਤੋਂ ਕਿਟਸ ਦੀ ਮੰਗ ਕੀਤੀ ਜਾ ਰਹੀ ਹੈ ਜੋ ਅਜੇ ਤੱਕ ਪੂਰੀ ਨਹੀਂ ਹੋਈ। ਮੈਡੀਕਲ ਟੀਮ ਨੇ ਫਿਲਟਰ ਮਾਸਕਸ, ਗਾਗਲਸ, ਗਲਵਸ ਦੀ ਮੰਗ ਕੀਤੀ, ਜੋ ਬਹੁਤ ਘੱਟ ਸਪਲਾਈ ਕੀਤੀ ਗਈ ਹੈ। ਵਿਰੋਧ ਦੇ ਇਸ ਤਰੀਕੇ ਨੂੰ ਸੋਸ਼ਲ ਮੀਡੀਆ 'ਤੇ ਬਹੁਤ ਪਸੰਦ ਕੀਤਾ ਜਾ ਰਿਹਾ ਹੈ। ਇਥੇ ਅਪ੍ਰੈਲ ਦੇ ਸ਼ੁਰੂ 'ਚ ਮਾਸਕ ਬਰਲਿਨ ਤੋਂ ਭੇਜਿਆ ਗਿਆ ਸੀ, ਜਿਸ ਨੂੰ ਬੈਂਕਾਕ ਏਅਰਪੋਰਟ 'ਤੇ ਰੋਕ ਦਿੱਤਾ ਗਿਆ। ਡਾਕਟਰਾਂ ਦਾ ਕਹਿਣਾ ਹੈ ਕਿ ਕੋਰੋਨਾ ਦਾ ਇਲਾਜ ਕਿਟਸ ਤੋਂ ਬਿਨਾਂ ਕਰਨਾ ਬਹੁਤ ਖਤਰਨਾਕ ਹੈ।

## ਅਮਰੀਕਾ ਵਿੱਚ ਫਸੇ ਭਾਰਤੀਆਂ ਨੂੰ ਐੱਚ-1ਬੀ ਵੀਜ਼ਾ ਦੇ ਵਾਧੇ ਨੂੰ ਮਨਜ਼ੂਰੀ ਮਿਲੀ

ਵਾਸ਼ਿੰਗਟਨ, 30 ਅਪ੍ਰੈਲ (ਪੋਸਟ ਬਿਊਰੋ)- ਕੋਰੋਨਾ ਵਾਇਰਸ ਕਾਰਨ ਅਮਰੀਕਾ 'ਚ ਫਸੇ ਹਜ਼ਾਰਾਂ ਭਾਰਤੀ ਪੇਸ਼ੇਵਰਾਂ ਨੂੰ ਰਾਹਤ ਮਿਲੀ ਹੈ। ਟਰੰਪ ਸਰਕਾਰ ਨੇ ਐੱਚ-1ਬੀ ਵੀਜ਼ਾ ਧਾਰਕਾਂ ਨੂੰ ਵਾਧੂ ਸਮੇਂ ਲਈ ਦੇਸ਼ ਵਿੱਚ ਰਹਿਣ ਦੀ ਮਨਜ਼ੂਰੀ ਦੇਣ ਲਈ ਅਰਜ਼ੀਆਂ ਸਵੀਕਾਰ ਕਰਨੀਆਂ ਸ਼ੁਰੂ ਕਰ ਦਿੱਤੀਆਂ ਹਨ।

ਅਮਰੀਕਾ ਦੇ ਹੋਮਲੈਂਡ ਸਕਿਓਰਿਟੀ ਵਿਭਾਗ (ਡੀ ਐੱਚ ਐੱਸ) ਨੇ ਨਵੀਂ ਨੋਟੀਫਿਕੇਸ਼ਨ 'ਚ ਕਿਹਾ ਹੈ ਕਿ ਉਹ ਇਸ ਗੱਲ ਨੂੰ ਸਮਝਦਾ ਹੈ ਕਿ ਕੋਰੋਨਾ ਦੀ ਮਹਾਮਾਰੀ ਕਾਰਨ ਇਮੀਗਰੇਸ਼ਨ ਬਾਰੇ ਚੁਣੌਤੀਆਂ ਆਈਆਂ ਹਨ। ਅਮਰੀਕਾ ਨੇ ਇਹ ਐਲਾਨ ਓਦੋਂ ਕੀਤਾ ਹੈ, ਜਦੋਂ ਵੱਖ-ਵੱਖ ਦੇਸ਼ਾਂ ਨੇ ਲਾਕਡਾਊਨ ਕਾਰਨ ਆਪਣੀਆਂ ਸਰਹੱਦਾਂ ਬੰਦ ਕਰ ਦਿੱਤੀਆਂ ਹਨ ਤੇ ਪੂਰੀ ਦੁਨੀਆ ਵਿੱਚ ਕੌਮਾਂਤਰੀ ਯਾਤਰੀ ਉਡਾਣਾਂ 'ਤੇ ਰੋਕ ਲੱਗੀ ਹੋਈ ਹੈ। ਯੂਨਾਈਟਿਡ ਸਟੇਟਸ ਸਿਟੀਜ਼ਨਸ਼ਿਪ ਐਂਡ ਇਮੀਗਰੇਸ਼ਨ ਸਰਵਿਸਿਜ਼ (ਯੂ ਐੱਸ ਸੀ ਆਈ ਐੱਸ) ਨੇ ਕਿਹਾ ਕਿ ਕੋਰੋਨਾ ਵਾਇਰਸ ਆਫਤ ਕਾਰਨ ਗੈਰ ਪਰਵਾਸੀ ਪਰਵਾਸ ਦੇ ਵਿਸਥਾਰ (ਈ ਓ ਐੱਸ) ਜਾਂ ਤਬਦੀਲੀਆਂ ਲਈ ਅਰਜ਼ੀ ਦੇ ਕੇ ਦੇਸ਼ ਨਿਕਾਲਾ ਦੇ ਇਮੀਗਰੇਸ਼ਨ ਨਤੀਜਿਆਂ ਨੂੰ ਘੱਟ ਕਰ ਸਕਦੇ ਹਾਂ। ਇਸ ਸਥਿਤੀ ਵਿੱਚ (ਸੀ ਓ ਐੱਸ) ਐੱਚ-1ਬੀ ਵੀਜ਼ੇ 'ਤੇ ਨੌਕਰੀ ਕਰਨ ਵਾਲੇ ਲੋਕ 60 ਦਿਨਾਂ ਦੀ ਬਜਾਏ ਅੱਠ ਮਹੀਨੇ ਤੱਕ ਅਮਰੀਕਾ ਵਿੱਚ ਰਹਿ ਸਕਦੇ ਹਨ। ਸਟੇਅ ਦਾ ਵਿਸਥਾਰ ਅਤੇ ਵੀਜ਼ਾ ਦੀ ਸਥਿਤੀ ਵਿੱਚ ਤਬਦੀਲੀ-ਅਮਰੀਕਾ 'ਚ ਗੈਰ ਪਰਵਾਸੀਆਂ ਲਈ ਈ ਓ ਐੱਸ ਅਤੇ ਸੀ ਓ ਐੱਸ ਦਸਤਾਵੇਜ਼ ਜ਼ਰੂਰੀ ਹੁੰਦੇ ਹਨ।

ਸਟੇਅ ਦਾ ਵਾਧਾ (ਈ ਓ ਐੱਸ), ਜਿਵੇਂ ਨਾਂਅ ਨਾਲ ਸਪੱਸ਼ਟ ਹੈ, ਦਾ ਅਰਥ ਹੈ ਕਿ ਤੁਹਾਡੇ ਮੌਜੂਦਾ ਵੀਜ਼ੇ ਨੂੰ ਸਮੇਂ ਮਿਆਦ ਲਈ ਵਧਾਉਣਾ। ਸੀ ਓ ਐੱਸ ਦਾ ਅਰਥ ਹੈ ਕਿ ਤੁਹਾਡੇ ਵੀਜ਼ੇ ਦੀ ਸਥਿਤੀ ਬਦਲਣਾ। ਉਦਾਹਰਣ ਲਈ ਐੱਚ-1 ਬੀ/ ਐੱਚ 4 (ਵਿਜ਼ੀਟਰ ਵੀਜ਼ਾ) ਉਨ੍ਹਾਂ ਕੇਸਾਂ ਵਿੱਚ ਜਿੱਥੇ



ਤੁਹਾਨੂੰ ਰੋਜ਼ਗਾਰ ਨਹੀਂ ਮਿਲਦਾ, ਪਰ ਫਿਰ ਵੀ ਦੇਸ਼ 'ਚ ਰਹਿਣ ਲਈ ਦਸਤਾਵੇਜ਼ ਜ਼ਰੂਰੀ ਹੁੰਦੇ ਹਨ। ਯੂ ਐੱਸ ਸੀ ਆਈ ਐੱਸ ਨੇ ਕਿਹਾ, ਗੈਰ ਪਰਵਾਸੀ ਆਮ ਤੌਰ 'ਤੇ ਗੈਰ ਮੌਜੂਦਗੀ ਨੂੰ ਸਵੀਕਾਰ ਨਹੀਂ ਕਰਦੇ। ਜਦੋਂ ਸਮੇਂ 'ਤੇ ਰੁਕਣ ਦੀ ਅਪੀਲ ਦਰਜ ਕੀਤੀ ਜਾਂਦੀ ਹੈ ਤਾਂ 1-94 ਦੀ ਸਮਾਪਤੀ ਤੋਂ ਬਾਅਦ 240 ਦਿਨਾਂ ਤੱਕ ਵਧਾਈ ਜਾਂਦੀ ਹੈ।

ਯੂ ਐੱਸ ਸੀ ਆਈ ਐੱਸ ਵੈੱਬਸਾਈਟ ਅਨੁਸਾਰ ਜੇ ਕੋਈ ਪਟੀਸ਼ਨਰ ਜਾਂ ਬਿਨੈਕਾਰ ਅਧਿਕਾਰਤ ਦਾਖਲਾ ਮਿਆਦ ਖਤਮ ਹੋਣ ਤੋਂ ਬਾਅਦ ਰੁਕਣ ਜਾਂ ਬਦਲਣ ਦੀ ਅਪੀਲ ਕਰਦਾ ਹੈ ਤਾਂ ਉਹ ਸਮੇਂ 'ਤੇ ਫਾਈਲ ਕਰਨ 'ਚ ਅਸਫਲਤਾ ਦਾ ਬਹਾਨਾ ਕਰ ਸਕਦਾ ਹੈ। ਇਹ ਉਨ੍ਹਾਂ ਦੇ ਕੰਟਰੋਲ ਤੋਂ ਪਰ੍ਹੇ ਅਸਾਧਾਰਨ ਹਾਲਾਤਾਂ ਕਾਰਨ ਹੁੰਦਾ ਹੈ, ਅਜਿਹਾ ਹੀ ਕੋਵਿਡ-19 ਕਾਰਨ ਹੋ ਸਕਦਾ ਹੈ। ਮੌਜੂਦਾ ਨਿਯਮਾਂ ਦੇ ਅਧੀਨ ਜੇ ਕੋਈ ਐਮਰਜੈਂਸੀ ਸਥਿਤੀ (ਜਿਵੇਂ ਕੋਵਿਡ 19) ਕਿਸੇ ਵਿਅਕਤੀ ਦੇ ਵਿਦਾਇਗੀ ਨੂੰ ਰੋਕਦੀ ਹੈ ਤਾਂ ਵਿਭਾਗ ਆਪਣੀ ਸੋਚ ਨਾਲ ਤੀਹ ਦਿਨਾਂ ਲਈ ਸੰਤੋਸ਼ ਜਨਕ ਵਿਦਾਇਗੀ ਦੀ ਮਿਆਦ ਦੇ ਕਰ ਸਕਦਾ ਹੈ। ਐੱਚ-1ਬੀ ਵੀਜ਼ਾ ਗੈਰ ਪਰਵਾਸੀ ਵੀਜ਼ਾ ਹੈ। ਇਹ ਕਿਸੇ ਕਰਮਚਾਰੀ ਨੂੰ ਅਮਰੀਕਾ ਵਿੱਚ ਛੇ ਸਾਲ ਕੰਮ ਕਰਨ ਲਈ ਜਾਰੀ ਕੀਤਾ ਜਾਂਦਾ ਹੈ। ਅਮਰੀਕਾ 'ਚ ਕੰਪਨੀਆਂ ਨੂੰ ਇਹ ਵੀਜ਼ਾ ਉਨ੍ਹਾ ਕੁਸ਼ਲ ਕਰਮਚਾਰੀਆਂ ਨੂੰ ਰੱਖਣ ਲਈ ਦਿੱਤਾ ਜਾਂਦਾ ਹੈ, ਜਿਨ੍ਹਾਂ ਦੀ ਅਮਰੀਕਾ ਵਿੱਚ ਕਮੀ ਹੋਵੇ। ਇਸ ਵੀਜ਼ੇ ਲਈ ਕੁਝ ਸ਼ਰਤਾਂ ਵੀ ਹਨ। ਜਿਵੇਂ ਇਸ ਨੂੰ ਪਾਉਣ ਵਾਲੇ ਵਿਅਕਤੀ ਨੂੰ ਗ੍ਰੈਜੂਏਟ ਹੋਣ ਦੇ ਨਾਲ ਕਿਸੇ ਇੱਕ ਖੇਤਰ ਵਿੱਚ ਵਿਸ਼ੇਸ਼ ਯੋਗਤਾ ਹਾਸਲ ਹੋਣੀ ਚਾਹੀਦੀ ਹੈ। ਨਾਲ ਹੀ ਇਸ ਨੂੰ ਪਾਉਣ ਵਾਲੇ ਕਰਮਚਾਰੀ ਦੀ ਤਨਖਾਹ ਘੱਟੋ-ਘੱਟ 60 ਹਜ਼ਾਰ ਡਾਲਰ ਯਾਨੀ ਕਰੀਬ ਚਾਲੀ ਲੱਖ ਰੁਪਏ ਸਾਲਾਨਾ ਹੋਣੀ ਚਾਹੀਦੀ ਹੈ। ਇਸ ਵੀਜ਼ੇ ਦੀ ਖਾਸੀਅਤ ਹੈ ਕਿ ਉਹ ਹੋਰ ਦੇਸ਼ਾਂ ਦੇ ਲੋਕਾਂ ਲਈ ਅਮਰੀਕਾ 'ਚ ਵੱਸਣ ਦਾ ਰਸਤਾ ਵੀ ਸੌਖਾ ਕਰ ਦਿੰਦਾ ਹੈ, ਐੱਚ-1ਬੀ ਵੀਜ਼ਾ ਧਾਰਕ ਪੰਜ ਸਾਲ ਬਾਅਦ ਸਥਾਈ ਨਾਗਰਿਕਤਾ ਦੀ ਅਰਜ਼ੀ ਦੇ ਸਕਦੇ ਹਨ। ਇਸ ਵੀਜ਼ੇ ਦੀ ਮੰਗ ਇੰਨੀ ਵੱਧ ਹੈ ਕਿ ਇਸ ਨੂੰ ਹਰ ਸਾਲ ਲਾਟਰੀ ਰਾਹੀਂ ਜਾਰੀ ਕੀਤਾ ਜਾਂਦਾ ਹੈ। ਐੱਚ-1ਬੀ ਵੀਜ਼ੇ ਦੀ ਸਭ ਤੋਂ ਵੱਧ ਵਰਤੋਂ ਟੀ ਸੀ ਐੱਸ, ਵਿਪਰੋ, ਇੰਫੋਸਿਸ ਅਤੇ ਤਕਨੀਕ ਮਹਿੰਦਰਾ ਵਰਗੀਆਂ ਪੰਜਾਹ ਤੋਂ ਵੱਧ ਭਾਰਤੀ ਆਈ ਟੀ ਕੰਪਨੀਆਂ ਤੋਂ ਇਲਾਵਾ ਮਾਈਕਰੋਸਾਫਟ ਅਤੇ ਗੂਗਲ ਵਰਗੀਆਂ ਵੱਡੀਆਂ ਅਮਰੀਕੀ ਕੰਪਨੀਆਂ ਵੀ ਕਰਦੀਆਂ ਹਨ।

## ਅਮਰੀਕੀ ਬਾਰਡਰ ਏਜੰਸੀ ਦੀ ਹਿਰਾਸਤ ਵਿੱਚ ਭਾਰਤੀ ਕੋਵਿਡ ਤੋਂ ਪੀੜਤ ਹੋ ਗਿਆ

ਨਿਊ ਯਾਰਕ, 30 ਅਪ੍ਰੈਲ (ਪੋਸਟ ਬਿਊਰੋ)- ਮੈਕਸੀਕੋ ਸਰਹੱਦ ਤੋਂ ਅਮਰੀਕਾ 'ਚ ਨਾਜਾਇਜ਼ ਤੌਰ 'ਤੇ ਦਾਖਲ ਹੋਣ ਦੇ ਦੋਸ਼ 'ਚ ਫੜਿਆ ਗਿਆ 31 ਸਾਲਾ ਭਾਰਤੀ ਨਾਗਰਿਕ ਕੋਰੋਨਾ ਵਾਇਰਸ ਤੋਂ ਪੀੜਤ ਪਾਇਆ ਗਿਆ ਹੈ। ਉਹ ਬਾਰਡਰ ਸੁਰੱਖਿਆ ਏਜੰਸੀ ਦੀ ਹਿਰਾਸਤ 'ਚ ਇਨਫੈਕਟਿਡ ਹੋਣ ਵਾਲਾ ਪਹਿਲਾਂ ਵਿਅਕਤੀ ਹੈ।

ਅਮਰੀਕੀ ਕਸਟਮ ਐਂਡ ਬਾਰਡਰ ਪ੍ਰੋਟੈਕਸ਼ਨ ਨੇ ਦੱਸਿਆ ਕਿ 23 ਅਪ੍ਰੈਲ ਨੂੰ ਸਰਹੱਦੀ ਪੈਟਰੋਲਿੰਗ ਏਜੰਟਸ ਨੇ ਮੈਕਸੀਕੋ ਦੇ ਤਿੰਨ ਨਾਗਰਿਕਾਂ ਅਤੇ ਇੱਕ ਭਾਰਤੀ ਨੂੰ ਇਸ ਸ਼ੱਕ 'ਚ ਫੜਿਆ ਕਿ ਉਹ ਕੈਲੇਫੋਰਨੀਆ ਕੋਲ ਮੈਕਸੀਕੋ ਦੀ ਸਰਹੱਦ ਤੋਂ ਨਾਜਾਇਜ਼ ਤਰੀਕੇ ਨਾਲ ਦਾਖਲ ਹੋਇਆ ਹੈ। ਭਾਰਤੀ ਦੀ ਪਛਾਣ ਨਹੀਂ ਦੱਸੀ ਗਈ ਹੈ। ਉਸ ਵਿੱਚ ਫਲੂ ਦੇ




ਲੱਛਣ ਨਜ਼ਰ ਆਉਣ ਤੋਂ ਬਾਅਦ ਡਾਕਟਰਾਂ ਨੇ ਉਸ ਦੀ ਜਾਂਚ ਕੀਤੀ ਅਤੇ ਉਸ ਨੂੰ ਆਈਸੋਲੇਸ਼ਨ ਵਿੱਚ ਰੱਖਿਆ। ਉਸ ਦੀ ਕੋਰੋਨਾ ਵਾਇਰਸ ਦੀ ਜਾਂਚ ਕਰਵਾਈ ਗਈ ਅਤੇ ਇਸ ਵਿੱਚ ਉਸ ਦੇ ਪੀੜਤ ਹੋਣ ਦੀ ਪੁਸ਼ਟੀ ਹੋਈ ਹੈ। ਏਜੰਸੀ ਨੇ ਕਿਹਾ ਕਿ ਉਹ ਸੀ ਬੀ ਪੀ ਦੀ ਹਿਰਾਸਤ ਵਿੱਚ ਕੋਵਿਡ 19 ਤੋਂ ਪੀੜਤ ਹੋਣ ਵਾਲਾ ਪਹਿਲਾ ਵਿਅਕਤੀ ਹੈ। ਉਸ ਨੇ ਕਿਹਾ ਕਿ ਉਹ ਫਿਲਹਾਲ ਉਨ੍ਹਾਂ ਲੋਕਾਂ ਦਾ ਪਤਾ ਲਗਾ ਰਹੀ ਹੈ, ਜੋ ਉਸ ਦੇ ਸੰਪਰਕ ਵਿੱਚ ਆਏ ਹਨ।

# ਪਲਾਜ਼ਮਾ ਥੈਰੇਪੀ ਨਾਲ ਇਲਾਜ ਕਰਨ ਉਤੇ ਬਰੇਕ ਲੱਗੀ

ਨਵੀਂ ਦਿੱਲੀ, 30 ਅਪ੍ਰੈਲ (ਪੋਸਟ ਬਿਊਰੋ)- ਕੋਰੋਨਾ ਵਾਇਰਸ ਦੇ ਇਲਾਜ ਵਿੱਚ ਪਲਾਜ਼ਮਾ ਥੈਰਪੀ ਦੇ ਇਸਤੇਮਾਲ ਵਸਤੇ ਵੱਧਦੇ ਉਤਸ਼ਾਹ ਬਾਰੇ ਸਿਹਤ ਮੰਤਰਾਲੇ ਅਤੇ ਭਾਰਤੀ ਮੈਡੀਕਲ ਖੋਜ ਕੌਂਸਲ (ਆਈ ਸੀ ਐਮ ਆਰ) ਨੇ ਰਾਜ ਸਰਕਾਰਾਂ ਨੂੰ ਸਾਵਧਾਨ ਕੀਤਾ ਹੈ। ਮੰਤਰਾਲੇ ਨੇ ਸਾਫ਼ ਕੀਤਾ ਹੈ ਕਿ ਇਹ ਹਾਲੇ ਪ੍ਰਯੋਗ ਦੇ ਦੌਰ ਵਿੱਚ ਹੈ ਤੇ ਇਸ ਦਾ ਕੋਈ ਸਬੂਤ ਨਹੀਂ ਹੈ ਕਿ ਇਸਦੇ ਇਸਤੇਮਾਲ ਨਾਲ ਕੋਵਿਡ-19 ਦੇ ਇਲਾਜ ਵਿੱਚ ਕੀਤਾ ਜਾ ਸਕਦਾ ਹੈ। ਜਦੋਂ ਤੱਕ ਇਸ ਥੈਰੇਪੀ ਨਾਲ ਇਲਾਜ ਵਿਗਿਆਨਕ ਰੂਪ ਨਾਲ ਸਾਬਤ ਨਹੀਂ ਹੋ ਜਾਂਦਾ, ਉਦੋਂ ਤੱਕ ਰਿਸਰਚ ਅਤੇ ਕਲੀਨਿਕਲ ਟਰਾਇਲ ਤੋਂ ਇਲਾਵਾ ਹੋਰ ਕਿਸੇ ਤਰ੍ਹਾਂ ਨਾਲ ਇਸਦਾ ਇਸਤੇਮਾਲ ਗ਼ੈਰ-ਕਾਨੂੰਨੀ ਹੈ। ਇਸ ਬਾਰੇ ਸਿਹਤ ਮੰਤਰਾਲੇ ਦੇ ਜਾਇੰਟ ਸੈਕਟਰੀ ਲਵ ਅਗਰਵਾਲ ਮੁਤਾਬਕ ਨੇ ਕਿਹਾ ਕਿ ਭਾਰਤ ਸਮੇਤ ਦੁਨੀਆ ਵਿੱਚ ਕੋਰੋਨਾ ਵਾਇਰਸ ਦਾ ਕੋਈ ਇਲਾਜ ਨਹੀਂ ਹੈ। ਪੂਰੀ ਦੁਨੀਆ ਦੇ ਵਿਗਿਆਨਕ ਇਸ ਦੇ ਇਲਾਜ ਲਈ ਵੱਖ-ਵੱਖ ਤਰੀਕਿਆਂ ਨਾਲ ਟਰਾਇਲ ਕਰ ਰਹੇ ਹਨ, ਜਿਨ੍ਹਾਂ ਵਿੱਚ ਪਲਾਜ਼ਮਾ ਥੈਰੇਪੀ ਵੀ ਹੈ। ਹਾਲੇ ਇਹ ਟਰਾਇਲ ਪੱਧਰ 'ਤੇ ਹੈ ਅਤੇ ਇਸ ਦਾ ਕੋਈ ਸਬੂਤ ਨਹੀਂ ਕਿ ਇਸ ਇਲਾਜ ਨਾਲ ਕੋਰੋਨਾ ਦਾ ਮਰੀਜ਼ ਪੂਰਾ ਠੀਕ ਹੋ ਜਾਵੇਗਾ। ਇਥੋਂ ਤੱਕ ਕਿ ਅਮਰੀਕਾ ਦੀ ਫੈਡਰਲ ਡਰੱਗ ਏਜੰਸੀ ਵੀ ਇਸ ਨੂੰ ਇੱਕ ਪ੍ਰਯੋਗ ਵਾਲੀ ਥੈਰੇਪੀ ਵਜੋਂ ਹੀ ਦੇਖਦੀ ਹੈ। ਦਿੱਲੀ, ਕੇਰਲ, ਮਹਾਰਾਸ਼ਟਰ, ਬੰਗਾਲ ਸਮੇਤ ਕਈ ਰਾਜਾਂ ਨੇ ਕੋਰੋਨਾ ਦੇ ਇਲਾਜ ਲਈ ਪਲਾਜ਼ਮਾ ਥੈਰੇਪੀ ਦੇ ਇਸਤੇਮਾਲ ਦੀ ਇਜਾਜ਼ਤ ਮੰਗੀ ਸੀ। ਆਈ ਸੀ ਐਮ ਆਰ ਨੇ ਇਸਦੇ ਲਈ ਗਾਈਡਲਾਈਨਜ਼ ਜਾਰੀ ਕਰਦੇ ਹੋਏ ਕਿਹਾ ਕਿ ਪਲਾਜ਼ਮਾ ਥੈਰੇਪੀ ਸ਼ੁਰੂ ਕਰਨ ਤੋਂ ਪਹਿਲਾਂ ਉਸ ਨੂੰ ਡਰੱਗ ਕੰਟਰੋਲਰ ਜਨਰਲ ਆਫ ਇੰਡੀਆ ਤੋਂ ਇਜਾਜ਼ਤ ਲੈਣੀ ਪਵੇਗੀ। ਕੁਝ ਵੱਡੇ ਹਸਪਤਾਲਾਂ ਵਿੱਚ ਪਲਾਜ਼ਮਾ ਥੈਰੇਪੀ ਨੂੰ ਕੋਰੋਨਾ ਦੇ ਇਲਾਜ ਵਿੱਚ ਸਫਲ ਹੋਣ ਦੇ ਦਾਅਵੇ ਮਗਰੋਂ ਰਾਜਾਂ ਵਿੱਚ ਇਸ ਨਾਲ ਇਲਾਜ ਦੀ ਹੋੜ ਲੱਗ ਗਈ।



## ਕਾਂਗਰਸੀ ਸਰਪੰਚ ਦੇ ਪਤੀ ਨੇ ਬੱਸ ਚਾਲਕ ਦਾ ਕਤਲ ਕੀਤਾ




ਕਾਦੀਆਂ, 30 ਅਪ੍ਰੈਲ (ਪੋਸਟ ਬਿਊਰੋ)- ਏਥੋਂ ਨੇੜਲੇ ਪਿੰਡ ਖਾਰਾ ਦੀ ਮਹਿਲਾ ਸਰਪੰਚ ਦੇ ਪਤੀ ਨੇ ਆਪਣੀ ਲਾਇਸੈਂਸੀ ਦੋਨਾਲੀ ਨਾਲ ਕੱਲ੍ਹ ਰਾਤ ਇੱਕ ਵਿਅਕਤੀ ਦਾ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ। ਪੀੜਤ ਦੀ ਪਛਾਣ ਦਿਲਬਾਗ ਸਿੰਘ (52) ਵਜੋਂ ਹੋਈ ਹੈ, ਜੋ ਕਾਦੀਆਂ ਵਿੱਚ ਇੱਕ ਸਕੂਲ ਬੱਸ ਚਲਾਉਂਦਾ ਸੀ। ਪੁਲਸ ਨੇ ਵੱਖ ਵੱਖ ਧਾਰਾਵਾਂ ਦਾ ਕੇਸ ਦਰਜ ਕਰਕੇ ਮੁਲਜ਼ਮ ਮਨਬੀਰ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ ਹੈ।

ਪਤਾ ਲੱਗਾ ਹੈ ਕਿ ਪਿੰਡ ਖਾਰਾ ਦੀ ਕਾਂਗਰਸੀ ਸਰਪੰਚ ਸੁਖਬੀਰ ਕੌਰ ਦੇ ਪਤੀ ਮਨਬੀਰ ਸਿੰਘ ਨੇ ਦਿਲਬਾਗ਼ ਸਿੰਘ ਪੁੱਤਰ ਬੇਅੰਤ ਸਿੰਘ ਵਾਸੀ ਖਾਰਾ ਦੀ ਬੀਤੀ ਰਾਤ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਹੈ। ਮ੍ਰਿਤਕ ਦਿਲਬਾਗ਼ ਸਿੰਘ ਦੇ ਪੁੱਤਰ ਜਗਰੂਪ ਸਿੰਘ ਨੇ ਦੱਸਿਆ ਕਿ ਰਾਤ ਕਰੀਬ 11 ਵਜੇ ਸਰਪੰਚ ਦਾ ਪਤੀ ਮਨਬੀਰ ਸਿੰਘ ਉਨ੍ਹਾਂ ਦੇ ਘਰ ਮੂਹਰੇ ਆ ਕੇ ਗਾਲ੍ਹਾਂ ਕੱਢਣ ਲੱਗਾ। ਇਸ ਵੇਲੇ ਮਨਬੀਰ ਸਿੰਘ ਸ਼ਰਾਬ ਦੇ ਨਸ਼ੇ ਵਿੱਚ ਸੀ। ਉਨ੍ਹਾਂ ਮਨਬੀਰ ਸਿੰਘ ਨੂੰ ਬਥੇਰਾ ਰੋਕਿਆ ਕਿ ਉਹ ਗਾਲ੍ਹਾਂ ਨਾ ਕੱਢੇ, ਪਰ ਉਹ ਨਾ ਟਲਿਆ। ਇਸ 'ਤੇ ਦੋਵਾਂ ਦਾ ਝਗੜਾ ਹੋ ਗਿਆ। ਮਨਬੀਰ ਸਿੰਘ ਨੇ ਤੈਸ਼ ਵਿੱਚ ਆ ਕੇ ਦਿਲਬਾਗ਼ ਸਿੰਘ ਨੂੰ ਆਪਣੀ ਲਾਇਸੈਂਸੀ ਦੋਨਾਲੀ ਨਾਲ ਗੋਲੀਆਂ ਮਾਰ ਦਿੱਤੀਆਂ। ਥਾਣਾ ਸੇਖਵਾਂ ਪੁਲਸ ਨੇ ਵੱਖ ਵੱਖ ਧਾਰਾਵਾਂ ਤਹਿਤ ਕੇਸ ਦਰਜ ਕਰਕੇ ਮੁਲਜ਼ਮ ਨੂੰ ਉਹਦੇ ਘਰੋਂ ਗ੍ਰਿਫ਼ਤਾਰ ਕਰ ਲਿਆ ਹੈ।

## ਨਸ਼ਾ ਖਰੀਦਣ ਕਪੂਰਥਲਾ ਗਏ ਤਿੰਨ ਪੁਲਸ ਵਾਲੇ ਗ੍ਰਿਫਤਾਰ

ਕਪੂਰਥਲਾ, 30 ਅਪ੍ਰੈਲ (ਪੋਸਟ ਬਿਊਰੋ)- ਕਪੂਰਥਲਾ ਨੇੜਲੇ ਪਿੰਡ ਲਖਣ ਕਲਾਂ ਵਿੱਚ ਨਸ਼ਾ ਖਰੀਦਣ ਜਲੰਧਰ ਤੋਂ ਗਏ ਤਿੰਨ ਪੁਲਸ ਵਾਲਿਆਂ ਨੂੰ ਥਾਣਾ ਸਦਰ ਕਪੂਰਥਲਾ ਦੀ ਪੁਲਸ ਨੇ ਗ੍ਰਿਫਤਾਰ ਕਰ ਲਿਆ ਹੈ। ਇਹ ਸਾਰੇ ਮੁਲਾਜ਼ਮ ਜਲੰਧਰ ਕਮਿਸ਼ਨਰੇਟ ਅਤੇ ਪੀ ਏ ਪੀ ਵਿੱਚ ਤੈਨਾਤ ਹਨ। ਤਿੰਨਾਂ ਦੇ ਖਿਲਾਫ ਕੇਸ ਦਰਜ ਕਰ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਪੁਲਸ ਨੇ ਇਹ ਕਾਰਵਾਈ ਇੱਕ ਵਾਇਰਲ ਵੀਡੀਓ ਦੇ ਆਧਾਰ 'ਤੇ ਕੀਤੀ।

ਜਲੰਧਰ ਕਮਿਸ਼ਨਰੇਟ ਪੁਲਸ ਦਾ ਕਾਂਸਟੇਬਲ ਜਰਮਨਜੀਤ ਸਿੰਘ, ਪੀ ਏ ਪੀ ਜਲੰਧਰ ਦਾ ਕਾਂਸਟੇਬਲ ਦਿਆਲ ਸਿੰਘ ਵਾਸੀ ਤਰਨ ਤਾਰਨ ਅਤੇ ਪੀ ਏ ਪੀ ਜਲੰਧਰ ਵਿੱਚ ਤੈਨਾਤ ਸੀਨੀਅਰ ਕਾਂਸਟੇਬਲ ਜਗਤਾਰ ਸਿੰਘ ਵਾਸੀ ਮੁਹੱਲਾ ਅਜੀਤ ਨਗਰ ਕਪੂਰਥਲਾ ਨੇੜਲੇ ਪਿੰਡ ਲਖਨ ਕਲਾਂ ਦੇ ਕੱਚੇ ਰਸਤਿਉਂ ਦੁਪਹਿਰ 12 ਵਜੇ ਵਰਦੀ ਵਿੱਚ ਕਿਸੇ ਕੋਲੋਂ ਨਸ਼ਾ ਖਰੀਦਣ ਪਹੁੰਚੇ ਸਨ। ਤਿੰਨੇ ਪੁਲਸ ਵਾਲੇ ਨਸ਼ਾ ਕਰਨ ਦੇ ਆਦੀ ਦੱਸੇ ਜਾਂਦੇ ਹਨ। ਪਿੰਡ ਲਖਣ ਕਲਾਂ ਦੇ ਲੋਕਾਂ ਨੇ ਇਨ੍ਹਾਂ ਨੂੰ ਘੇਰ ਲਿਆ। ਲੋਕਾਂ ਨੇ ਜਦ ਪੁਲਸ ਮੁਲਾਜ਼ਮਾਂ ਦੀ ਤਲਾਸ਼ੀ ਲਈ ਤਾਂ ਉਨ੍ਹਾਂ ਦੇ ਕੋਲੋਂ ਇੱਕ ਸਿਰਿੰਜ ਬਰਾਮਦ ਹੋਈ। ਇਸ ਦੇ ਬਾਅਦ ਤਿੰਨੇ ਪੁਲਸ ਮੁਲਾਜ਼ਮ ਪਿੰਡ ਵਾਸੀਆਂ ਦੇ ਸਾਹਮਣੇ ਚੌਕ ਦਾ ਵਾਸਤਾ ਦੇ ਕੇ ਉਨ੍ਹਾਂ ਦੀਆਂ ਮਿੰਨਤਾਂ ਕਰਨ ਲੱਗੇ ਅਤੇ ਲੋਕਾਂ ਨੇ ਤਿੰਨਾਂ ਨੂੰ ਛੱਡ ਦਿੱਤਾ। ਇਸ ਦੌਰਾਨ ਕਿਸੇ ਨੇ ਘਟਨਾ ਦਾ ਵੀਡੀਓ ਬਣਾ ਕੇ ਵਾਇਰਲ ਕਰ ਦਿੱਤਾ। ਵੀਡੀਓ ਦੇ ਆਧਾਰ 'ਤੇ ਥਾਣਾ ਸਦਰ ਦੀ ਪੁਲਸ ਨੇ ਇਨ੍ਹਾਂ ਤਿੰਨਾਂ ਨੂੰ ਗ੍ਰਿਫਤਾਰ ਕਰ ਕੇ ਵੀਡੀਓ ਦੀ ਸੱਚਾਈ ਬਾਰੇ ਪੁੱਛਗਿੱਛ ਕੀਤੀ। ਪੁਲਸ ਮੁਲਾਜ਼ਮਾਂ ਨੇ ਮੰਨਿਆ ਕਿ ਉਹ ਤਿੰਨੇ ਹੀ ਨਸ਼ਾ ਖਰੀਦਣ ਗਏ ਸਨ। ਦੋਸ਼ੀਆਂ ਨੂੰ ਬਾਅਦ ਦੁਪਹਿਰ ਅਦਾਲਤ ਵਿੱਚ ਪੇਸ਼ ਕੀਤਾ ਗਿਆ, ਜਿੱਥੋਂ ਉਨ੍ਹਾਂ ਨੂੰ ਜ਼ਮਾਨਤ ਮਿਲ ਗਈ।



## ਸੀਨੀਅਰ ਭਾਜਪਾ ਨੇਤਾ ਸ਼ੀਤਲ ਅੰਗੁਰਾਲ ਜੂਆ ਖੇਡਦਾ ਕਾਬੂ

ਜਲੰਧਰ, 30 ਅਪ੍ਰੈਲ (ਪੋਸਟ ਬਿਊਰੋ)- ਥਾਣਾ ਭਾਰਗੋ ਕੈਂਪ ਪੁਲਸ ਨੇ ਸੀਨੀਅਰ ਭਾਜਪਾ ਨੇਤਾ ਅਤੇ ਐੱਸ ਸੀ ਮੋਰਚਾ ਦੀ ਕੌਮੀ ਕਾਰਜਕਾਰਨੀ ਦੇ ਸਾਬਕਾ ਮੈਂਬਰ ਸ਼ੀਤਲ ਅੰਗੁਰਾਲ ਸਮੇਤ ਦਸ ਲੋਕਾਂ ਨੂੰ ਜੂਆ ਖੇਡਣ ਦੇ ਦੋਸ਼ ਵਿੱਚ ਗ੍ਰਿਫਤਾਰ ਕੀਤਾ ਹੈ। ਪੁਲਸ ਨੂੰ ਤਾਸ਼ ਦੇ ਪੱਤਿਆਂ ਸਮੇਤ ਮੌਕੇ ਤੋਂ ਦੋ ਲੱਖ 590 ਰੁਪਏ ਦੀ ਨਕਦੀ ਵੀ ਮਿਲੀ ਹੈ। ਬਾਕੀ ਦੋਸ਼ੀਆਂ ਦੀ ਪਛਾਣ ਬਲਦੇਵ ਰਾਜ, ਕਪਿਲ ਕੁਮਾਰ, ਅਤੁਲ ਕੁਮਾਰ, ਦੀਪਕ, ਸੁਖਪ੍ਰੀਤ ਸਿੰਘ, ਨਵੀਨ ਮਹਾਜਨ, ਅਜੈ ਵਰਮਾ, ਵਿਵੇਕ ਮਹਾਜਨ ਅਤੇ ਕੀਰਤੀ ਦੇ ਰੂਪ ਵਿੱਚ ਹੋਈ ਹੈ, ਜਦ ਕਿ ਦੋ ਜਣੇ ਫਰਾਰ ਹੋ ਗਏ। ਜੂਆ ਖੇਡਣਾ ਜ਼ਮਾਨਤੀ ਅਪਰਾਧ ਹੋਣ ਦੇ ਕਾਰਨ ਸ਼ੀਤਲ ਅੰਗੁਰਾਲ ਨੂੰ ਥਾਣੇ ਤੋਂ ਜ਼ਮਾਨਤ ਮਿਲ ਗਈ, ਜਿਸ ਦੇ ਬਾਅਦ ਥਾਣੇ ਵਿੱਚ ਹੀ ਉਸ ਨੇ ਪੁਲਸ 'ਤੇ ਉਸ ਨੂੰ ਝੂਠੇ ਕੇਸ ਵਿੱਚ ਫਸਾਉਣ ਦਾ ਦੋਸ਼ ਲਾ ਕੇ ਧਮਕੀ ਦਿੱਤੀ ਅਤੇ ਕਿਹਾ ਕਿ ਉਸ ਨੇ ਆਪਣੇ ਲੋਕਾਂ ਨੂੰ ਕਹਿ ਦਿੱਤਾ ਹੈ, ਜੋ ਵੀ ਨੁਕਸਾਨ ਹੋਵੇਗਾ ਉਸ ਦਾ ਜ਼ਿੰਮੇਵਾਰ ਉਹ ਨਹੀਂ ਹੋਵੇਗਾ। ਇਸ ਤੋਂ ਪਹਿਲਾਂ ਜਦ ਉਸ ਨੂੰ ਪੁਲਸ ਗ੍ਰਿਫਤਾਰ ਕਰ ਕੇ ਥਾਣੇ ਲੈ ਕੇ ਪਹੁੰਚੀ ਤਾਂ ਉਥੇ ਉਸ ਨੇ ਹੰਗਾਮਾ ਸ਼ੁਰੂ ਕਰ ਦਿੱਤਾ ਅਤੇ ਪੁਲਸ 'ਤੇ ਦੋਸ਼ ਲਾਇਆ ਕਿ ਚਾਰ ਲੋਕਾਂ ਨੂੰ ਪੁਲਸ ਕਿਸੇ ਹੋਰ ਜਗ੍ਹਾ ਤੋਂ ਫੜ ਕੇ ਲਿਆਈ ਹੈ। ਪੁਲਸ ਵੱਲੋਂ ਏ ਸੀ ਪੀ ਵੈਸਟ ਬਰਜਿੰਦਰ ਸਿੰਘ ਨੇ ਦੱਸਿਆ ਕਿ ਪੁਲਸ ਨੇ ਗੁਪਤ ਸੂਚਨਾ 'ਤੇ ਕਾਲਾ ਸੰਘਾ ਰੋਡ ਦੇ ਇੱਕ ਘਰ ਵਿੱਚ ਛਾਪਾ ਮਾਰਿਆ ਸੀ ਅਤੇ ਇਸ ਮਾਮਲੇ ਵਿੱਚ ਸਾਰੇ ਦੋਸ਼ੀਆਂ ਦੇ ਖਿਲਾਫ ਵੱਖ-ਵੱਖ ਧਾਰਾਵਾਂ ਦਾ ਕੇਸ ਦਰਜ ਕੀਤਾ ਹੈ। ਅੰਗੁਰਾਲ ਨੂੰ ਸਾਬਕਾ ਪਾਰਲੀਮੈਂਟ ਮੈਂਬਰ ਵਿਜੇ ਸਾਂਪਲਾ ਦਾ ਬੇਹੱਦ ਕਰੀਬੀ ਮੰਨਿਆ ਜਾਂਦਾ ਹੈ। ਉਨ੍ਹਾਂ ਕਾਰਨ ਹੀ ਉਸ ਨੂੰ ਐੱਸ ਸੀ ਮੋਰਚਾ ਦੀ ਰਾਸ਼ਟਰੀ ਕਾਰਜਕਾਰਨੀ ਦਾ ਮੈਂਬਰ ਵੀ ਪਿਛਲੀ ਸਰਕਾਰ ਵੇਲੇ ਬਣਾਇਆ ਗਿਆ ਸੀ। ਸਾਲ 2019 ਵਿੱਚ ਜਦ ਸਾਂਪਲਾ ਦੀ ਟਿਕਟ ਕੱਟੀ ਤਾਂ ਸ਼ੀਤਲ ਅੰਗੁਰਾਲ ਨੇ ਸੋਸ਼ਲ ਮੀਡੀਆ ਵਿੱਚ ਨਰਾਜ਼ਗੀ ਜ਼ਾਹਿਰ ਕਰਦੇ ਹੋਏ ਭਾਜਪਾ ਤੋਂ ਅਸਤੀਫਾ ਦੇਣ ਦੀ ਖੁੱਲ੍ਹੇਆਮ ਧਮਕੀ ਦੇ ਦਿੱਤੀ ਸੀ।




# ਕਾਮਿਆਂ ਦੀ ਲੋੜ

ਨਰਸਰੀ ਵਿੱਚ ਕੰਮ ਕਰਨ ਲਈ ਬੰਦਿਆਂ ਦੀ ਲੋੜ ਹੈ। ਰੋਜਾਨਾ ਕੰਮ ਅਤੇ ਚੰਗੀ ਪੇਅ ਦਿੱਤੀ ਜਾਵੇਗੀ। ਰਾਈਡ ਦੀ ਵੀ ਪੂਰਾ ਪ੍ਰਬੰਧ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:

**647-764-3637**

# ਹੈਲਪਰ ਦੀ ਲੋੜ ਹੈ



**Construction Company**

FULL TIME WORK

416-618-3358 | 905-789-7783






**Matrimonial**

ਰਿਸ਼ਤੇ ਹੀ ਰਿਸ਼ਤੇ

Starting at just $10

ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ ਕਾਲ ਕਰੋ: 905-793-2202


## ਲੜਕੀ ਦੀ ਲੋੜ

ਜੱਟ ਸਿੱਖ ਗਰੇਵਾਲ ਲੜਕਾ, 1994, ਕੱਦ 6'2'', ਜੋ ਕਿ ਆਸਟ੍ਰੇਲੀਆ 'ਚ ਸਟੱਡੀ ਵੀਜ਼ੇ 'ਤੇ ਰਹਿ ਰਿਹਾ ਹੈ, ਲਈ ਕੈਨੇਡਾ ਤੋਂ ਲੜਕੀ ਦੀ ਲੋੜ ਹੈ। ਲੜਕੇ ਦੀ ਇਕ ਭੈਣ ਕੈਨੇਡਾ (ਟੋਰਾਂਟੋ) ਤੇ ਦੂਸਰੀ ਭੈਣ ਆਸਟ੍ਰੇਲੀਆ 'ਚ ਸੈਟਲਡ ਹੈ। ਲੜਕੇ ਦੇ ਮਾਤਾ ਜੀ ਸੁਪਰ ਵੀਜ਼ੇ 'ਤੇ ਕੈਨੇਡਾ ਆਏ ਹੋਏ ਹਨ। ਸੰਪਰਕ:-647-772-6650, ਵਟਸ ਐਪ ਨੰਬਰ:- 99156-62207

Match for Handsome Jat Sikh boy 40/5'10"(Issueless divorce), B.Tech, M.S (USA) Working in MNC as Senior Software Engineer in the USA. Family of Doctors and Engineers. Please respond with recent pics. Email match52020@gmail.com, Whats-app: +91-9815787350

ਜੱਟ ਸਿਖ, 40 ਸਾਲ ਉਮਰ, 1/5 ਸਾਲਾ ਦਾ ਲੜਕਾ, ਬੀ ਫਾਰਮੇਸੀ, ਅਪਨਾ ਬਿਜ਼ਨਸ ਤੇ ਜ਼ਮੀਨ ਜ਼ਾਇਦਾਦ, ਪੰਜਾਬ ਫੀਰੋਜ਼ਪੁਰ ਤੋਂ, ਵੀਜ਼ਟਰ ਵਿਜੇ ਤੇ ਆਏ ਲਈ ਪੀ-ਆਰ ਜਾਂ ਵੱਰਕ ਪਰਮਿਟ ਲੜਕੀ ਦੀ ਲੋੜ ਹੈ। ਲੜਕੇ ਦੀ ਭੈਣ ਕੈਨੇਡਾ ਵਿੱਚ ਵੈਲ-ਸੈਟਲਡ ਹੈ। ਸੰਪਰਕ ਕਰੋ: 647-625-5706

ਕੈਨੇਡਾ ਵਿੱਚ ਵੈੱਲ ਸੈਟਲਡ, ਵਿੰਨੀਪੈਗ ਰਹਿ ਰਹੇ ਕੈਨੇਡਾ ਤੋਂ ਐਮਬੀਏ ਦੀ ਡਿਗਰੀ ਪ੍ਰਾਪਤ ਗੁਲਾਟੀ ਪਰਿਵਾਰ ਦੇ 29 ਸਾਲਾ ਲੜਕੇ, ਕੱਦ 6 ਫੁੱਟ 3 ਇੰਚ ਲਈ ਲੰਮੀਂ ਉੱਚੀ ਤੇ ਪੜ੍ਹੀ ਲਿਖੀ ਯੋਗ ਕੰਨਿਆ ਦੀ ਜ਼ਰੂਰਤ ਹੈ। ਤਰਨਤਾਰਨ ਵਿੱਚ ਪਰਿਵਾਰ ਦਾ ਜਿਊਲਰੀ ਦਾ ਕਾਰੋਬਾਰ ਹੈ। ਚਾਹਵਾਨ ਸੱਜਣ ਇਨ੍ਹਾਂ ਨੰਬਰਾਂ ਉੱਤੇ ਸੰਪਰਕ ਕਰ ਸਕਦੇ ਹਨ-9815908662, 9815032106,416-817-4684.

ਜੱਟ ਸਿੱਖ ਧਨੋਆ ਲੜਕਾ, ਉਮਰ 27 ਸਾਲ ਕੱਦ 5'11'' ਮਿਕੈਨੀਕਲ ਇੰਜਨੀਅਰ ਅੰਮ੍ਰਿਤਧਾਰੀ ਵਿਜ਼ਿਟਰ ਵੀਜ਼ੇ ਉਤੇ ਆਏ, ਲਈ PR/Citizen/Studentਲੜਕੀ ਦੀ ਲੋੜ ਹੈ। ਲੜਕਾ ਆਪਣੇ ਮਾਮਾ-ਮਾਮੀ ਕੋਲ ਰਹਿ ਰਿਹਾ ਹੈ। ਤਲਾਕਸੁਦਾ ਉਤੇ ਵੀ ਗੌਰ ਕੀਤੀ ਜਾ ਸਕਦੀ ਹੈ। (Studentਦਾ ਖਰਚਾ ਵੀ ਕਰ ਸਕਦੇ ਹਾਂ) ਲੜਕੇ ਦਾ ਭਰਾ ਆਸਟ੍ਰੇਲੀਆ ਰਹਿ ਰਿਹਾ ਹੈ। ਸੰਪਰਕ: 416-708-4100

ਕੈਨੇਡੀਅਨ ਇਮੀਗ੍ਰੈਂਟ ਕੰਬੋਜ ਸਿੱਖ (ਚਤਰਥ) ਲੜਕਾ ਉਮਰ 32 ਸਾਲ 5'8'' ਸੋਹਣਾ ਸੁਨੱਖਾ, ਲਈ ਪੜ੍ਹੀ ਲਿਖੀ ਕੈਨੇਡਾ ਰਹਿੰਦੀ ਲੜਕੀ ਦੀ ਲੋੜ ਹੈ। ਮੁੰਡੇ ਦਾ ਸਾਰਾ ਪਰਿਵਾਰ ਕੈਨੇਡਾ ਸੈਟਲਡ ਹੈ। ਸੰਪਰਕ: 780-297-7375

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5'10'', Dentist, MBAਆਸਟਰੇਲੀਆ ਵਿੱਚ ਵੱਰਕ ਪਰਮਿਟ ਤੇ ਰਹਿੰਦੇ ਲੜਕੇ ਲਈ ਵਧੀਆ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ :647-280-6503 | +91-98142-02918 (Whatsapp)

Seeking a suitable match for their son, never married, 43 years, 6' tall, fair, Ramdasia Gursikh, Amritdhari, Canadian citizen. Father class 1 retied officer and well settled family. Serious queries please respond on email sukhi_cancer@yahoo.com or call 416-721-5191 or 647-308-4411(contact after 5 pm)

## ਲੜਕੀ ਦੀ ਲੋੜ

ਸੁਨਿਆਰਾ ਲੜਕਾ, ਉੱਮਰ 25 ਸਾਲ, ਕੱਦ 5'8'', ਕੈਨੇਡੀਅਨ ਸਿਟੀਜ਼ਨ, ਵੈਲ ਸੇਟਲਡ, ਆਪਣਾ ਕਾਰੋਬਾਰ ਲਈ ਕੈਨੇਡੀਅਨ/ਅਮਰੀਕਨ ਸਿਟੀਜਨ ਜਾਂ ਪੀ ਆਰ ਲੜਕੀ ਦੀ ਲੋੜ ਹੈ। ਸਟੂਡੈਂਟ ਜਾਂ ਵਰਕ ਪਰਮਟ ਹੋਲਡਰ ਵੀ ਸੰਪਰਕ ਕਰ ਸਕਦੇ ਹਨ। ਕਿਰਪਾ ਕਰਕੇ ਆਪਣੇ ਬਰਾਦਰੀ ਵਾਲੇ ਹੀ ਸੰਪਰਕ ਕਰਨ।
ਕਾਲ : 647-739-3600 ।

ਅਰੋੜਾ ਸਿੱਖ ਲੜਕਾ, ਉੱਮਰ 36 ਸਾਲ, ਕੱਦ 5'11',ਕੇਨੈਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰ ਰਹੇ ਲੜਕੇ ਲਈ ਘਰੇਲੂ ਅਤੇ ਪੀ ਆਰ/ ਵਰਕ ਪਰਮਿਟ ਲੜਕੀ ਦੀ ਲੋੜ ਹੈ। ਕਿਰਪਾ 30 ਤੋ ਵੱਧ ਉੱਮਰ ਦੀਆਂ ਲੜਕੀਆਂ ਹੀ ਸੰਪਰਕ ਕਰਨ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 431-998-8022

ਜੱਟ ਸਿੱਖ ਲੜਕਾ, ਉੱਮਰ 27 ਸਾਲ, ਕੱਦ 5'11'', ਕੈਨੇਡਾ ਵਿੱਚ ਪੀ ਆਰ ਹੈ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਓਹੀ ਸੰਪਰਕ ਕਰਨ ਜੋ ਲੜਕੇ ਦੇ ਦੁਬਈ ਰੋਹਿੰਦੇ ਭਰਾ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ ਲੋਕਲ: (587)-936-0127 ਜਾਂ ਇੰਡੀਆ: +91-94179-16049

ਜੱਟ ਸਿੱਖ ਲੜਕਾ, ਉੱਮਰ 28 ਸਾਲ, ਕੱਦ 5'7'', ਕੈਨੇਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੀ ਆਰ ਜਾਂ ਸਿਟੀਜਨ , ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕੇਨੈਡਾ ਵਿੱਚ ਪੀ ਆਰ ਅਤੇ ਵਧੀਆ ਸੈਟਲਡ ਹੈ। ਪੰਜਾਬ ਤੋਂ ਮਾਝੇ ਜਿਲ੍ਹੇਂ ਨੂੰ ਪਹਿਲ ਦਿੱਤੀ ਜਾਵੇਗੀ। ਕਾਲ ਕਰੋ: 716-536-1939 ਜਾਂ ਵਟਸਐਪ ਕਰੋ: +91-98144-90449

ਜੱਟ ਸਿੱਖ ਲੜਕਾ ਗਰੇਵਾਲ, ਉੱਮਰ 35 ਸਾਲ, ਕੱਦ 5'5'', ਪੀ ਆਰ, ਕੈਨੇਡਾ ਵਿੱਚ ਵੈਲ ਸੈਟਲਡ, ਤਲਾਕਸੁਦਾ ਪਰ ਬੇਕਸੂਰ ਅਤੇ ਕੋਈ ਬੱਚਾ ਨਹੀਂ, ਨਸ਼ਾ ਰਹਿਤ, ਪੰਜਾਬ ਵਿੱਚ ਸ਼ਹਿਰੀ ਜ਼ਮੀਨ ਦਾ ਮਾਲਕ ਲਈ ਖਾਨਦਾਨੀ ਲੜਕੀ ਦੀ ਲੋੜ ਹੈ। ਪੀ ਆਰ ਲੜਕੀ ਨੂੰ ਪਹਿਲ। ਲੜਕੇ ਦੇ ਮਾਤਾ ਪਿਤਾ ਸੂਪਰਵੀਜ਼ੇ ਤੇ ਕੈਨੇਡਾ ਆਏ ਹਨ ਅਤੇ ਭੈਣ ਵੇਲ ਸੈਟਲਡ ਹੈ। ਲੜਕੇ ਦਾ ਭਰਾ ਅਮਰੀਕਾ ਵਿੱਚ ਰਹਿੰਦਾ ਹੈ। ਵਧੇਰੀ ਜਾਣਕਾਰੀ ਲਈ ਕਾਲ ਕਰੋ: 647-836-5403

## ਲੜਕੇ ਦੀ ਲੋੜ

Need Match for a Jatt Sikh Brar girl, age 24, 5'8 inches. Came in canada on study permit. Holding Hotel and Management Diploma. All family in Canada. Boy should be Canadian Immigrant or Well Settled Citizen. Contact 4167290140, 2895415227, 4372361257.

ਲੁਬਾਣਾ ਸਿੱਖ ਪਰਿਵਾਰ, ਉਮਰ 26 ਸਾਲ, ਕੱਦ 5'5'', ਕੈਨੇਡੀਅਨ ਯੂਨੀਵਰਸਿਟੀ ਤੋਂ ਬੀ ਐਸ ਸੀ ਡੀਗਰੀ ਪ੍ਰਾਪਤ ਕੀਤੀ ਹੈ ਅਤੇ ਆਪਣੀ ਫੀਲਡ ਵਿੱਚ ਹੀ ਚੰਗੀ ਜੋਬ ਕਰ ਰਹੀ ਹੈ ਲਈ ਚੰਗੇ, ਯੋਗ ਅਤੇ ਪੜੇ ਲਿਖੇ ਲੜਕੇ ਦੀ ਲੋੜ ਹੈ। ਜੀ ਟੀ ਏ ਨੂੰ ਪਹਿਲ। ਕਾਲ ਕਰੋ : 647-938-9464

Seeking a suitable match for Canadian born punjabi tonk kshatriya girl, 36 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਜੱਟ ਸਿੱਖ ਢਿੱਲੋਂ ਲੜਕੀ, ਉਮਰ 31 ਸਾਲ, ਕੱਦ 5'-3'', ਪੜ੍ਹੀ-ਲਿਖੀ ਤੇ ਕੈਨੇਡਾ ਵਿੱਚ P.R ਲੜਕੀ ਲਈ ਪੜ੍ਹਿਆ-ਲਿਖੀਆ P.R ਜਾਂ Work Permit/Visitor Visa ਤੇ ਆਏ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 28 ਸਾਲ ਤੋ ਘੱਟ ਨਾ ਹੋਵੇ ਤੇ ਨਸ਼ਿਆ ਤੋਂ ਰਹਿਤ ਹੋਵੇ। ਮਾਲਵੇ ਨੂੰ ਪਹਿਲ। ਸੰਪਰਕ ਕਰੋ: +91 98881-21412 ਜਾਂ +91 97802-16716

ਰਸੂਖ਼ਦਾਰ ਪੰਜਾਬੀ ਖੱਤਰੀ ਪਰਿਵਾਰ ਦੀ ਖੂਬਸੂਰਤ ਤੇ ਚੰਗੀ ਪੜ੍ਹੀ ਲਿਖੀ ਲੜਕੀ ਲਈ ਵੈੱਲਸੈਟਲਡ ਤੇ ਯੋਗ ਵਰ ਦੀ ਭਾਲ ਹੈ। ਲੜਕੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਜੀਆਈਐਸ ਐਂਡ ਰਿਮੋਟ ਸੈਂਸਿੰਗ ਵਿੱਚ ਪੋਸਟ ਗ੍ਰੈਜੂਏਟ ਹੈ। ਲੜਕੀ ਦੀ ਉਮਰ 29 ਸਾਲ, ਕੱਦ 5 ਫੁੱਟ 1 ਇੰਚ ਹੈ। ਲੜਕੀ ਸੁਸ਼ੀਲ ਤੇ ਪਰਿਵਾਰਪੱਖੀ ਸੋਚ ਰੱਖਣ ਵਾਲੀ ਹੈ। ਲੜਕੀ ਭਾਰਤ ਦੀ ਨਾਗਰਿਕ ਹੈ ਤੇ ਇਸ ਸਮੇਂ ਭਾਰਤ ਵਿੱਚ ਹੀ ਹੈ। ਭਰਾ ਦਾ ਪਰਿਵਾਰ ਸਥਾਈ ਤੌਰ ਉੱਤੇ ਟੋਰਾਂਟੋ ਸੈਟਲਡ ਹੈ। ਇਸ ਸਮੇਂ ਪਿਤਾ ਟੋਰਾਂਟੋ ਵਿੱਚ ਹਨ। ਸੰਪਰਕ : 416-890-2725 (ਪਿਤਾ), 416-457-8631 (ਭਰਾ), email- mthapar21@gmail.com


Check our Free E-paper at:
www.canadianpunjabipost.ca

ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post




## ਲੜਕੇ ਦੀ ਲੋੜ

ਰਾਮਗੜ੍ਹੀਆ ਲੜਕੀ, 1986 ਦਾ ਜਨਮ, ਕੱਦ 5'2'', ਗੋਰਾ ਰੰਗ, ਯੋਗਤਾ ਐਮ.ਸੀ.ਏ., ਕੈਨੇਡੀਅਨ ਇਮੀਗ੍ਰਾਂਟ, ਆਈ.ਟੀ. ਕੰਪਨੀ ਟੋਰਾਂਟੋ ਵਿੱਚ ਪ੍ਰੋਫੈਸ਼ਨਲ ਅਤੇ ਚੰਗੀ ਪੋਸਟ 'ਤੇ ਜੌਬ ਕਰ ਰਹੀ, ਲਈ ਪੜ੍ਹੇ ਲਿਖੇ ਅਤੇ ਯੋਗ ਵਰ ਦੀ ਲੋੜ ਹੈ। ਲੜਕੀ ਦੀਆਂ ਦੋ ਭੈਣਾਂ, ਇੱਕ ਯੂ.ਕੇ. ਅਤੇ ਦੂਜੀ ਇੰਡੀਆ ਵਿੱਚ ਵੈਲ ਸੈਟਲਡ ਹਨ। ਕਿਰਪਾ ਕਰਕੇ ਲੜਕਾ ਆਪਣਾ ਅਤੇ ਆਪਣੇ ਪਰਿਵਾਰ ਦਾ ਸਾਰਾ ਵੇਰਵਾ ਆਪਣੀ ਫੋਟੋ ਸਮੇਤ ਭੇਜੇ। Email jeetsjandu@gmail.com ਜਾਂ ਸਾਨੂੰ ਵਟਸਐਪ ਨੰਬਰ ਤੇ ਸੰਪਰਕ ਕਰ ਸਕਦੇ ਹੋ: +919463328029

ਜੱਟ ਸਿੱਖ ਗਿਲ ਲੜਕੀ, ਉਮਰ 23 ਸਾਲ, ਕੱਦ 5'-3'', ਨੈਨੀ ਬੇਸ ਤੇ ਆਏ ਲੜਕੀ ਲਈ ਕੈਨੇਡੀਅਨ P.R ਜਾਂ ਸਿਟੀਜ਼ਨ ਲੜਕੇ (25 ਤੋਂ 30 ਸਾਲਾ ਉਮਰ) ਦੀ ਲੋੜ ਹੈ। ਸੰਪਰਕ ਕਰੋ: 437-221-4002

ਜੱਟ ਸਿੱਖ ਲੜਕੀ, ਉਮਰ 29 ਸਾਲ , ਕੱਦ 5'1'', ਸਟਡੀ ਵੀਜੇ ਤੇ ਆਈ, M.A (English) & Education Technology Diploma ਲੜਕੀ ਲਈ, ਪੜ੍ਹਿਆ-ਲਿਖਿਆ, ਖਾਨਦਾਨੀ ਕੈਨੇਡੀਅਨ PR ਜਾਂ ਵਰਕ ਪਰਮਿਟ ਤੇ ਆਏ ਲੜਕੇ ਦੀ ਲੋੜ ਹੈ।ਸੰਪਰਕ ਕਰੋ : 647-994-1985 | 416-494-9943


Seeking a suitable match for Canadian born punjabi tonk kshatriya girl, 35 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਜੱਟ ਸਿੱਖ ਸਰਾਂ, ਉਮਰ 32 ਸਾਲ, ਕੱਦ 6'' ਫੁੱਟ, **Canadian P.R** ਲੜਕੇ ਲਈ ਲੜਕੀ ਦੀ ਲੋੜ ਜਿਹੜੀ **Visitor/Nanny** ਜਾਂ ਫਿਰ **Student** ਹੋਵੇ ਅਤੇ ਉਮਰ 26 ਸਾਲ, ਜਾਂ ਉਸ ਤੋਂ ਉੱਪਰ ਹੋਵੇ। ਸੰਪਰਕ ਕਰੋ: 289-489-9321

ਜੱਟ ਸਿੱਖ ਬੈਨੀਪਾਲ ਲੜਕੀ, ਉੱਮਰ 23 ਸਾਲ, ਯੋਗਤਾ ਬੀ ਐਸ ਸੀ ਨਰਸਿੰਗ, ਵਰਕ ਪਰਮਿਟ ਤੇ' ਰਹਿ ਰਹੀ ਅਤੇ ਬੇਲ ਕੰਪਨੀ ਵਿੰਨ ਨੌਕਰੀ ਕਰਦੀਲੜਕੀ ਲਈ ਲੜਕੇ ਦੀ ਲੋੜ ਹੈ। ਉਹੀ ਸੰਪਰਕ ਕਰਨ ਜੋ ਲੜਕੀ ਦੇ ਇੰਡੀਆ ਰਹਿੰਦੇ ਭਰਾ ਜਿਸਦੀ ਉੱਮਰ 26 ਸਾਲ, ਬੀ ਏ ਪਾਸ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ: 647-544-3435

25 ਸਾਲਾਂ ਲੜਕੀ, 5'3'', ਕੈਮੀਕਲਟੈਕਨੀਸ਼ਅਨ ਦਾ ਕੋਰਸ ਕੀਤਾ ਹੈ ਅਤੇ ਵਿਜ਼ੀਟਰ ਵੀਜੇ ਤੇ' ਕੈਨੇਡਾ ਹੈ ਲਈ ਵੈਸ਼ਨੂੰ ਪੀ ਆਰ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਕਾਲ 647-687-6642 ਜਾਂ +91-99142-41710


# UPPAL LAW



AVTAR UPPAL
Manager

IMMIGRATION SERVICES
- Visitor Visa
- Super Visa
- Study,Work,Visitor Extension Visa
- Spousal Applications
- Family Sponsorship
- Permanent Residence Card Renewal
- Citizenship Application
- All Invitation Letters

OTHER PRACTICES
- Criminal Law
- Family Law
- Power of Attorney
- Change of Name
- Notarization
- Travel Consent
- Affidavit
- Landlord and Tenant Matters



AMAN UPPAL
Barrister,Solicitor

FREE Consultation

Tel: 905-500-1507
351 Parkhurst Square, # 16,
Brampton,ON L6T 0C2, Fax: 905-672-7848

* PRIOR APPOINTMENT NECESSARY



ਫੋਨਾਂ ਦੇ ਸਸਤੇ ਪਲਾਨ ਗਾਰੰਟਿਡ

ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓਂ

15 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ

(905)790-9999

2565 Steeles Ave. E, Brampton (Steeles/Torbram)



STARLANE PAINTING

Residential • Commercial • Industrial

• Hotel • Motel • Exterior
• Interior • Spray Painting
• Office Painting • Drywall Fixing

ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ

7 Days A Week

Call For FREE Estimate

ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋਂ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ



ਹਰਜੀਤ ਧਨੋਆ

416.230.4000 • 647.409.1092

www.STARLANEPAINTING.com

# ਮੇਜ਼ਬਾਨੀ ਖੁੱਸਣ ਪਿੱਛੋਂ ਭਾਰਤੀ ਮੁੱਕੇਬਾਜ਼ੀ ਫੈਡਰੇਸ਼ਨ ਨੇ ਕਾਹਲੀ ਦਾ ਦੋਸ਼ ਲਾਇਆ

ਨਵੀਂ ਦਿੱਲੀ, 30 ਅਪ੍ਰੈਲ (ਪੋਸਟ ਬਿਊਰੋ)- ਭਾਰਤੀ ਮੁੱਕੇਬਾਜ਼ੀ ਫੈਡਰੇਸ਼ਨ (ਬੀ ਐਫ ਆਈ) ਨੇ 2021 'ਚ ਹੋਣ ਵਾਲੀ ਪੁਰਸ਼ ਵਿਸ਼ਵ ਚੈਂਪੀਅਨਸ਼ਿਪ ਦੇ ਮੇਜ਼ਬਾਨੀ ਦੇ ਅਧਿਕਾਰ ਵਾਪਸ ਲਏ ਜਾਣ ਪਿੱਛੋਂ ਕਿਹਾ ਕਿ ਅੰਤਰਰਾਸ਼ਟਰੀ ਮੁੱਕੇਬਾਜ਼ੀ ਐਸੋਸੀਏਸ਼ਨ (ਏ ਆਈ ਬੀ ਏ) ਨੇ ਜਲਦਬਾਜ਼ੀ 'ਚ ਫ਼ੈਸਲਾ ਕੀਤਾ।



ਏ ਆਈ ਬੀ ਏ ਨੇ ਕੱਲ੍ਹ ਰਾਤ ਬਿਆਨ ਜਾਰੀ ਕਰ ਕੇ ਕਿਹਾ ਕਿ ਮੇਜ਼ਬਾਨੀ ਫ਼ੀਸ ਇਹ ਚੈਂਪੀਅਨਸ਼ਿਪ ਭਾਰਤ ਦੀ ਬਜਾਏ ਸਰਬੀਆ ਦੀ ਰਾਜਧਾਨੀ ਬੇਲਗ੍ਰੇਡ 'ਚ ਕਰਵਾਈ ਜਾਵੇਗੀ। ਭਾਰਤ ਨੂੰ 2017 'ਚ ਇਸ ਦੀ ਮੇਜ਼ਬਾਨੀ ਸੌਂਪੀ ਗਈ ਸੀ। ਭਾਰਤੀ ਮੁੱਕੇਬਾਜ਼ੀ ਫੈਡਰੇਸ਼ਨ ਨੇ ਮੰਨਿਆ ਕਿ ਦੇਰੀ ਹੋਈ ਹੈ, ਪਰ ਕਿਹਾ ਕਿ ਪੈਸਾ ਕਿਸ ਖਾਤੇ 'ਚ ਭੇਜਣਾ ਹੈ, ਇਸ ਬਾਰੇ ਮਸਲਾ ਸੁਲਝਾਉਣ ਵਿੱਚ ਏ ਆਈ ਬੀ ਏ ਨਾਕਾਮ ਰਹਿਣ ਕਾਰਨ ਇਸ ਪ੍ਰਕਿਰਿਆ ਵਿੱਚ ਅੜਚਣ ਆਈ। ਕਰੀਬ 40 ਲੱਖ ਡਾਲਰ ਦਾ ਇਹ ਭੁਗਤਾਨ ਪਿਛਲੇ ਸਾਲ ਦੋ ਦਸੰਬਰ ਵਿੱਚ ਹੋਣਾ ਸੀ। ਭਾਰਤ 'ਚ ਇਹ ਟੂਰਨਾਮੈਂਟ ਪਹਿਲੀ ਵਾਰ ਹੋਣ ਵਾਲਾ ਸੀ। ਏ ਆਈ ਬੀ ਆਈ ਨੇ ਇੱਕ ਬਿਆਨ 'ਚ ਕਿਹਾ ਕਿ ਭਾਰਤ ਮੇਜ਼ਬਾਨ ਸ਼ਹਿਰ ਵਾਲੇ ਸਮਝੌਤੇ ਦੇ ਨਿਯਮਾਂ ਤਹਿਤ ਮੇਜ਼ਬਾਨੀ ਫ਼ੀਸ ਨਹੀਂ ਭਰ ਸਕਿਆ, ਜਿਸ ਨਾਲ ਏ ਆਈ ਬੀ ਏ ਨੇ ਕਰਾਰ ਤੋੜ ਦਿੱਤਾ। ਭਾਰਤ ਨੂੰ ਇਹ ਕਰਾਰ ਰੱਦ ਹੋਣ ਦੇ ਕਾਰਨ 500 ਡਾਲਰ ਦਾ ਜੁਰਮਾਨਾ ਭਰਨਾ ਹੋਵੇਗਾ।

ਏ ਆਈ ਬੀ ਏ ਨੂੰ ਅੰਤਰਰਾਸ਼ਟਰੀ ਉਲੰਪਿਕ ਕਮੇਟੀ ਨੇ ਮਾੜੇ ਵਿੱਤੀ ਪ੍ਰਬੰਧਾਂ ਕਾਰਨ ਸਸਪੈਂਡ ਕੀਤਾ ਹੋਇਆ ਹੈ। ਭਾਰਤੀ ਮੁੱਕੇਬਾਜ਼ੀ ਫੈਡਰੇਸ਼ਨ ਨੇ ਇੱਕ ਬਿਆਨ ਵਿੱਚ ਕਿਹਾ ਕਿ ਲੁਸਾਨੇ ਵਿੱਚ ਏ ਆਈ ਬੀ ਏ ਦੇ ਖਾਤੇ ਬੰਦ ਕਰ ਦਿੱਤੇ ਗਏ ਹਨ। ਸਰਬੀਆ 'ਚ ਇੱਕ ਖਾਤੇ ਰਾਹੀਂ ਉਸ ਨੂੰ ਪਿਛਲੇ ਭੁਗਤਾਨ ਕਰਨੇ ਸਨ। ਸਰਬੀਆ 'ਫਾਇਨਾਂਸ਼ੀਅਲ ਐਕਸ਼ਨ ਟਾਸਕ ਫੋਰਮ' (ਐਫ ਏ ਟੀ ਐਫ) ਦੀ ਕਾਲੀ ਸੂਚੀ 'ਚ ਆਉਂਦਾ ਹੈ ਤਾਂ ਭਾਰਤੀ ਬੈਂਕ ਆਮ ਤੌਰ 'ਤੇ ਉਥੇ ਪੈਸਾ ਨਹੀਂ ਭੇਜਦੇ। ਏ ਆਈ ਬੀ ਏ ਇਹ ਮਸਲਾ ਸੁਲਝਾ ਨਹੀਂ ਸਕਿਆ। ਇਸ ਵਿੱਚ ਕਿਹਾ ਗਿਆ ਕਿ ਇਹ ਫ਼ੈਸਲਾ ਸਾਡੇ ਨਾਲ ਸਲਾਹ ਕੀਤੇ ਬਿਨਾਂ ਜਲਦਬਾਜ਼ੀ 'ਚ ਲਿਆ ਗਿਆ ਹੈ।

# ਅਮਰੀਕਾ ਦੇ ਝੰਡੇ ਨਾਲ ਦੂਜੀ ਵਾਰ ਇਕ ਮਹੀਨੇ ਲਈ ਝੂਲੇਗਾ ਖਾਲਸਈ ਝੰਡਾ

***ਖਾਲਸਈ ਝੰਡਾ ਚੜ੍ਹਾਉਣ ਦੀ ਰਸਮ 29 ਅਪ੍ਰੈਲ ਖਾਲਿਸਤਾਨ ਐਲਾਨਨਾਮਾ ਦਿਹਾੜੇ ਨੂੰ ਕੀਤੀ ਗਈ ਸਮਰਪਿਤ**

ਵਾਸ਼ਿੰਗਟਨ, 30 ਅਪ੍ਰੈਲ (ਪੋਸਟ ਬਿਓਰੋ)- ਖਾਲਸਾ ਪੰਥ ਲਈ ਅਪ੍ਰੈਲ ਮਹੀਨੇ ਦੀ ਖਾਸ ਵਿਸ਼ੇਸ਼ਤਾ ਹੈ। ਇਸ ਮਹੀਨੇ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਵਿਸਾਖੀ ਵਾਲੇ ਦਿਨ ਖੰਡੇ ਬਾਟੇ ਦਾ ਅੰਮ੍ਰਿਤ ਛਕਾ ਕੇ ਖਾਲਸਾ ਪੰਥ ਦੀ ਸਿਰਜਣਾ ਕੀਤੀ ਸੀ। ਇਸ ਵੇਲੇ ਕਰੋ-ਨਾਵਾਇਰਸ ਦੀ ਮਹਾਂਮਾਰੀ ਕਾਰਨ ਪੂਰੇ ਵਿਸ਼ਵ ਵਿਚ ਲਾਕਡਾਊਨ ਚੱਲ ਰਿਹਾ ਹੈ ਅਤੇ ਲਗਭਗ ਸਭ ਸਰਗਰਮੀਆਂ ਮੁਲਤਵੀ ਹਨ। ਪਰ ਅਮਰੀਕਨ ਸਿੱਖਾਂ ਵਲੋਂ ਅਮਰੀਕਾ ਦੇ ਸੂਬੇ ਬੋਸਟਨ ਦੇ ਸ਼ਹਿਰ ਹੌਲੀਓਕ ਵਿਚ ਇਤਿਹਾਸ ਦੁਹਰਾਇਆ ਗਿਆ ਹੈ। ਵਰਲਡ ਸਿੱਖ ਪਾਰਲੀਮੈਂਟ ਦੀ ਧਾਰਮਿਕ ਕੌਂਸਲ (ਰਿਲੀਜੀਅਸ ਕੌਂਸਲ) ਦੇ ਗੁਰਨਿੰਦਰ ਸਿੰਘ ਧਾਲੀਵਾਲ ਦੇ ਯਤਨਾਂ ਸਦਕਾ ਹੌਲੀਓਕ ਸ਼ਹਿਰ ਦੇ ਸਿਟੀ ਹਾਲ ਵਿਚ ਅਮਰੀਕਾ ਦੇ ਝੰਡੇ ਨਾਲ ਨਾਲ ਇਕ ਮਹੀਨੇ ਲਈ ਖਾਲਸਈ ਝੰਡਾ ਝੁਲਾਏ ਜਾਣ ਦੇ ਪ੍ਰਬੰਧਾਂ ਨੂੰ ਅਮਲੀ ਰੂਪ ਦਿੱਤਾ ਗਿਆ। ਇਸ ਸਬੰਧੀ ਹਿੰਮਤ ਸਿੰਘ ਕੋਆਰਡੀਨੇਟਰ ਵਰਲਡ ਸਿੱਖ ਪਾਰਲੀਮੈਂਟ ਅਤੇ ਗੁਰਨਿੰਦਰ ਸਿੰਘ ਧਾਲੀਵਾਲ ਖਜ਼ਾਨਚੀ (ਅਮਰੀਕਾ ਰੀਜਨ ਨੇ ਦੱਸਿਆ ਕਿ ਅੱਜ 29 ਅਪ੍ਰੈਲ ਦਾ ਦਿਨ ਸਿੱਖ ਇਤਿਹਾਸ ਵਿਚ ਖਾਸ ਅਹਿਮੀਅਤ ਰੱਖਦਾ ਹੈ, ਅੱਜ ਦੇ ਦਿਨ 29 ਅਪ੍ਰੈਲ, 1986 ਨੂੰ ਸਰਬੱਤ ਖਾਲਸਾ ਵਲੋਂ ਖਾਲਿਸਤਾਨ ਐਲਾਨਨਾਮਾ ਜਾਰੀ ਕੀਤਾ ਗਿਆ ਸੀ। ਅੱਜ ਉਸ ਦਿਨ ਵਰਲਡ ਸਿੱਖ ਪਾਰਲੀਮੈਂਟ ਦੀ ਰਿਲੀਜੀਅਸ ਕੌਂਸਲ ਵਲੋਂ ਬੋਸਟਨ ਸੂਬੇ ਦੇ ਹੌਲੀਓਕ ਸ਼ਹਿਰ ਦੇ ਸਿਟੀ ਹਾਲ ਵਿਚ ਖਾਲਸਈ ਝੰਡਾ ਝੁਲਾ ਕੇ ਖਾਲਿਸਤਾਨ ਐਲਾਨਨਾਮੇ ਦੀ ਯਾਦ ਨੂੰ ਸਮਰਪਿਤ ਕੀਤਾ ਗਿਆ। ਝੰਡਾ ਚੜ੍ਹਾਏ ਜਾਣ ਦੀ ਰਸਮ ਸ਼ਹਿਰ ਦੇ ਮੇਅਰ ਐਲਕਸ ਮੌਰਸ, ਹਿੰਮਤ ਸਿੰਘ ਕੋਆਰਡੀਨੇਟਰ ਵਰਲਡ ਸਿੱਖ ਪਾਰਲੀਮੈਂਟ ਅਤੇ ਗੁਰ-ਨਿੰਦਰ ਸਿੰਘ ਧਾਲੀਵਾਲ ਖਜ਼ਾਨਚੀ ਅਮਰੀਕਾ ਰੀਜਨ) ਵਲੋਂ ਨਿਭਾਈ ਗਈ ਜਦਕਿ ਇਸ ਮੌਕੇ ਚਰਨਜੀਤ ਸਿੰਘ ਸਮਰਾ, ਕੁਲਜੀਤ ਸਿੰਘ ਅਤੇ ਸ਼ਹਿਰ ਦੇ ਪ੍ਰਸ਼ਾਸਨਿਕ ਅਧਿਕਾਰੀ ਵੀ ਹਾਜ਼ਰ ਸਨ। ਇਸ ਮੌਕੇ ਸ. ਮਿਹਰ ਸਿੰਘ ਵਲੋਂ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਗਈ। ਇਸ ਮੌਕੇ ਹਿੰਮਤ ਸਿੰਘ ਕੋਆਰਡੀਨੇਟਰ ਨੇ ਕਿਹਾ ਕਿ ਅਮਰੀਕਾ ਰਹਿੰਦੇ ਸਿੱਖ ਭਾਈਚਾਰੇ ਲਈ ਇਹ ਬਹੁਤ ਹੀ ਮਾਣ ਵਾਲੀ ਗੱਲ ਹੈ ਕਿ ਦੁਨੀਆਂ ਦੇ ਸਰਵਸ੍ਰੇਸ਼ਟ ਮੁਲਕ ਅਮਰੀਕਾ ਵਿਚ ਅਧਿਕਾਰਤ ਤੌਰ 'ਤੇ ਅਮਰੀਕਾ ਦੇ ਝੰਡੇ ਦੇ ਨਾਲ ਖਾਲਸਾਈ ਝੰਡਾ ਝੂਲੇਗਾ। ਉਨ੍ਹਾਂ ਕਿਹਾ ਕਿ ਅਮਰੀਕਾ ਵਰਲਡ ਸਿੱਖ ਪਾਰਲੀਮੈਂਟ ਦੀਆਂ ਕੋਸ਼ਿਸ਼ਾਂ ਨੂੰ ਬੂਰ ਇਸ ਲਈ ਪਿਆ ਹੈ ਕਿਉਂਕਿ ਅਮਰੀਕਾ ਧਾਰਮਿਕ ਅਜ਼ਾਦੀ ਦਾ ਮੁੱਦਈ ਹੈ ਜਦਕਿ ਭਾਰਤ ਵਰਗੇ ਮੁਲਕ ਵਿਚ ਘੱਟ ਗਿਣਤੀਆਂ ਨੂੰ ਦਬਾਉਣ ਦੀ ਨੀਤੀ ਅਪਣਾਈ ਜਾ ਰਹੀ ਹੈ। ਉਨ੍ਹਾਂ ਇਸ ਦਿਹਾੜੇ ਤੇ ਸਮੁੱਚੇ ਸਿੱਖ ਪੰਥ ਨੂੰ ਵਧਾਈ ਦਿੱਤੀ ਅਤੇ ਕਿਹਾ ਕਿ ਵਰਲਡ ਸਿੱਖ ਪਾਰਲੀਮੈਂਟ ਸਿੱਖ ਭਾਈਚਾਰੇ ਦਾ ਦੁਨੀਆਂ 'ਚ ਮਾਣ ਵਧਾਉਣ ਲਈ ਹਰ ਸੰਭਵ ਕਾਰਜ ਕਰਦੀ ਰਹੇਗੀ।






jobs! jobs! jobs! jobs! jobs!

DUNDAS·JAFINE

**HELP WANTED**

ਕਾਮਿਆਂ ਦੀ ਲੋੜ

ਜਨਰਲ ਲੇਬਰ ਦਾ ਕੰਮ ਉਪਲੱਬਧ ਹੈ

ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ

ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ

ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Rd., Brampton

ਜਾਂ ਫੇਰ ਈ-ਮੇਲ ਕਰੋ:
jbrown@dundasjafine.com
kkaur@dundasjafine.com



ਕਾਮਿਆਂ ਦੀ ਲੋੜ

ਫਾਰਮ ਵਿੱਚ ਕੰਮ ਕਰਨ ਲਈ ਕਾਮਿਆ ਦੀ ਤੁਰੰਤ ਜਰੂਰਤ ਹੈ। Pickup ਅਤੇ Drop off ਦੀ ਵੀ ਪੂਰਾ ਪ੍ਰਬੰਧ ਹੈ।
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:
ਸੂਬੇਦਾਰ ਜਾਂ ਅਵਤਾਰ ਸਿੰਘ
647-400-0060
ਬਲਬੀਰ: 289-541-5384
ਵੈਨ ਡਰਾਈਵਰ ਦੀ ਲੋੜ ਹੈ। ਤੁਸੀ ਆਪਣੀ ਕਾਰ ਲੈ ਕੇ ਵੀ ਬਰਲਿੰਗਟਨ, ਓਕਵਿੱਲ ਅਤੇ ਮੀਲਟਨ ਜਾ ਸਕਦੇ।



ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202



ਪੇਪਰ ਡਲਿਵਰੀ ਵਾਸਤੇ ਕਾਮਿਆਂ ਦੀ ਜ਼ਰੂਰਤ
ਸੈਰ ਸਪਾਟੇ ਨਾਲ ਹੁਣ ਕਰੋ ਕਮਾਈ

Flyer Distribution
ਅਸੀਂ ਪੇਪਰਾਂ ਦੀ ਡਲੀਵਰੀ ਕਰਦੇ ਹਾਂ ਅਤੇ ਸਾਨੂੰ ਵੀਕਡੇਜ਼ ਵਾਸਤੇ ਬੰਦਿਆਂ ਦੀ ਜ਼ਰੂਰਤ ਹੈ ਜਿਨ੍ਹਾਂ ਨੇ ਪੇਪਰਾਂ ਦਾ ਕੰਮ ਕੀਤਾ ਹੋਵੇ ਉਨ੍ਹਾਂ ਨੂੰ ਪਹਿਲ ਦਿੱਤੀ ਜਾਵੇਗੀ।
ਮਾਰਕਟਿੰਗ ਲਈ ਤਜਰੇਬੇਕਾਰ ਪ੍ਰੋਫੈਸ਼ਨਲਜ ਦੀ ਤੁਰੰਤ ਲੋੜ ਹੈ, ਵਧੀਆ ਪੈਕੇਜ
ਰੈਕਸਡੇਲ, ਮਾਲਟਨ ਅਤੇ ਬਰੈਂਪਟਨ ਦੇ ਨਿਵਾਸੀ ਹੀ ਕਾਲ ਕਰਨ।
ਹੋਰ ਜਾਣਕਾਰੀ ਲਈ ਕਾਲ ਕਰੋ। 416-726-9409 647-208-7011



CALL TODAY FOR ANY CLASSIFIED OR MATRIMONIAL AD !!!
905-793-2202



ਫੈਨਸਾਂ ਜਾਂ ਘਰਾਂ ਦੇ ਰੰਗ ਕਰਨ ਲਈ ਇਕੋ ਨਾਂ, ਇਕੋ ਨੂੰ:
647 202 7902 ਜਾਂ 647 794 6514
8 ਸਾਲਾਂ ਦਾ ਤਜ਼ਰਬਾ। ਵਾਜਿਬ ਰੇਟ ਤੇ ਸਮੇ ਸਿਰ ਕੰਮ
ਰੇਟ: $14/ਘੰਟਾ



ਟੱਰਕ ਤੇ ਟ੍ਰੇਲਰ ਰਿਪੇਅਰ ਸ਼ਾਪ ਨੂੰ ਮਕੈਨਿਕਾਂ ਦੀ ਲੋੜ ਹੈ
• 6 ਦਿਨ ਕੰਮ ਸੋਮਵਾਰ ਤੋ ਸ਼ਨੀਵਾਰ • Biweekly payment
• Homely Environment • ਵਧੀਆ ਤਨਖਾਹ
Minimum 1 year experience & Trained mechanic
ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
647.898.4042/416.505.6857
(Call from 9am to 6pm)



GF1
Security Jobs - Security Guard Training - Licensing
Job Guaranteed after completion of the training
Weekend ਤੇ ਵੀ Security ਲਈ Training Classes ਲਗਾਈਆਂ ਜਾਂਦੀਆਂ ਹਨ
■ Ministry of Community Safety and Correctional Services approved. ■ We speak English, Hindi, Punjabi &Urdu.
■ Training by Professional Instructors. First Aid & CPR certification included. ■ Limited time offer:$199/-
We Also Provide All Level's of First Aid & CPR Training
• Emergency First Aid & CPR Level's A.B.C
• Standard First Aid & CPR Level's A.B.C.HCP
• Stay at Home Course
• Baby Sitting Course
• Little Rescuers
H.O: 1332 Khalsa Dr.,Unit 3,2nd Floor,Mississauga, L5S1W5 (Near Dixie Gurdwara)
647-710-7760
Email: info@gf1security.com
1085 Bellamy Rd (N) Unit #210 Scarbrough (Toronto)
647-929-7736
Web: www.gf1security.com
REVIVE EMS
CANADIAN RED CROSS Training Partner



A/Z CITY DRIVER WANTED
INNOVATION Transportation
◦A/Z City Drivers Needed
◦Good Pay and good Mileage
◦Day, Afternoon & Weekend Shifts
◦Weekly Pay
$22 /Hour
◦7 Days Work ◦All Shifts Available
Toronto ਤੇ Montreal ਲਈ ਵੀ ਡਰਾਇਵਰਾਂ ਦੀ ਲੋੜ ਹੈ
Call : 416- 268-9952
70 Delta Park Blvd, Unit # 4, Brampton



Call for Free Estimates
A-1 RENOVATION GTA INC
416-456-1462
OVER 15 YEARS OF SERVICE
Professionals in Completing Basements within 3 Weeks
$1,000
Services: • Complete Basement • Tiles • Bathrooms • Plumbing • Laminate • Hardwood Floor • Painting
info@a1renovationgta.com
www.a1renovationgta.com
A-1 RENOVATION GTA INC.
22 Listcreek Road, Brampton L6p 2n6



ਕੀ ਤੁਸੀਂ ਕੰਮ ਲੱਭ ਰਹੇ ਹੋ?
ਤਾਂ ਅੱਜ ਹੀ ਕਾਲ ਕਰੋ!
AL EMPLOYMENT SERVICES INC
Looking for Experienced:
◦ Machine Operators ◦ AZ-DZ Drivers
◦ Forklift Driver ◦ Machine Mechanic
◦ Millwright's
(905) 564-2322 | (416) 700 0011
Monday-Friday (10am to 5:30pm)
6630 Tomken Rd., Mississauga, L5T 1N1



HOMELIFE SILVERCITY Realty Inc. Brokerage
Kulwinder Chhina
SALES REPRESENTATIVE
647.293.2327
www.Kulwinderchhina.com



CELLNTELL DISTRIBUTION INC
1-401 Traders Blvd E, Mississauga. ON
Requires F/T Permanent Position. "General Manager Financial Communication and Services to do the following:
• Create and establish finance operational methods /policies or strategies by evaluating trends to increase the growth of business.
• Determine the company's mission and strategic direction as conveyed through policies and concrete objectives which are met through the effective management of human, financial and material resources
• Authorize and organize the establishment of major departments and associated senior staff positions
• Plan, Monitor and review job contributions and compensation strategies.
• Establish productivity, quality and customer service strategies.
• Conduct operation strategies to improve, reduce cost and system enhancement.
• Monitor and Manage support services for accounts and finance. Facilitate coordination and communication between support functions.
• Represent the organization, or delegate representatives to act in negotiations or other official functions.
Salary: $57 per hour with 35hrs week, Experience:5 yrs, Bachelor's Degree (Required) with English Proficiency.
Email Resume : umar.w@cellntell.com



PESTAGON Ltd
PEST CONTROL SERVICES
* RESIDENTIAL * COMMERCIAL
LICENCED BY GOVERNMENT
INSURED & BONDED
EVERY SERVICE WITH WARRANTY
SERVING GTA
CALL: 905-463-2153
Ants, Wasp, Centepede, Fleas, Bed Bugs




RESIDENTIAL - COMMERCIAL PROPERTY - INDUSTRIAL
KARAM SINGH PUNIAN
Sales Representative
For all your Real Estate Need Call
416.262.2600
Email: karampunian@gmail.com
HomeLife Maple Leaf Realty Ltd.
80 Eastern Ave, Brampton, ON
Tel: 905.456.9090

# ਰਿਸ਼ੀ ਕਪੂਰ ਵਰਗੇ ਅਦਾਕਾਰ ਕਦੇ ਮਰਦੇ ਨਹੀਂ ਸਗੋਂ ਆਪਣੀ ਅਦਾਕਾਰੀ ਰਾਹੀਂ ਹਮੇਸ਼ਾ ਲੋਕਾਂ ਦੇ ਦਿਲਾਂ ਤੇ ਰਾਜ ਕਰਦੇ ਹਨ

ਜਦੋਂ ਸਾਲ 1973 ਵਿਚ ਰਿਸ਼ੀ ਕਪੂਰ ਦੀ ਪਹਿਲੀ ਫਿਲਮ "ਬਾਬੀ" ਰਲੀਜ਼ ਹੋਈ ਤਾਂ ਮੈਂ ਉਸ ਸਮੇਂ ਪੁਲਿਸ ਟਰੇਨਿੰਗ ਕਾਲਜ ਫਿਲੌਰ ਕੋਰਸ ਕਰ ਰਿਹਾ ਸੀ। ਫਿਲਮਾਂ ਦਾ ਸ਼ੁਕੀਨ ਹੋਣ ਕਾਰਨ ਇਹ ਫਿਲਮ ਵੇਖਣ ਦੀ ਇਛਾ ਵੀ ਤੀਬਰ ਸੀ, ਪਰ ਇਸ ਕੰਮ ਲਈ ਛੁੱਟੀ ਮਿਲਣੀ ਕਿਸੇ ਤਰਾਂ ਵੀ ਸੰਭਵ ਨਹੀਂ ਸੀ। ਫਿਰ ਵੀ ਮੈਂ ਫਿਲਮ ਰਲੀਜ਼ ਹੋਣ ਵਾਲੇ ਦਿਨ ਹੀ ਫਿਲੌਰ ਕਿਲ੍ਹੇ ਤੋਂ ਚੋਰੀ ਭੱਜਕੇ ਸੋਸਾਇਟੀ ਸਿਨਮਾਂ ਲੁਧਿਆਣਾਂ ਵਿਖੇ "ਬੋਬੀ" ਫਿਲਮ ਦਾ ਰਾਤ 9 ਵਜੇ ਵਾਲਾ ਸ਼ੋਅ ਵੇਖਣ ਵਿਚ ਕਾਮਯਾਬ ਹੋ ਗਿਆ ਤੇ ਬਾਅਦ ਵਿਚ ਵੀ ਮੈਂ ਕਈ ਵਾਰ ਇਹ ਫਿਲਮ ਵੇਖੀ। ਰਿਸ਼ੀ ਕਪੂਰ ਦੀ ਖੂਬਸੂਰਤੀ ਤੇ ਅਦਾਕਾਰੀ ਦਾ ਕਮਾਲ ਹੀ ਸੀ ਕਿ ਮੈਂ ਉਸਦੀ ਕੋਈ ਵੀ ਫਿਲਮ ਮਿਸ ਨਾ ਕਰ ਸਕਿਆ।

ਗੱਲ 1992 ਦੀ ਹੈ ਜਿਲ੍ਹਾ ਪ੍ਰਸ਼ਾਸਨ ਵਲੋਂ ਰੈਡ ਕਰਾਸ ਦੀ ਸਹਾਇਤਾ ਲਈ ਫਿਲਮੀ ਕਲਾਕਾਰਾਂ ਦੀ ਇਕ ਬਹੁਤ ਖੂਬਸੂਰਤ ਨਾਈਟ ਦਾ ਆਯੋਜਿਨ ਹੋ ਰਿਹਾ ਸੀ, ਇਸੇ ਸਾਲ ਮੇਰੀ ਨਿਰਦੇਸ਼ਨਾਂ ਵਿਚ ਇਕ ਸੱਭਿਆਚਾਰਕ ਵਿਰਾਸਤੀ ਸ਼ੋਅ "ਵੰਝਲੀ ਦੀ ਤਾਨ" ਕਰਵਾਇਆ ਗਿਆ ਸੀ ਜਿਸ ਦੀ ਕਾਮਯਾਬੀ ਦੀਆਂ ਗਲਾਂ ਹਰ ਹੱਟੀ-ਭੱਠੀ ਤੋਂ ਹੁੰਦੀਆਂ ਹੋਈਆਂ ਸਰਕਾਰੇ ਦਰਬਾਰੇ ਪੁੱਜ ਚੁਕੀਆਂ ਸਨ ਜਿਸ ਕਰਕੇ ਮੈਨੂੰ ਪਤਾ ਹੀ ਨਹੀਂ ਲਗਾ ਕੇ ਕਦ ਮੈਂ ਇਸ ਫਿਲਮੀ ਨਾਈਟ ਦੇ ਪ੍ਰਬੰਧਕਾਂ ਵਿਚ ਸ਼ਾਮਲ ਹੋ ਗਿਆ। ਇਸ ਫਿਲਮੀ ਨਾਈਟ 'ਚ ਰਿਸ਼ੀ ਕਪੂਰ, ਹੀਰੋਇਨ ਰਵੀਨਾ ਟੰਡਨ, ਹਾਸ ਕਲਾਕਾਰ ਮਹਿਬੂਬ, ਅਸ਼ਵਨੀ ਭਾਵੇ, ਅਰਚਨਾ ਪੂਰਨ ਸਿੰਘ ਵਰਗੇ ਅਨੇਕਾਂ ਚਮਕਦੇ ਫਿਲਮੀ ਸਿਤਾਰੇ ਪੁੱਜ ਰਹੇ ਸਨ ਤੇ ਮੇਰੇ ਲਈ ਇਸ ਤੋਂ ਵੱਧ ਖੁਸ਼ੀ ਦੀ ਗਲ ਕੀ ਹੋ ਸਕਦੀ ਸੀ ਜਿਥੇ ਮੇਰਾ ਹਰਮਨ ਪਿਆਰਾ ਹੀਰੋ ਰਿਸ਼ੀ ਕਪੂਰ ਵੀ ਆ ਰਿਹਾ ਸੀ ।

ਖੈਰ ਸ਼ੋਅ ਸ਼ੁਰੂ ਹੋਇਆ, ਐਂਕਰ ਨਵਨੀਤ ਨਿਸ਼ਾਨ ਨੂੰ ਮਾਈਕ ਹਵਾਲੇ ਕਰਨ ਤੋਂ ਪਹਿਲਾਂ ਜਰੂਰੀ ਹਦਾਇਤਾਂ ਦੀ ਅਨਾਊਨਸਮੈਂਟ ਵੀ ਮੇਰੇ ਵਲੋ ਕੀਤੀ ਗਈ। ਮੇਰੀ ਡਿਊਟੀ ਐਂਕਰ ਅਤੇ ਗਰੀਨ ਰੂਮ ਵਿਚ ਬੈਠੇ ਫਿਲਮੀ ਕਲਾਕਾਰਾਂ ਵਿਚ ਰਾਬਤਾ ਰਖਣ ਦੀ ਸੀ ਤਾਂ ਕਿ ਸ਼ੋਅ ਨੂੰ ਨਿਰਵਿਘਨ ਚਲਾਇਆ ਜਾ ਸਕੇ।



ਲੁਧਿਆਣਾ ਵਿਖੇ ਕਰਵਾਈ ਇਕ ਫਿਲਮੀ ਨਾਈਟ ਸਮੇਂ ਮਰਹੂਮ ਅਦਾਕਾਰ ਰਿਸ਼ੀ ਕਪੂਰ ਦਾ ਸਨਮਾਨ ਕਰਦੇ ਹੋਏ ਉਸ ਸਮੇਂ ਦੇ ਡਿਪਟੀ ਕਮਿਸ਼ਨਰ ਐਸ ਐਸ ਚੰਨੀ ਤੇ ਨਾਲ ਨੇ ਮਿਸ ਵਰਲਡ ਪੰਜਾਬਣ ਮੁਕਾਬਲੇ ਦੇ ਬਾਨੀ ਜਸਮੇਰ ਸਿੰਘ ਢੱਟ।

ਸ਼ੋਅ ਸ਼ੁਰੂ ਹੁੰਦੇ ਹੀ ਸਾਰੇ ਫਿਲਮੀ ਕਲਾਕਾਰ ਜਦੋਂ ਸਟੇਜ ਦੇ ਮਗਰ ਬਣੇ ਅਲੱਗ ਅਲੱਗ ਆਪਣੇ ਕੈਬਨਾਂ ਵਿਚ ਪੁੱਜ ਗਏ ਤਾਂ ਸੱਭ ਤੋਂ ਪਹਿਲਾਂ ਮੈਂ ਉਸ ਕੈਬਨ ਵਿਚ ਗਿਆ ਜਿਸਦੇ ਬਾਹਰ ਰਿਸ਼ੀ ਕਪੂਰ ਦੀ ਨੇਮ ਪਲੇਟ ਲੱਗੀ ਹੋਈ ਸੀ। ਪਹਿਲਾਂ ਮੈਂ ਆਪਣੀ ਜਾਣ ਪਹਿਚਾਣ ਕਰਵਾਈ ਜੋ ਰਿਸ਼ੀ ਕਪੂਰ ਨੇ ਬਹੁਤ ਸਲੀਕੇ ਨਾਲ ਮੇਰੀ ਗਲ ਸੁਣੀ ।ਮੇਰੇ ਪੁੱਛਣ ਤੇ ਰਿਸ਼ੀ ਕਪੂਰ ਨੂੰ ਜੋ ਜੋ ਵੀ ਚਾਹੀਦਾ ਸੀ ਮੈਂ ਉਸਦਾ ਤੁੰਰਤ ਇੰਤਜ਼ਾਮ ਕਰਵਾ ਦਿਤਾ। ਇੰਨ੍ਹੇ ਵਿਚ ਡੀ ਸੀ ਸਾਹਿਬ ਸਮੇਤ ਅਪਣੇ ਪ੍ਰੀਵਾਰ ਕੈਬਨ ਵਿਚ ਆ ਗਏ ਤੇ ਮੈਂ ਬਾਹਰ ਚਲਾ ਗਿਆ ।

ਸ਼ੋਅ ਦੌਰਾਨ ਜਦੋ ਵੀ ਮੈਨੂੰ ਸਮਾਂ ਲਗਦਾ ਮੈਂ ਫਿਰ ਅਪਣੇ ਮਹਿਬੂਬ ਹੀਰੋ ਦੇ ਕੈਬਨ ਵਿਚ ਕੁਝ ਪਲ ਚਲਾ ਜਾਂਦਾ ਮੈਂ ਰਿਸ਼ੀ ਕਪੂਰ ਨਾਲ ਅਦਾਕਾਰੀ ਤੇ ਉਸਦੀਆਂ ਫਿਲਮਾਂ ਦੀ ਤਰੀਫ ਕੀਤੀ ਤਾਂ ਉਹ ਬਹੁਤ ਖੁਸ਼ ਹੋਇਆ, ਮੇਰੇ ਨਾਲ ਫੋਟੋ ਵੀ ਖਿਚਵਾਈਆਂ ।ਰਿਸ਼ੀ ਕਪੂਰ ਨਾਲ ਚੰਦ ਪਲ ਗੁਜਾਰਕੇ ਮੈਂ ਮਹਿਸੂਸ ਕੀਤਾ ਕਿ ਉਹ ਜਿਥੇ ਇਕ ਹੰਡਿਆ ਹੋਇਆ ਚੋਟੀ ਦਾ ਅਦਾਕਾਰ ਹੈ ਉਥੇ ਇਕ ਬਹੁਤ ਵਧੀਆ, ਮਿਲਣਸਾਰ ਤੇ ਅਪਣੀਆਂ ਜੜਾਂ ਨਾਲ ਜੁੜ੍ਹਿਆ ਇਨਸਾਨ ਵੀ ਹੈ । ਰਿਸ਼ੀ ਕਪੂਰ ਦੀ ਮੌਤ ਦੀ ਖਬਰ ਸੁਣਕੇ ਤਾਂ ਮੈਂ ਇਕ ਪਲ ਸੁੰਨ ਜਿਹਾ ਹੋ ਗਿਆ ਤੇ ਉਸ ਮਹਾਨ ਕਲਾਕਾਰ ਨਾਲ ਬਿਤਾਏ ਪਲ ਮੇਰੇ ਮੂਹਰੇ ਫਿਲਮ ਵਾਂਗ ਚਲਣ ਲਗੇ ।ਰਿਸ਼ੀ ਕਪੂਰ ਵਰਗੇ ਅਦਾਕਾਰ ਕਦੇ ਮਰਦੇ ਨਹੀਂ ਸਗੋਂ ਆਪਣੀ ਅਦਾਕਾਰੀ ਰਾਹੀਂ ਹਮੇਸ਼ਾ ਲੋਕਾਂ ਦੇ ਦਿਲਾਂ ਤੇ ਰਾਜ ਕਰਦੇ ਰਹਿੰਦੇ ਹਨ!

– ਜਸਮੇਰ ਢੱਟ

ਸੰਪਰਕ- 9872545679

# ਉਨਟੈਰੀਓ ਸਰਕਾਰ ਅਰਥ ਵਿਵਸਥਾ ਨੂੰ ਮੁੜ ਖੋਲ੍ਹਣ ਲਈ ਇਕ ਪੜਾਅ-ਦਰ-ਪੜਾਅ ਦੀ ਯੋਜਨਾ ਬਣਾ ਰਹੀ ਹੈ



ਸੁਰਜੀਤ ਸਿੰਘ ਫਲੋਰਾ



ਸੋਮਵਾਰ ਨੂੰ ਉਨਟੈਰੀਓ ਸਰਕਾਰ ਵਲੋ ਸੂਬੇ ਨੂੰ ਮੁੜ ਤੋਂ ਖੋਲ੍ਹਣ ਲਈ ਇੱਕ ਫਰੇਮਵਰਕ ਜਾਰੀ ਕੀਤਾ ਹੈ। ਜੋ ਕਿ ਓਨਟਾਰੀਓ ਦੇ ਸਿਹਤ ਅਤੇ ਸਿਹਤ ਮਾਹਰਾਂ ਦੇ ਮੁੱਖ ਮੈਡੀਕਲ ਅਫਸਰ ਵਲੋਂ ਮਾਪਦੰਡਾਂ ,ਰੂਪ ਰੇਖਾ ਅਨੁਸਾਰ ਲਾਗੂ ਕੀਤੀ ਜਾ ਰਹੀ ਹੈ। ਇਹ ਮਾਹਿਰ ਐਮਰਜੈਂਸੀ ਉਪਾਵਾਂ ਨੂੰ ਮੁੜ ਤੋਂ ਬਹਾਲ ਕਰਨ ਬਾਰੇ ਸਰਕਾਰ ਨੂੰ ਸਲਾਹ ਦੇਣ ਦੇ ਨਾਲ-ਨਾਲ ਸੁਰੱਖਿਅਤ ਅਤੇ ਹੌਲੀ-ਹੌਲੀ ਮੁੜ ਤੋਂ ਕਾਰੋਬਾਰਾਂ, ਸੇਵਾਵਾਂ ਅਤੇ ਜਨਤਕ ਥਾਵਾਂ ਨੂੰ ਖੋਲ੍ਹਣ ਲਈ ਮਾਰਗ ਦਰਸ਼ਨ ਕਰਨਗੇ। .

ਇਹ ਵੇਰਵਾ ਸੋਮਵਾਰ ਸਵੇਰੇ ਪ੍ਰੀਮੀਅਰ ਡੱਗ ਫੋਰਡ, ਰਾਡ ਫਿਲਿਪਜ਼, ਵਿੱਤ ਮੰਤਰੀ, ਵਿਕ ਫੇਡੇਲੀ, ਆਰਥਿਕ ਵਿਕਾਸ, ਨੌਕਰੀ ਦੇ ਨਿਰਮਾਣ ਅਤੇ ਵਪਾਰ ਮੰਤਰੀ, ਅਤੇ ਕ੍ਰਿਸਟੀਨ ਈਲੀਅਟ, ਡਿਪਟੀ ਪ੍ਰੀਮੀਅਰ ਅਤੇ ਸਿਹਤ ਮੰਤਰੀ ਦੁਆਰਾ ਪ੍ਰਦਾਨ ਕੀਤੇ ਗਏ ਸਨ।

ਫੋਰਡ ਨੇ ਕਿਹਾ, "ਸਾਡੀ ਮੁੱਖ ਤਰਜੀਹ ਉਨਟੈਰੀਓ ਦੇ ਲੋਕਾਂ ਦੀ ਸਿਹਤ ਅਤੇ ਸੁਰੱਖਿਆ ਦੀ ਨੂੰ ਪਹਿਲ ਕਦਮੀ ਦੇ ਅਧਾਰ ਤੇ ਲੈ ਰਹੀ ਹੈ। ਸਾਡੇ ਫਰੰਟ ਲਾਈਨ ਨਾਇਕਾਂ ਦਾ ਸਮਰਥਨ ਕਰਦੀ ਹੈ। ਕਿਉਂਕਿ ਅਸੀਂ ਇਸ ਮਾਰੂ ਵਾਇਰਸ ਨੂੰ ਕਾਬੂ ਕਰਨ ਅਤੇ ਉਸ ਤੋਂ ਨਿਜ਼ਾਕਤ ਦਿਵਾਉਣ ਲਈ ਹਰ ਸੰਭਵ ਕੋਸ਼ਿਸ ਕਰ ਰਹੇ ਹਨ।

"ਉਸੇ ਸਮੇਂ, ਅਸੀਂ ਆਪਣੀ ਆਰਥਿਕਤਾ ਦੇ ਜ਼ਿੰਮੇਵਾਰ ਪੁਨਰ ਸ਼ੁਰੂਆਤ ਲਈ ਤਿਆਰੀ ਕਰ ਰਹੇ ਹਾਂ. ਕੋਵੀਡ -19 ਦੇ ਪ੍ਰਤੀ ਸਾਡੀ ਪ੍ਰਤੀਕ੍ਰਿਆ ਦਾ ਇਹ ਅਗਲਾ ਪੜਾਅ ਸਾਨੂੰ ਇਹ ਦੱਸਣ ਲਈ ਤਿਆਰ ਕੀਤਾ ਗਿਆ ਹੈ ਕਿ ਸਾਨੂੰ ਕੀ ਕਰਨ ਦੀ ਜ਼ਰੂਰਤ ਹੈ ਅਤੇ ਕਦੋਂ, ਸਾਨੂੰ ਵਾਪਸ ਫਿਰ ਤੋਂ ਆਰਥਿਕ ਢਾਂਚੇ ਅਤੇ ਦੁਨੀਆਵੀ ਲੋਕਾ ਨੂੰ ਆਮ ਜਿੰਦਗੀ ਜਿਉਣ ਦਾ ਸਿਲਸਿਲਾ ਸ਼ੁਰੂ ਕਰਨਾ ਹੈ। ਸਰਕਾਰ ਅਰਥ ਵਿਵਸਥਾ ਨੂੰ ਮੁੜ ਖੋਲ੍ਹਣ ਲਈ ਇਕ ਪੜਾਅ-ਦਰ-ਪੜਾਅ ਦੀ ਯੋਜਨਾ ਬਣਾ ਰਹੀ ਹੈ ਤਾਂ ਜੋ ਇਹ ਸੁਨਿਸਚਿਤ ਕੀਤਾ ਜਾ ਸਕੇ ਕਿ ਅਸੀਂ ਜੋ ਪਿਛਲੇਂ ਮਹੀਨਿਆਂ ਤੋਂ ਇਸ ਖਤਰਨਾਕ ਮਹਾਂਮਾਰੀ ਦਾ ਸਾਹਮਣਾ ਕਰ ਰਹੇ ਹਾਂ ਕਿਸੇ ਗਲਤ ਕਦਮ ਨਾਲ ਫਿਰ ਤੋਂ ਇਸ ਦਾ ਸ਼ਿਕਾਰ ਬਣ ਜਾਈਏ।

ਉਹਨਾਂ ਅੱਗੇ ਬੋਲਦੇ ਹੋਏ ਕਿਹਾ ਕਿ ਜਨਤਕ ਸਿਹਤ ਅਧਿਕਾਰੀ ਹਰ ਪੜਾਅ ਨੂੰ ਦੋ ਤੋਂ ਚਾਰ ਹਫ਼ਤਿਆਂ ਲਈ ਸਾਵਧਾਨੀ ਨਾਲ ਨਿਗਰਾਨੀ ਕਰਨਗੇ। ਕਿਉਂਕਿ ਉਹ ਕੋਵਿਡ-19 ਦੇ ਫੈਲਣ ਦੇ ਵਿਕਾਸ ਦਾ ਮੁਲਾਂਕਣ ਕਰਨਗੇ। ਜੇਕਰ ਉਹਨਾਂ ਨੂੰ ਲੱਗਿਆਂ ਕਿ ਇਹ ਮਹਾਂਮਾਰੀ ਫਿਰ ਤੋਂ ਆਪਣੇ ਪੈਰ ਪਸਾਰ ਰਹੀ ਹੈ ਤਾਂ ਉਸ ਤੇ ਫਿਰ ਤੋਂ ਤੁਰੰਤ ਰੋਕ ਲਗਾਈ ਜਾ ਸਕੇ।

ਪੜਾਅ 1: ਉਨ੍ਹਾਂ ਕਾਰੋਬਾਰਾਂ ਲਈ ਜਿਨ੍ਹਾਂ ਨੂੰ ਓਪਰੇਸ਼ਨ ਬੰਦ ਕਰਨ ਜਾਂ ਇਸ ਤੇ ਰੋਕ ਲਗਾਉਣ ਦੇ ਆਦੇਸ਼ ਦਿੱਤੇ ਗਏ ਸਨ, ਚੋਣਵੀਆਂ ਕੰਮ ਵਾਲੀਆਂ ਥਾਵਾਂ ਖੋਲ੍ਹਣੀਆਂ ਜੋ ਜਨਤਕ ਸਿਹਤ ਸੇਧ ਨੂੰ ਪੂਰਾ ਕਰਨ ਲਈ ਕਾਰਜਾਂ ਨੂੰ ਤੁਰੰਤ ਸੋਧ ਸਕਦੀਆਂ ਹਨ। ਬਾਹਰੀ ਥਾਂਵਾਂ ਜਿਵੇਂ ਪਾਰਕਾਂ ਖੋਲ੍ਹਣੀਆਂ ਅਤੇ ਵੱਡੀ ਗਿਣਤੀ ਵਿੱਚ ਵਿਅਕਤੀਆਂ ਨੂੰ ਕੁਝ ਸਮਾਗਮਾਂ ਵਿੱਚ ਸ਼ਾਮਲ ਹੋਣ ਦੀ ਆਗਿਆ ਦੇਣਾ. ਹਸਪਤਾਲ ਕੁਝ ਗੈਰ-ਜ਼ਰੂਰੀ ਅਤੇ ਨਿਰਧਾਰਤ ਸਰਜਰੀਆਂ, ਅਤੇ ਹੋਰ ਸਿਹਤ ਦੇਖਭਾਲ ਸੇਵਾਵਾਂ ਵੀ ਪੇਸ਼ ਕਰਨਾ ਦੀ ਆਗਿਆਂ ਹੁਵੇਗੀ।

ਪੜਾਅ 2: ਜੋਖਮ ਮੁਲਾਂਕਣਾਂ ਦੇ ਅਧਾਰ ਤੇ, ਵਧੇਰੇ ਕਾਰਜ ਸਥਾਨਾਂ ਨੂੰ ਖੋਲ੍ਹਣਾ, ਜਿਸ ਵਿੱਚ ਕੁਝ ਸੇਵਾ ਉਦਯੋਗ ਅਤੇ ਵਾਧੂ ਦਫਤਰ ਅਤੇ ਪ੍ਰਚੂਨ ਕਾਰਜ ਸਥਾਨ ਸ਼ਾਮਲ ਹੋ ਸਕਦੇ ਹਨ. ਕੁਝ ਵੱਡੇ ਜਨਤਕ ਇਕੱਠਾਂ ਦੀ ਆਗਿਆ ਦਿੱਤੀ ਜਾਏਗੀ, ਅਤੇ ਹੋਰ ਬਾਹਰੀ ਥਾਂਵਾਂ ਖੁੱਲ੍ਹਣਗੀਆਂ.

ਪੜਾਅ 3: ਜ਼ਿੰਮੇਵਾਰੀ ਨਾਲ ਸਾਰੇ ਕੰਮ ਦੇ ਸਥਾਨਾਂ ਨੂੰ ਖੋਲ੍ਹਣਾ ਅਤੇ ਜਨਤਕ ਇਕੱਠਾਂ ਤੇ ਪਾਬੰਦੀਆਂ ਨੂੰ ਹੋਰ ਹਟਾ ਦਿੱਤਾ ਜਾਵੇਗਾ। .

ਹਰ ਪੜਾਅ ਦੌਰਾਨ, ਸਰੀਰਕ ਦੂਰੀਆਂ, ਹੱਥ ਧੋਣਾਂ ਅਤੇ ਇਕ ਦੂਜੇ ਤੋਂ ਦੂਰੀਆਂ ਦੇ ਨਾਲ ਨਾਲ ਮੂੰਹ ਤੇ ਮਾਸਕ ਦੀ ਵਰਤੋਂ ਦਾ ਨਿਰੰਤਰ ਅਭਿਆਸ ਅਤੇ ਸਿਹਤ ਦੇ ਜੋਖਮਾਂ ਨੂੰ ਸੀਮਤ ਕਰਨ ਦੇ ਨਾਲ ਨਾਲ , ਬਜੁਰਗ ਅਤੇ ਕਮਜੋਰ ਲੋਕਾ ਦੀ ਦੇਖਭਾਲ ਤੇ ਵਿਸੇਸ਼ ਧਿਆਨ ਕੇਂਦਰਤ ਕੀਤਾ ਜਾਵੇਗਾ।

ਉਨਟਾਰੀਓ ਦੀ ਐਕਸ਼ਨ ਪਲਾਨ ਦੇ ਅਗਲੇ ਪੜਾਵਾਂ ਦਾ ਸਮਰਥਨ ਕਰਦਿਆਂ, ਮੰਤਰੀ ਫਿਲਿਪਜ਼ ਦੀ ਪ੍ਰਧਾਨਗੀ ਹੇਠ ਨਵੀਂ ਉਨਟੈਰੀਓ ਜੌਬਜ਼ ਐਂਡ ਰਿਕਵਰੀ ਕਮੇਟੀ, ਸੂਬਾਈ ਆਰਥਿਕਤਾ 'ਤੇ ਕੋਵਿਡ-19 ਦੇ ਪ੍ਰਭਾਵ ਦਾ ਮੁਲਾਂਕਣ ਕਰਨ ਲਈ ਸਾਰੇ ਖੇਤਰਾਂ ਦੇ ਪ੍ਰਮੁੱਖ ਸੈਕਟਰਾਂ ਨਾਲ ਸਲਾਹ ਮਸ਼ਵਰਾ ਕਰੇਗੀ ਅਤੇ ਅੱਗੇ ਵਧਣ ਦੀ ਯੋਜਨਾ ਵਿਕਸਤ ਕਰੇਗੀ।

ਸਰਕਾਰ ਅਤੇ ਸੂਬਾਈ ਸੰਸਦ ਦੇ ਮੈਂਬਰ ਕਾਰੋਬਾਰੀ ਐਸੋਸੀਏਸ਼ਨਾਂ, ਚੈਂਬਰਜ਼ ਆਫ ਕਾਮਰਸ, ਮਨਿਸਟਰ ਮਿਉਂਸੀਪੈਲਟੀ ਲੀਡਰ, ਪੋਸਟ ਸੈਕੰਡਰੀ ਸੈਕਟਰ, ਕਾਰਪੋਰੇਟ ਨੇਤਾ, ਛੋਟੇ ਕਾਰੋਬਾਰ ਦੇ ਮਾਲਕ, ਕਮਿਊਨਟੀ ਅਤੇ ਸਮਾਜ ਸੇਵੀ ਪ੍ਰਦਾਤਾ, ਸਵਦੇਸ਼ੀ ਭਾਈਵਾਲ, ਹੋਰਾਂ ਨਾਲ ਵਿਚਾਰ ਵਟਾਂਦਰੇ ਕਰਨਗੇ।

ਇਸ ਕਮੇਟੀ ਦਾ ਕੰਮ ਉਨਟੈਰੀਓ ਦੀ ਐਕਸ਼ਨ ਪਲਾਨ 'ਤੇ ਅਧਾਰਤ ਹੋਵੇਗਾ: ਕੋਵਿਡ -19 ਨੂੰ ਹੁੰਗਾਰਾ, ਸਰਕਾਰ ਦੇ 17 ਬਿਲੀਅਨ ਡਾਲਰ ਦੇ ਜਵਾਬ ਦਾ ਇਹ ਪਹਿਲਾ ਪੜਾਅ, ਜੋ ਓਨਟਾਰੀਓ ਦੇ ਕਾਰੋਬਾਰਾਂ ਅਤੇ ਪਰਿਵਾਰਾਂ ਲਈ ਟੀਚਾ ਰਾਹਤ ਪਹੁੰਚਾ ਰਿਹਾ ਹੈ ਨੂੰ ਕਿਵੇਂ ਭਰਪਾਈ ਕਰਨੀ ਹੈ।


ਮੰਤਰੀ ਫਿਲਿਪਜ਼ ਨੇ ਇਹ ਵੀ ਕਿਹਾ ਕਿ "ਇਨ੍ਹਾਂ ਚੁਣੌਤੀਆਂ ਦੇ ਬਾਵਜੂਦ, ਕਾਰੋਬਾਰਾਂ ਅਤੇ ਵਿਅਕਤੀਆਂ ਨੇ ਸਾਡੇ ਫਰੰਟਲਾਈਨ ਕਰਮਚਾਰੀਆਂ ਦਾ ਸਮਰਥਨ ਕੀਤਾ ਹੈ ਜ਼ਰੂਰੀ ਉਪਕਰਣਾਂ ਦਾ ਉਤਪਾਦਨ ਕਰਨ ਅਤੇ ਸਾਡੀਆਂ ਸਪਲਾਈ ਚੇਨਾਂ ਨੂੰ ਚਲਦਾ ਰੱਖਣ ਲਈ ਕਦਮ ਚੁੱਕੇ ਹਨ। ਉਨਟਾਰੀਓ ਦੀ ਆਰਥਿਕਤਾ ਨੂੰ ਸਾਵਧਾਨੀ ਨਾਲ ਖੋਲ੍ਹਣ ਦੀ ਸਾਡੀ ਯੋਜਨਾ ਇਹ ਸੁਨਿਸ਼ਚਿਤ ਕਰੇਗੀ ਕਿ ਉਹਨਾਂ ਕਾਰੋਬਾਰਾਂ ਨੂੰ ਨਵੀਨੀਕਰਣ ਦੇ ਰਾਹ ਅਤੇ ਆਰਥਿਕ ਖੁਸ਼ਹਾਲ ਬਣਾਉਣ ਲਈ ਸਾਡੀ ਸਰਕਾਰ ਉਹਨਾਂ ਦਾ ਸਮਥਨ ਕਰੇਗੀ।

# ਵਿਸਾਖਾ ਸਿੰਘ ਸੇਖੋਂ ਦਾ ਸਦੀਵੀ ਵਿਛੋੜਾ

( ਰਜੀਤ ਬੇਦੀ ) ਪਿਛਲੇ ਹਫਤੇ ਬਰੈਂਪਟਨ ਨਿਵਾਸੀ ਵਿਸਾਖਾ ਸਿੰਘ ਸੇਖੋਂ ਕੁੱਝ ਸਮਾਂ ਬਿਮਾਰ ਰਹਿਣ ਬਾਅਦ ਸਦੀਵੀ ਵਿਛੋੜਾ ਦੇ ਗਏ ਹਨ। ਫਿਰੋਜਪੁਰ ਜਿਲ੍ਹੇ ਦੇ ਪਿੰਡ ਸਨ੍ਹੇਰ ਵਾਸੀ ਪਿਛਲੇ 30 ਸਾਲਾਂ ਤੋਂ ਕਨੇਡਾ ਵਿੱਚ ਰਹਿ ਰਹੇ ਸਨ। ਅਧਿਆਪਨ ਕਿੱਤੇ ਨਾਲ ਸਬੰਧਤ ਵਿਸਾਖਾ ਸਿੰਘ ਆਪਣੇ ਪਿੱਛੇ ਪਤਨੀ ਲੜਕਾ , ਲੜਕੀਆਂ, ਪੋਤਰੇ, ਦੋਹਤੇ ਦੋਹਤਰੀਆਂ ਦਾ ਭਰਪੂਰ ਅਤੇ ਖੁਸ਼ਹਾਲ ਪਰਿਵਾਰ ਛੱਡ ਗਏ ਹਨ।

ਬਹੁਤ ਹੀ ਨੇਕ ਦਿਲ, ਸੁਹਿਰਦ ਤੇ ਸਵਾਰਥ ਰਹਿਤ ਇਨਸਾਨ ਵਿਸਾਖਾ ਸਿੰਘ ਨੇ ਸਾਰਾ ਜੀਵਨ ਵਧੀਆ ਢੰਗ ਨਾਲ ਗੁਜਾਰਿਆ। ਉਹ ਆਪਣੇ ਸਾਥੀਆਂ ਅਤੇ ਰਿਸਤੇਦਾਰਾਂ ਪ੍ਰਤੀ ਬਹੁਤ ਹੀ ਸੁਹਿਰਦ ਸਨ ਅਤੇ ਨਿਰਸਵਾਰਥ ਹਰ ਇੱਕ ਦੇ ਕੰਮ ਆਉਣ ਤੇ ਸਹਾਇਤਾ ਲਈ ਹਮੇਸ਼ਾਂ ਤਤਪਰ ਰਹਿੰਦੇ ਸਨ। ਆਪਣੀ ਜਨਮ ਭੂਮੀ ਨਾਲ ਵਿਸ਼ੇਸ਼ ਲਗਾਵ ਹੋਣ ਕਾਰਨ ਉਹ ਹਰ ਸਾਲ ਆਪਣੇ ਪਿੰਡ ਜਰੂਰ ਜਾਂਦੇ ਸਨ। ਪਿੰਡ ਦੇ ਸਾਂਝੇ ਕੰਮਾਂ ਵਿੱਚ ਯੋਗਦਾਨ ਪਾਉਣ ਵਿੱਚ ਰੁਚੀ ਰਖਦੇ ਸਨ। ਜਿਲਾ ਫਿਰੋਜਪੁਰ ਦੀ ਪਿਕਨਿਕ ਕਮੇਟੀ ਦੇ ਸਰਗਰਮ ਮੈਂਬਰ ਸਨ। ਇਸ ਤੋਂ ਬਿਨਾਂ ਰੈਂਡ ਵਿੱਲੋ ਕਲੱਬ ਦੇ ਮੁਢਲੇ ਮੈਂਬਰਾਂ ਵਿੱਚੋਂ ਇੱਕ ਸਨ।

ਉਹਨਾਂ ਦੇ ਵਿਛੋੜੇ ਤੇ ਉਹਨਾਂ ਦੇ ਸਮੂਹ ਰਿਸ਼ਤੇਦਾਰਾਂ, ਸਨੇਹੀਆਂ ਨੇ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ ਹੈ। ਉਹਨਾਂ ਦੇ ਵਿਛੋੜੇ ਤੇ ਸੀਨੀਅਰਜ਼ ਐਸੋਸੀਏਸ਼ਨ ਦੇ ਸਾਬਕਾ ਪਰਧਾਨ ਪਰਮਜੀਤ ਬੜਿੰਗ, ਰੈਂਡ ਵਿੱਲੋ ਕਲੱਬ ਦੇ ਪਰਧਾਨ ਗੁਰਨਾਮ ਸਿੰਘ ਗਿੱਲ, ਅਮਰਜੀਤ ਸਿੰਘ, ਜੋਗਿੰਦਰ ਸਿੰਘ ਪੱਡਾ, ਅਮਰਜੀਤ ਸਿੰਘ, ਸ਼ਿਵਦੇਵ ਸਿੰਘ ਰਾਏ, ਮਾਸਟਰ ਕੁਲਵੰਤ ਸਿੰਘ , ਪ੍ਰੋ; ਬਲਵੰਤ ਸਿੰਘ, ਸੁਖਦੇਵ ਸਿੰਘ ਲਾਲ,ਹਰਜੀਤ ਬੇਦੀ ਅਤੇ ਹੋਰ ਬਹੁਤ ਸਾਰੇ ਦੋਸਤਾਂ ਨੇ ਦੁੱਖ ਦਾ ਪਰਗਟਾਵਾ ਕੀਤਾ ਹੈ। ਸ਼ੀਨੀਅਰਜ਼ ਐਸੋਸੀਏਸ਼ਨ ਦੇ ਪਰਧਾਨ ਜੰਗੀਰ ਸਿੰਘ ਸੈਂਭੀ ਅਤੇ ਬਲਵਿੰਦਰ ਬਰਾੜ,ਅਮਰੀਕਾ ਰਹਿ ਰਹੇ ਨਿਰਮਲ ਸਿੰਘ ਗਿੱਲ, ਨਾਇਬ ਸਿੰਘ ਬਰਾੜ, ਸਾਹਿਤਕਾਰ ਹਰਚੰਦ ਬਾਸੀ,ਅਮਰਜੀਤ ਸਨ੍ਹੇਰਵੀ, ਜੀਰਾ ਦੇ ਮਾਸਟਰ ਹਰਚਰਨਜੀਤ ਸਿੰਘ, ਡਾ: ਜਗਤਾਰ ਸਿੰਘ ਤਲਵੰਡੀ ਭਾਈ ਤੋਂ ਬਿਨਾਂ ਬਹੁਤ ਸਾਰੇ ਮਿੱਤਰਾਂ ਅਤੇ ਰਿਸ਼ਤੇਦਾਰਾਂ ਨੇ ਉਹਨਾਂ ਦੇ ਸਦੀਵੀ ਵਿਛੋੜੇ ਤੇ ਪਰਿਵਾਰ ਨਾਲ ਹਮਦਰਦੀ ਅਤੇ ਦੁੱਖ ਜਾਹਰ ਕੀਤਾ ਹੈ।



ਫੈਲਣ ਤੋਂ ਰੋਕੋ।
ਕੋਵਿਡ-19
ਜਾਨਲੇਵਾ ਹੋ ਸਕਦੀ ਹੈ।
ਘਰ ਵਿੱਚ ਰਹੋ।
ਜੀਵਨ ਬਚਾਓ।



ontario.ca/coronavirus'ਤੇ ਜਾਓ
ਓਂਟਾਰੀਓ ਸਰਕਾਰ ਦੁਆਰਾ ਜਾਰੀ
Ontario

